Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐਸ. ਏ.
Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 880, 13 to 19 Nov. , 2025, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਤੋਂ ਭਾਈ ਅਮਰਜੀਤ ਸਿੰਘ ਸਮੇਤ 70 ਦੇ ਕਰੀਬ ਪੰਜਾਬੀਆਂ ਨੂੰ ਗਿਆ ਕੀਤਾ ਡਿਪੋਰਟ

**ਮੁਡੈਸਟੋ, (ਪੰਜਾਬ ਮੇਲ)**- ਉੱਘੇ ਰਾਗੀ ਭਾਈ ਅਮਰਜੀਤ ਸਿੰਘ ਨੂੰ ਅਮਰੀਕਾ ਤੋਂ ਭਾਰਤ ਡਿਪੋਰਟ ਕਰ ਦਿੱਤਾ ਗਿਆ ਹੈ। ਉਹ ਪਿਛਲੇ 32 ਸਾਲ ਤੋਂ ਅਮਰੀਕਾ ਰਹਿ ਰਹੇ ਸਨ ਅਤੇ ਕੁੱਝ ਤਕਨੀਕੀ ਕਾਰਨਾਂ ਕਰਕੇ ਉਨ੍ਹਾਂ ਨੂੰ ਇਥੋਂ ਡਿਪੋਰਟ ਕਰ ਦਿੱਤਾ ਗਿਆ ਹੈ। ਪਹਿਲਾਂ ਉਨ੍ਹਾਂ ਨੂੰ ICE ਵੱਲੋਂ ਡਿਟੇਨ ਕਰਕੇ ਬੇਕਰਜ਼ਫੀਲਡ ਜੇਲ੍ਹ ਵਿਚ ਕੁੱਝ ਦਿਨ ਰੱਖਿਆ ਗਿਆ। ਉਪਰੰਤ ਉਨ੍ਹਾਂ ਨੂੰ ਟੈਕਸਾਸ ਸਟੇਟ ਦੀ ਅਲ ਪਾਸੋ ਜੇਲ੍ਹ ਲਿਜਾਇਆ ਗਿਆ, ਜਿੱਥੋਂ ਉਨ੍ਹਾਂ ਨੂੰ ਇਕ ਅਮਰੀਕੀ ਜਹਾਜ਼ ਰਾਹੀਂ ਭਾਰਤ ਡਿਪੋਰਟ ਕਰ ਦਿੱਤਾ ਗਿਆ। ਉਨ੍ਹਾਂ ਨਾਲ ਕੁੱਝ ਹੋਰ ਲੋਕ ਵੀ ਡਿਪੋਰਟ ਕੀਤੇ ਗਏ, ਜਿਨ੍ਹਾਂ ਵਿਚੋਂ 70 ਦੇ ਕਰੀਬ ਪੰਜਾਬੀ ਸਨ। ਇਹ ਜਹਾਜ਼ ਰਸਤੇ ਵਿਚ ਕੁੱਝ ਹੋਰ ਮੁਲਕਾਂ ਵਿਚ ਵੀ ਰੁਕਦਾ-ਰੁਕਾਉਂਦਾ ਗਿਆ, ਜਿੱਥੇ ਉਨ੍ਹਾਂ ਦੇਸ਼ਾਂ ਨਾਲ ਕੁੱਝ ਹੋਰ ਡਿਪੋਰਟ ਕੀਤੇ ਲੋਕਾਂ ਨੂੰ ਉਤਾਰਿਆ ਗਿਆ। ਇਨ੍ਹਾਂ ਦੇਸ਼ਾਂ ਵਿਚ ਟਰਕਿਸ਼ ਅਤੇ ਚੀਨ ਵੀ ਸ਼ਾਮਲ ਸਨ ਅਤੇ ਅਖੀਰ ਵਿਚ 70 ਦੇ ਕਰੀਬ ਡਿਪੋਰਟ ਕੀਤੇ ਲੋਕਾਂ ਨੂੰ ਦਿੱਲੀ ਏਅਰਪੋਰਟ 'ਤੇ ਉਤਾਰਿਆ ਗਿਆ, ਜਿੱਥੇ ਉਨ੍ਹਾਂ ਨੂੰ ਭਾਰਤੀ ਇਮੀਗ੍ਰੇਸ਼ਨ



ਵੱਲੋਂ ਲੰਮਾ ਸਮਾਂ ਪੁੱਛਗਿੱਛ ਕਰਨ ਤੋਂ ਉਪਰੰਤ ਜਾਣ ਦਿੱਤਾ ਗਿਆ। ਇਹ ਯਾਤਰੀ ਉਥੋਂ ਇਮੀਗ੍ਰੇਸ਼ਨ ਕਲੀਅਰ ਕਰਾਉਣ ਤੋਂ ਬਾਅਦ ਆਪੋ-ਆਪਣੇ ਘਰਾਂ ਨੂੰ ਚਲੇ ਗਏ।

ਇਸੇ ਤਰ੍ਹਾਂ ਬਹੁਤ ਸਾਰੇ ਹੋਰ ਲੋਕਾਂ ਨੂੰ ਵੀ ਡਿਪੋਰਟ ਕਰਕੇ ਅਮਰੀਕੀ ਜਹਾਜ਼ਾਂ ਰਾਹੀਂ ਭਾਰਤ ਵਾਪਸ ਭੇਜਿਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਭਾਈ ਅਮਰਜੀਤ ਸਿੰਘ ਪਿਛਲੇ 32 ਸਾਲਾਂ ਤੋਂ ਅਮਰੀਕਾ ਰਹਿ ਰਹੇ ਸਨ। ਉਨ੍ਹਾਂ ਆਪਣੇ ਵੱਡੇ ਭਰਾ ਭਾਈ ਮਨਜੀਤ ਸਿੰਘ ਨਾਲ ਰਲ ਕੇ ਅਮਰੀਕਾ 'ਚ ਲੰਮਾ ਸਮਾਂ ਸਿੱਖੀ ਦਾ ਪ੍ਰਚਾਰ ਕੀਤਾ। ਇਮੀਗ੍ਰੇਸ਼ਨ 'ਚ ਕੁੱਝ ਤਕਨੀਕੀ ਗਲਤੀਆਂ ਹੋਣ ਕਾਰਨ 60 ਸਾਲਾ ਭਾਈ ਅਮਰਜੀਤ ਸਿੰਘ ਨੂੰ ਇਹ ਦਿਨ ਦੇਖਣਾ ਪਿਆ ਤੇ ਉਨ੍ਹਾਂ ਨੂੰ ਆਪਣਾ ਸਮੁੱਚਾ ਪਰਿਵਾਰ ਅਮਰੀਕਾ ਛੱਡ ਕੇ ਖੁਦ ਵਾਪਸ ਪੰਜਾਬ ਪਰਤਣਾ ਪਿਆ।

ਇਥੇ ਇਹ ਕਹਿਣਾ ਬਣਦਾ ਹੈ ਕਿ ਇਸ ਪਰਿਵਾਰ ਦੀ ਅਮਰੀਕਾ 'ਚ ਕਾਫੀ ਇੱਜ਼ਤ ਹੈ ਅਤੇ ਇਨ੍ਹਾਂ ਵੱਲੋਂ ਕੋਈ ਵੀ ਗੈਰ ਕਾਨੂੰਨੀ ਜੁਰਮ ਨਹੀਂ ਕੀਤਾ ਗਿਆ ਸੀ। ਇਨ੍ਹਾਂ ਨੇ ਆਪਣੇ ਵੱਡੇ ਭਰਾਤਾ ਭਾਈ ਮਨਜੀਤ ਸਿੰਘ ਨਾਲ ਬਹੁਤ ਸਾਰੀਆਂ ਧਾਰਮਿਕ ਅਤੇ ਗੁਰਬਾਣੀ ਦੀਆਂ ਕੈਸਟਾਂ ਰਿਕਾਰਡ ਕਰਵਾਈਆਂ ਹੋਈਆਂ ਹਨ, ਜਿਸ ਨਾਲ ਸਿੱਖੀ ਦਾ ਕਾਫੀ ਪ੍ਰਚਾਰ ਹੋਇਆ ਹੈ। ਕੁੱਝ ਜਥੇਬੰਦੀਆਂ ਨੇ ਇਨ੍ਹਾਂ ਨੂੰ ਡਿਪੋਰਟ ਹੋਣ ਤੋਂ ਬਚਾਉਣ ਦੀ ਵੀ ਕੋਸ਼ਿਸ਼ ਕੀਤੀ ਪਰ ਉਹ ਅਸਫਲ ਰਹੇ। ਉਨ੍ਹਾਂ ਦੇ ਵੱਡੇ ਭਰਾ ਭਾਈ ਮਨਜੀਤ ਸਿੰਘ ਨੇ ਪੰਜਾਬ ਮੇਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਲੰਮੇ ਸਮੇਂ ਤੋਂ ਇਕੱਠੇ ਪੰਥ ਦੀ ਸੇਵਾ ਕਰ ਰਹੇ ਸੀ। ਉਨ੍ਹਾਂ ਦੱਸਿਆ ਕਿ ਹੁਣ ਭਾਈ ਅਮਰਜੀਤ ਸਿੰਘ ਦੇ ਬੇਟੇ ਮੇਰੇ ਨਾਲ ਕੀਰਤਨ 'ਚ ਸੰਗਤ ਕਰਦੇ ਹਨ।

## ਅਮਰੀਕਾ ਵਿਚ ਜਲਦ ਖਤਮ ਹੋ ਸਕਦਾ ਹੈ ਸਰਕਾਰੀ ਸ਼ਟਡਾਊਨ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਇਤਿਹਾਸ ਦੇ ਸਭ ਤੋਂ ਲੰਮੇ ਸਰਕਾਰੀ ਸ਼ਟਡਾਊਨ ਨੂੰ ਖਤਮ ਕਰਨ ਵਾਲੇ ਫੰਡਿੰਗ ਬਿੱਲ ਨੂੰ ਬੁੱਧਵਾਰ ਨੂੰ ਅੰਤਿਮ ਵੋਟ ਲਈ ਸਦਨ ਵਿਚ ਭੇਜਿਆ ਜਾ ਰਿਹਾ ਹੈ, ਜਦੋਂਕਿ ਸੈਨੇਟ ਨੇ ਸੋਮਵਾਰ ਨੂੰ 60-40 ਵੋਟਾਂ ਨਾਲ ਇਸ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਕਾਂਗਰਸ ਵੀ ਇਸ ਬਿੱਲ ਨੂੰ ਕੁੱਝ ਸ਼ਰਤਾਂ ਸਮੇਤ ਪਾਸ ਕਰੇਗੀ। ਉਪਰੰਤ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਸ ਬਿੱਲ 'ਤੇ ਹਸਤਾਖਰ ਕਰ ਦਿੱਤੇ ਜਾਣਗੇ।

ਸਪੀਕਰ ਮਾਈਕ ਜੌਹਨਸਨ ਨੇ ਕਾਂਗਰਸ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਦੇਸ਼ ਭਰ ਦੇ ਹਵਾਈ ਅੱਡਿਆਂ 'ਤੇ ਯਾਤਰਾ ਵਿਚ ਦੇਰੀ ਹੋ ਰਹੀ ਹੈ। ਇਸ ਲਈ ਉਹ ਸਮੇਂ ਤੋਂ ਪਹਿਲਾਂ ਵਾਸ਼ਿੰਗਟਨ ਡੀ.ਸੀ. ਵਾਪਸ ਪਹੁੰਚ ਜਾਣ, ਤਾਂਕਿ ਬੁੱਧਵਾਰ ਨੂੰ ਇਸ 'ਤੇ ਵੋਟਿੰਗ ਕਰਵਾਈ ਜਾ ਸਕੇ।

ਸਿਹਤ ਸੇਵਾਵਾਂ 'ਚ ਸਬਸਿਡੀ ਬੰਦ ਕਰਵਾਉਣ ਦੇ ਡੈਮੋਕ੍ਰੇਟ ਦੇ




ਵਿਰੋਧ ਵਜੋਂ ਰਾਸ਼ਟਰਪਤੀ ਟਰੰਪ ਵੱਲੋਂ ਇਹ ਸ਼ਟਡਾਊਨ ਕੀਤਾ ਗਿਆ ਸੀ। ਇਹ ਸਬਸਿਡੀ ਬੰਦ ਹੋਣ ਨਾਲ ਲੱਖਾਂ ਲੋਕਾਂ ਨੂੰ ਸਿਹਤ ਸੇਵਾਵਾਂ ਵਿਚ ਨੁਕਸਾਨ ਹੋਣਾ ਸੀ, ਜਿਸ ਨੂੰ ਜਾਰੀ ਰੱਖਣ ਲਈ ਡੈਮੋਕ੍ਰੇਟ ਪਾਰਟੀ ਜੱਦੋ-ਜਹਿਦ ਕਰ ਰਹੀ ਸੀ। ਇਥੇ ਇਹ ਕਹਿਣਾ ਬਣਦਾ ਹੈ ਕਿ ਇਸ ਸ਼ਟਡਾਊਨ ਦੌਰਾਨ ਲੱਖਾਂ ਲੋਕਾਂ ਨੂੰ ਫੂਡ ਸਟੈਂਪ ਨਹੀਂ ਮਿਲੀਆਂ, ਜਿਸ ਕਰਕੇ ਉਨ੍ਹਾਂ ਨੂੰ ਭੁੱਖੇ ਰਹਿ ਕੇ ਗੁਜ਼ਾਰਾ ਕਰਨਾ ਪਿਆ। ਇਸ ਦੇ ਨਾਲ ਫੈਡਰਲ ਕਰਮਚਾਰੀਆਂ ਨੂੰ ਤਨਖਾਹਾਂ ਨਹੀਂ ਦਿੱਤੀਆਂ ਗਈਆਂ, ਜਿਸ ਕਰਕੇ ਦੇਸ਼ ਵਿਚ ਬੇਰੁਜ਼ਗਾਰੀ ਵੱਧ ਗਈ ਹੈ। ਇਸ ਦੇ ਨਾਲ-ਨਾਲ ਹਵਾਈ ਆਵਾਜਾਈ ਵਿਚ ਭਾਰੀ ਵਿਘਨ ਪਿਆ ਹੈ।

ਸੈਨੇਟ ਵਿਚ ਇਹ ਬਿੱਲ ਚੈਂਬਰ ਦੇ ਸਾਰੇ ਰਿਪਬਲਿਕਨ ਮੈਂਬਰਾਂ ਅਤੇ ਡੈਮੋਕ੍ਰੇਟ ਪਾਰਟੀ ਨਾਲ ਸੰਬੰਧ 8 ਮੈਂਬਰਾਂ ਦੇ ਸਮਰਥਨ ਨਾਲ ਪਾਸ ਹੋਇਆ। ਹਾਲੇ ਵੀ 40 ਮਿਲੀਅਨ ਅਮਰੀਕੀਆਂ ਨੂੰ ਸਿਹਤ ਸੇਵਾਵਾਂ ਲਈ ਸਬਸਿਡੀ ਮਿਲਦੀ ਹੈ ਜਾਂ ਨਹੀਂ, ਇਸ ਦੀ ਕੋਈ ਗਾਰੰਟੀ ਨਹੀਂ।

## ਡੋਨਾਲਡ ਟਰੰਪ ਵੱਲੋਂ ਪੰਜਾਬੀ ਡਰਾਈਵਰਾਂ ਲਈ ਸਖਤ ਸੰਦੇਸ਼ ਜਾਰੀ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਟਰੂਥ ਸੋਸ਼ਲ 'ਤੇ ਇਕ ਪੋਸਟ ਸ਼ੇਅਰ ਕਰ ਪੰਜਾਬੀ ਡਰਾਈਵਰਾਂ ਨੂੰ ਸਖਤ ਸੰਦੇਸ਼ ਦਿੱਤਾ ਹੈ। ਉਨ੍ਹਾਂ ਨੇ ਇਕ ਤਸਵੀਰ ਸਾਂਝੀ ਕੀਤੀ, ਜਿਸ ਵਿਚ 7200 ਤੋਂ ਵੱਧ ਪੰਜਾਬੀ ਟਰੱਕ ਡਰਾਈਵਰ ਅੰਗਰੇਜ਼ੀ ਟੈਸਟ ਵਿਚ ਫੇਲ੍ਹ ਹੋ ਗਏ ਅਤੇ "ਆਊਟ ਆਫ ਸਰਵਿਸ" ਕਰ ਦਿੱਤਾ ਗਿਆ।

ਦੱਸ ਦਈਏ ਕਿ ਅਮਰੀਕਾ ਦੇ ਡਿਪਾਰਟਮੈਂਟ ਆਫ਼ ਟ੍ਰਾਂਸਪੋਰਟੇਸ਼ਨ (ਡੀ.ਓ.ਟੀ.) ਵੱਲੋਂ ਵਪਾਰਕ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਦੀ ਲਾਜ਼ਮੀ ਸ਼ਰਤ ਵਾਲੇ ਫੈਡਰਲ ਨਿਯਮ 49 ਸੀ.ਐੱਫ.ਆਰ. 391.11(ਬੀ)(2) ਦੀ ਸਖ਼ਤੀ ਨਾਲ ਲਾਗੂ ਕਰਨ ਤੋਂ

■ **ਅੰਗਰੇਜ਼ੀ ਟੈਸਟ 'ਚ ਫੇਲ੍ਹ ਹੋਏ 7200 ਤੋਂ ਵੱਧ ਪੰਜਾਬੀ ਟਰੱਕ ਡਰਾਈਵਰ "ਆਊਟ ਆਫ ਸਰਵਿਸ"**



ਬਾਅਦ ਹਜ਼ਾਰਾਂ ਡਰਾਈਵਰਾਂ ਦੀ ਨੌਕਰੀ 'ਤੇ ਖਤਰਾ ਮੰਡਰਾ ਰਿਹਾ ਹੈ।

ਅਧਿਕਾਰਕ ਅੰਕੜਿਆਂ ਅਨੁਸਾਰ, ਅਕਤੂਬਰ 2025 ਤੱਕ 7,200 ਤੋਂ ਵੱਧ ਵਪਾਰਕ ਟਰੱਕ ਡਰਾਈਵਰਾਂ ਨੂੰ "ਆਊਟ ਆਫ ਸਰਵਿਸ" ਕਰ ਦਿੱਤਾ ਗਿਆ ਹੈ, ਕਿਉਂਕਿ ਉਹ ਰੋਡਸਾਈਡ ਇੰਗਲਿਸ਼ ਲੈਂਗਵੇਜ ਪ੍ਰੋਫਿਸੈਂਸੀ (ਈ.ਐੱਲ.ਪੀ.) ਟੈਸਟ ਪਾਸ ਕਰਨ 'ਚ ਅਸਫਲ ਰਹੇ। ਇਹ ਕਾਰਵਾਈ ਉਸ ਸਮੇਂ ਸ਼ੁਰੂ ਹੋਈ, ਜਦੋਂ ਭਾਰਤੀ ਮੂਲ ਦੇ ਡਰਾਈਵਰਾਂ ਨਾਲ ਜੁੜੀਆਂ ਕਈ ਮਾਰੂਕ ਹਾਦਸਿਆਂ ਨੇ ਅਮਰੀਕੀ ਹਾਈਵੇ ਸੁਰੱਖਿਆ 'ਤੇ ਸਵਾਲ ਖੜ੍ਹੇ ਕੀਤੇ।

ਡੀ.ਓ.ਟੀ. ਵੱਲੋਂ ਕਿਹਾ ਗਿਆ ਹੈ ਕਿ ਇਹ ਨੀਤੀ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਹੈ, ਪਰ ਇਮੀਗ੍ਰੈਂਟ ਡਰਾਈਵਰਾਂ ਦੇ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਇਸ ਨੂੰ ਭੇਦਭਾਵਪੂਰਨ ਕਰਾਰ ਦਿੱਤਾ ਹੈ। ਉਨ੍ਹਾਂ ਦਾ ਮਤ ਹੈ ਕਿ ਇਸ ਸਖ਼ਤ ਨੀਤੀ ਨਾਲ ਭਾਰਤੀ ਮੂਲ ਅਤੇ ਲਾਤੀਨੀ ਡਰਾਈਵਰਾਂ 'ਤੇ ਅਸੰਗਤ ਪ੍ਰਭਾਵ ਪੈਂਦਾ ਹੈ, ਜਿਸ ਨਾਲ ਸਪਲਾਈ ਚੇਨ ਵਿਚ ਵੀ ਵਿਘਨ ਪੈ ਸਕਦਾ ਹੈ।

## ਐੱਚ-1ਬੀ ਵੀਜ਼ਾ ਸੁਧਾਰਾਂ ਬਾਰੇ ਡੋਨਲਡ ਟਰੰਪ ਪ੍ਰਸ਼ਾਸਨ ਦੇ ਰੁਖ 'ਚ ਨਰਮਾਈ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐੱਚ-1ਬੀ ਵੀਜ਼ਾ ਸੁਧਾਰਾਂ ਬਾਰੇ ਪ੍ਰਸ਼ਾਸਨ ਦੇ ਹਮਲਾਵਰ ਰਵੱਈਏ ਨੂੰ ਲੈ ਕੇ ਆਪਣੇ ਰੁਖ਼ ਵਿਚ ਕੁਝ ਨਰਮਾਈ ਲਿਆਉਂਦਿਆਂ ਕਿਹਾ ਕਿ ਉਹ ਅਮਰੀਕਾ ਵਿਚ ਅਹਿਮ ਭੂਮਿਕਾਵਾਂ ਲਈ ਵਿਸ਼ੇਸ਼ ਵਿਦੇਸ਼ੀ ਪ੍ਰਤਿਭਾ ਦੀ ਦਰਾਮਦ ਦੀ ਲੋੜ ਨੂੰ ਬਾਖ਼ੂਬੀ ਸਮਝਦੇ ਤੇ ਸਵੀਕਾਰ ਕਰਦੇ ਹਨ। ਟਰੰਪ ਨੇ ਮੰਨਿਆ ਕਿ ਅਮਰੀਕਾ ਨੂੰ ਵਿਸ਼ੇਸ਼ ਵਿਦੇਸ਼ੀ ਮੁਹਾਰਤ ਦੀ ਲੋੜ ਹੈ।

ਟਰੰਪ ਨੇ ਲੌਰਾ ਇੰਗ੍ਰਾਹਮ ਨਾਲ ਇੱਕ ਇੰਟਰਵਿਊ ਦੌਰਾਨ ਹੁਨਰਮੰਦ ਪ੍ਰਵਾਸੀ ਕਾਮਿਆਂ ਦਾ ਬਚਾਅ ਕਰਦੇ ਹੋਏ ਦਲੀਲ ਦਿੱਤੀ ਕਿ ਅਮਰੀਕਾ ਲੰਬੇ ਸਮੇਂ ਦੇ ਬੇਰੁਜ਼ਗਾਰ ਅਮਰੀਕੀਆਂ ਨੂੰ ਵਿਆਪਕ ਸਿਖਲਾਈ ਤੋਂ ਬਿਨਾਂ ਨਿਰਮਾਣ ਅਤੇ ਰੱਖਿਆ ਵਿਚ ਗੁੰਝਲਦਾਰ ਭੂਮਿਕਾਵਾਂ ਲਈ ਦੁਬਾਰਾ ਨਹੀਂ ਵਰਤ

■ **ਕਿਹਾ : ਅਮਰੀਕਾ ਨੂੰ ਵਿਸ਼ੇਸ਼ ਵਿਦੇਸ਼ੀ ਮੁਹਾਰਤ ਦੀ ਲੋੜ**




ਸਕਦਾ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਉਹ ਅਮਰੀਕੀ ਕਾਮਿਆਂ ਲਈ ਉਜਰਤਾਂ ਵਧਾਉਣ ਦਾ ਸਮਰਥਨ ਕਰਦੇ ਹਨ, ਪਰ ਅਮਰੀਕਾ ਨੂੰ ਅਜੇ ਵੀ ਆਪਣੀ ਉਦਯੋਗਿਕ ਅਤੇ ਤਕਨੀਕੀ ਬੜਤ ਬਣਾਈ ਰੱਖਣ ਲਈ 'ਇਸ (ਹੁਨਰਮੰਦ ਵਿਦੇਸ਼ੀ ਕਾਮਿਆਂ) ਪ੍ਰਤਿਭਾ ਨੂੰ ਲਿਆਉਣ' ਦੀ ਲੋੜ ਹੈ। ਐੱਚ-1ਬੀ ਵੀਜ਼ਾ ਸੁਧਾਰਾਂ ਬਾਰੇ ਟਰੰਪ ਪ੍ਰਸ਼ਾਸਨ ਦੀਆਂ ਤਰਜੀਹਾਂ ਬਾਰੇ ਸਵਾਲ ਦੇ ਜਵਾਬ ਵਿਚ ਰਾਸ਼ਟਰਪਤੀ ਨੇ ਕਿਹਾ, "ਮੈਂ ਸਹਿਮਤ ਹਾਂ, ਪਰ ਤੁਹਾਨੂੰ ਇਹ ਪ੍ਰਤਿਭਾ ਵੀ ਲਿਆਉਣੀ ਪਵੇਗੀ।"

**ਤਰਨਤਾਰਨ ਜ਼ਿਮਨੀ ਚੋਣ**

## 15 ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ 14 ਨੂੰ

**60.95 ਫੀਸਦੀ ਕੁੱਲ ਵੋਟਿੰਗ ਹੋਈ**

**ਤਰਨਤਾਰਨ, (ਪੰਜਾਬ ਮੇਲ)**- ਤਰਨ ਤਾਰਨ 'ਚ ਕਰਵਾਈ ਗਈ ਜ਼ਿਮਨੀ ਚੋਣ ਲਈ ਕੁੱਲ 60.95 ਫੀਸਦੀ ਵੋਟਿੰਗ ਹੋਈ ਅਤੇ ਉਮੀਦਵਾਰਾਂ ਦੀ ਕਿਸਮਤ ਈ.ਵੀ.ਐੱਮ. ਮਸ਼ੀਨ 'ਚ ਕੈਦ ਹੋ ਗਈ। ਹੁਣ ਤਰਨਤਾਰਨ ਸੀਟ ਉੱਤੇ ਕੌਣ ਆਪਣਾ ਝੰਡਾ ਬੁਲੰਦ ਕਰਦਾ ਹੈ, ਇਹ 14 ਨਵੰਬਰ ਨੂੰ ਪਤਾ ਲੱਗੇਗਾ।

ਜ਼ਿਮਨੀ ਚੋਣ 'ਚ ਕੁੱਲ 15 ਉਮੀਦਵਾਰ ਮੈਦਾਨ 'ਚ ਸਨ, ਜਿਨ੍ਹਾਂ 'ਚੋਂ ਚਾਰ ਰਿਵਾਇਤੀ ਪਾਰਟੀਆਂ ਦੇ, ਦੋ ਰਜਿਸਟਰਡ ਪਾਰਟੀਆਂ ਦੇ ਅਤੇ 9



ਆਜ਼ਾਦ ਉਮੀਦਵਾਰ ਸਨ।

ਤਰਨਤਾਰਨ ਸੀਟ 'ਤੇ ਮੁੱਖ ਮੁਕਾਬਲਾ ਆਮ ਆਦਮੀ ਪਾਰਟੀ ਤੋਂ ਹਰਮੀਤ ਸਿੰਘ ਸੰਧੂ ਤੇ ਕਾਂਗਰਸ ਦੇ ਕਰਨਬੀਰ ਸਿੰਘ ਬੁਰਜ, ਸ਼੍ਰੋਮਣੀ ਅਕਾਲੀ ਦਲ ਦੀ ਸੁਖਵਿੰਦਰ ਕੌਰ, ਭਾਜਪਾ ਤੋਂ ਹਰਜੀਤ ਸਿੰਘ ਸੰਧੂ ਵਿਚ ਹੈ। ਇਸ ਤੋਂ ਇਲਾਵਾ ਵਾਰਿਸ ਪੰਜਾਬ ਦੇ (ਆਜ਼ਾਰ ਉਮੀਦਵਾਰ) ਉਮੀਦਵਾਰ ਮਨਦੀਪ ਸਿੰਘ ਵੀ ਚੋਣਾਂ ਵਿਚ ਵੱਡਾ ਉਲਟਫੇਰ ਕਰ ਸਕਦੇ ਹਨ। ਜ਼ਿਕਰਯੋਗ ਹੈ ਕਿ ਤਰਨਤਾਰਨ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਦੇ ਦੇਹਾਂਤ ਤੋਂ ਬਾਅਦ ਉਥੋਂ ਦੀ ਵਿਧਾਨ ਸਭਾ ਸੀਟ ਖ਼ਾਲੀ ਹੋ ਗਈ ਹੈ, ਜਿਸ ਤੋਂ ਬਾਅਦ ਤਰਨਤਾਰਨ ਜ਼ਿਮਨੀ ਚੋਣ ਹੋਈ ਹੈ।

## ਟਰੰਪ ਵੱਲੋਂ ਵਿਵੇਕ ਰਾਮਾਸਵਾਮੀ ਨੂੰ ਓਹਾਇਓ ਦਾ ਗਵਰਨਰ ਬਣਾਉਣ ਦੀ ਪੁਸ਼ਟੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਨੂੰ ਓਹਾਇਓ ਦਾ ਗਵਰਨਰ ਬਣਾਏ ਜਾਣ ਦੀ ਪੁਸ਼ਟੀ ਕੀਤੀ ਹੈ ਪਰੰਤੂ ਇਸ ਨਾਲ ਟਰੰਪ ਦੇ ਚੋਣ ਮੁਹਿੰਮਕਾਰਾਂ 'ਮੇਕ ਅਮੈਰਿਕਾ ਗਰੇਟ ਅਗੇਨ' ਵਿਚ ਗੰਭੀਰ ਮੱਤਭੇਦ ਪੈਦਾ ਹੋ ਗਏ ਹਨ। ਕਈਆਂ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਕਿ ਉਹ ਸਵਾਮੀ ਨੂੰ ਕਦੀ ਵੀ ਗਵਰਨਰ ਦੇ ਰੂਪ ਵਿਚ ਸਵਿਕਾਰ ਨਹੀਂ ਕਰਨਗੇ ਕਿਉਂਕਿ ਉਹ ਉਨ੍ਹਾਂ ਵਿਚੋਂ ਨਹੀਂ ਹੈ। ਟਰੰਪ ਨੇ ਐਲਾਨ ਕੀਤਾ ਹੈ ਕਿ 'ਉਹ ਮੁਕੰਮਲ ਰੂਪ ਵਿਚ ਰਾਮਾਸਵਾਮੀ ਦੇ ਨਾਂ ਦੀ ਗਵਰਨਰ ਵਜੋਂ ਪੁਸ਼ਟੀ ਕਰਦੇ ਹਨ।

■ **ਰਾਸ਼ਟਰਪਤੀ ਦੇ ਸਮਰਥਕ ਨਾਰਾਜ਼**



ਉਹ ਇਕ ਮਹਾਨ ਗਵਰਨਰ ਸਾਬਤ ਹੋਵੇਗਾ। ਰਾਮਾਸਵਾਮੀ ਦਾ ਪਿਛੋਕੜ ਕਾਰੋਬਾਰੀ ਹੈ, ਉਹ ਅਰਥਵਿਵਸਥਾ ਦਾ ਵਿਕਾਸ ਕਰਨਗੇ, ਟੈਕਸਾਂ ਵਿਚ ਕਟੌਤੀ ਕਰਨਗੇ ਤੇ ਦੂਸਰੀ ਸੋਧ ਦੀ ਰਾਖੀ ਕਰਨਗੇ।' ਰਾਮਾਸਵਾਮੀ ਜੋ 2024 ਵਿਚ ਜੀ.ਓ.ਪੀ. ਪ੍ਰਾਇਮਰੀ ਵਿਚ ਟਰੰਪ ਵਿਰੁੱਧ ਖੜ੍ਹੇ ਹੋਏ ਸਨ ਤੇ ਬਾਅਦ ਵਿਚ ਆਪਣਾ ਨਾਂ ਵਾਪਸ ਲੈ ਲਿਆ ਸੀ, ਨੇ ਪੁਸ਼ਟੀ ਲਈ ਰਾਸ਼ਟਰਪਤੀ ਦਾ ਧੰਨਵਾਦ ਕੀਤਾ ਹੈ। ਰਾਮਾਸਵਾਮੀ ਦੇ ਨਾਂ ਦੀ ਪੁਸ਼ਟੀ ਇੱਕ ਹਫਤਾ ਪਹਿਲਾਂ ਰਿਪਬਿਲਕਨਾਂ ਨੂੰ ਨਿਊਜਰਸੀ, ਵਰਜੀਨੀਆ ਤੇ ਨਿਊਯਾਰਕ ਵਿਚ ਡੈਮੋਕ੍ਰੇਟਸ ਦੀ ਹੋਈ ਜਿੱਤ ਤੋਂ ਬਾਅਦ ਦਿੱਤੀ ਉਸ ਚਿਤਾਵਨੀ ਤੋਂ ਬਾਅਦ ਹੋਈ ਹੈ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਪਾਰਟੀ ਲੋਕਾਂ ਤੋਂ ਦੂਰ ਹੋ ਰਹੀ ਹੈ। ਇਸ ਲਈ ਸੌੜੀ ਰਾਜਨੀਤੀ ਛੱਡਣੀ ਪਵੇਗੀ ਤੇ ਧਿਆਨ ਵਿਕਾਸ ਵੱਲ ਲਾਉਣਾ ਪਵੇਗਾ।

ਪੰਜਾਬ ਮੇਲ USA

# ਟਰੰਪ ਪ੍ਰਸ਼ਾਸਨ ਵੱਲੋਂ ਐੱਚ-1ਬੀ ਵੀਜ਼ਾ ਦੀ ਦੁਰਵਰਤੋਂ ਕਰਨ ਵਾਲਿਆਂ 'ਤੇ ਸਖਤੀ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਡੋਨਾਲਡ ਟਰੰਪ ਪ੍ਰਸ਼ਾਸਨ ਨੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਦੀ ਸੰਭਾਵਿਤ ਦੁਰਵਰਤੋਂ ਦੇ ਮਾਮਲਿਆਂ ਵਿਚ ਸਖਤੀ ਵਰਤਦੇ ਹੋਏ ਲਗਭਗ 175 ਕੰਪਨੀਆਂ ਖ਼ਿਲਾਫ਼ ਜਾਂਚ ਸ਼ੁਰੂ ਕਰ ਦਿੱਤੀ ਹੈ। ਅਮਰੀਕੀ ਕਿਰਤ ਵਿਭਾਗ (ਡੀ.ਓ.ਐੱਲ.) ਦੇ ਅਨੁਸਾਰ, ਇਹ ਕਦਮ ਅਮਰੀਕੀ ਨੌਕਰੀਆਂ ਦੀ ਸੁਰੱਖਿਆ ਦੇ ਵਿਆਪਕ ਯਤਨ ਦਾ ਇੱਕ ਹਿੱਸਾ ਹੈ।

ਕਿਰਤ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਕਿਰਤ ਸਕੱਤਰ ਲੋਰੀ ਸ਼ਾਵੇਜ਼-ਡੇਰੇਮਰ ਦੀ ਅਗਵਾਈ ਹੇਠ, ਏਜੰਸੀ ਅਮਰੀਕੀ ਕਾਮਿਆਂ ਨੂੰ ਤਰਜੀਹ ਦੇਣ ਲਈ ਕਾਰਵਾਈ ਜਾਰੀ ਰੱਖੇਗੀ। ਕਿਰਤ ਵਿਭਾਗ ਐੱਚ-1ਬੀ ਵੀਜ਼ਾ ਦੀ ਦੁਰਵਰਤੋਂ ਨੂੰ ਰੋਕਣ ਅਤੇ ਅਮਰੀਕੀ ਨੌਕਰੀਆਂ ਦੀ ਰੱਖਿਆ ਲਈ ਆਪਣੇ ਹਰ ਸਾਧਨ ਦੀ ਵਰਤੋਂ ਕਰ ਰਿਹਾ ਹੈ।

ਟਰੰਪ ਪ੍ਰਸ਼ਾਸਨ ਨੇ ਆਵਾਸ ਸੁਧਾਰ ਅਤੇ 'ਅਮਰੀਕਨ ਜੌਬਜ਼ ਫਸਟ' ਨੀਤੀ 'ਤੇ ਜ਼ੋਰ ਦਿੱਤਾ ਸੀ। ਵਿਭਾਗ ਦਾ ਕਹਿਣਾ ਹੈ ਕਿ ਤਕਨੀਕ, ਇੰਜੀਨੀਅਰਿੰਗ ਅਤੇ ਆਈ.ਟੀ. ਵਰਗੀਆਂ ਉੱਚ ਮਹਾਰਤ ਵਾਲੀਆਂ ਨੌਕਰੀਆਂ ਲਈ

**■ ਲਗਭਗ 175 ਕੰਪਨੀਆਂ ਖਿਲਾਫ ਜਾਂਚ ਦੇ ਸੁਣਾਏ ਹੁਕਮ**




ਸਭ ਤੋਂ ਪਹਿਲਾਂ ਅਮਰੀਕੀ ਨਾਗਰਿਕਾਂ ਨੂੰ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਡੀ.ਓ.ਐੱਲ. ਨੇ ਇਹ ਯਕੀਨੀ ਬਣਾਉਣ ਲਈ ਸਤੰਬਰ ਵਿਚ 'ਪ੍ਰੋਜੈਕਟ ਫਾਇਰਵਾਲ' ਨਾਮਕ ਇੱਕ ਮੁਹਿੰਮ ਸ਼ੁਰੂ ਕੀਤੀ ਕਿ ਮਾਲਕ ਐੱਚ-1ਬੀ ਵੀਜ਼ਾ ਨਿਯਮਾਂ ਦੀ ਪਾਲਣਾ ਕਰ ਰਹੇ ਹਨ ਜਾਂ ਨਹੀਂ।

ਜਾਂਚ ਦੇ ਘੇਰੇ 'ਚ ਆਈਆਂ ਕਈ ਕੰਪਨੀਆਂ ਨੇ ਉੱਚ ਯੋਗਤਾ ਵਾਲੇ ਵਿਦੇਸ਼ੀ ਕਰਮਚਾਰੀਆਂ ਨੂੰ ਉਨ੍ਹਾਂ ਦੇ ਅਹੁਦੇ ਦੇ ਅਨੁਸਾਰ ਤਨਖਾਹ ਨਾਲੋਂ ਕਾਫ਼ੀ ਘੱਟ ਭੁਗਤਾਨ ਕੀਤਾ। ਇਸ ਕਾਰਨ ਐੱਚ-1ਬੀ ਵੀਜ਼ਾ ਧਾਰਕਾਂ ਅਤੇ ਮੁਕਾਬਲੇ ਵਿਚ ਬਣੇ ਰਹਿਣ ਲਈ ਮਜਬੂਰ ਅਮਰੀਕੀ ਕਰਮਚਾਰੀਆਂ, ਦੋਵਾਂ ਦੇ ਤਨਖਾਹ ਪੱਧਰ 'ਤੇ ਦਬਾਅ ਪਿਆ। ਕਈ ਮਾਮਲਿਆਂ ਵਿਚ 'ਬੈਂਚਿੰਗ' ਦਾ ਮਾਮਲਾ ਵੀ ਉਜਾਗਰ ਹੋਇਆ। 'ਬੈਂਚਿੰਗ' ਉਦੋਂ ਹੁੰਦੀ ਹੈ, ਜਦੋਂ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਪ੍ਰੋਜੈਕਟ ਖਤਮ ਹੋਣ ਅਤੇ ਨਵਾਂ ਪ੍ਰੋਜੈਕਟ ਮਿਲਣ ਦੇ ਵਿਚਕਾਰਲੇ ਸਮੇਂ ਵਿਚ ਤਨਖਾਹ ਨਹੀਂ ਦਿੱਤੀ ਜਾਂਦੀ।

ਜਾਂਚ ਵਿਚ ਪਾਇਆ ਗਿਆ ਕਿ ਜਦੋਂ ਕੰਪਨੀ ਸੰਚਾਲਕਾਂ ਨੇ ਐੱਚ-1ਬੀ ਵੀਜ਼ਾ ਧਾਰਕ ਦੀ ਸੇਵਾ ਖਤਮ ਕੀਤੀ ਤਾਂ ਉਨ੍ਹਾਂ ਨੇ ਸਮੇਂ ਸਿਰ ਅਮਰੀਕੀ ਨਾਗਰਿਕਤਾ ਅਤੇ ਆਵਾਸ ਸੇਵਾਵਾਂ (ਯੂ.ਐੱਸ.ਸੀ.ਆਈ.ਐੱਸ.) ਨੂੰ ਸੂਚਿਤ ਨਹੀਂ ਕੀਤਾ ਜਾਂ ਕਾਫ਼ੀ ਦੇਰ ਬਾਅਦ ਸੂਚਿਤ ਕੀਤਾ। ਇਨ੍ਹਾਂ ਜਾਂਚਾਂ ਦੇ ਜ਼ਰੀਏ ਲਗਭਗ 15 ਮਿਲੀਅਨ ਡਾਲਰ ਤੋਂ ਵੱਧ ਦੀ ਬਕਾਇਆ ਮਜ਼ਦੂਰੀ ਦਾ ਮਾਮਲਾ ਸਾਹਮਣੇ ਆਇਆ ਹੈ।

ਜ਼ਿਕਰਯੋਗ ਹੈ ਕਿ ਤਕਨੀਕੀ ਖੇਤਰ ਨਾਲ ਜੁੜੇ ਕਰਮੀ ਅਤੇ ਡਾਕਟਰਾਂ ਸਮੇਤ ਭਾਰਤੀ ਪੇਸ਼ੇਵਰ, ਐੱਚ-1ਬੀ ਵੀਜ਼ਾ ਧਾਰਕਾਂ ਦੇ ਸਭ ਤੋਂ ਵੱਡੇ ਸਮੂਹ ਵਿਚ ਸ਼ਾਮਲ ਹਨ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਕਿਸੇ ਕੰਪਨੀ ਨੇ ਧੋਖਾਧੜੀ ਕੀਤੀ, ਤਾਂ ਉਸ 'ਤੇ ਭਾਰੀ ਜੁਰਮਾਨਾ ਲਗਾਇਆ ਜਾਵੇਗਾ ਅਤੇ ਭਵਿੱਖ ਵਿਚ ਵੀਜ਼ਾ ਸਪਾਂਸਰਸ਼ਿਪ ਤੋਂ ਰੋਕਿਆ ਜਾ ਸਕਦਾ ਹੈ।

## ਟਰੰਪ ਪ੍ਰਸ਼ਾਸਨ ਨੇ ਹੁਣ ਤੱਕ 80000 ਗੈਰ ਪ੍ਰਵਾਸੀ ਵੀਜ਼ੇ ਕੀਤੇ ਰੱਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ 20 ਜਨਵਰੀ 2025 ਨੂੰ ਸੱਤਾ ਸੰਭਾਲਣ ਉਪਰੰਤ ਹੁਣ ਤੱਕ ਅੰਦਾਜਨ 80000 ਗੈਰ ਪ੍ਰਵਾਸੀ ਵੀਜ਼ੇ ਰੱਦ ਕਰ ਚੁੱਕਾ ਹੈ। ਇਹ ਜਾਣਕਾਰੀ ਅਮਰੀਕੀ ਵਿਦੇਸ਼ ਵਿਭਾਗ ਦੇ ਇਕ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉਪਰ ਦਿੱਤੀ ਹੈ। ਉਸ ਨੇ ਕਿਹਾ ਹੈ ਕਿ ਜਿਨ੍ਹਾਂ ਲੋਕਾਂ ਦੇ ਵੀਜ਼ੇ ਰੱਦ ਕੀਤੇ ਗਏ ਹਨ, ਉਨ੍ਹਾਂ ਵਿਚ 16000 ਵੀਜ਼ੇ ਨਸ਼ਾ ਕਰਕੇ ਗੱਡੀ ਚਲਾਉਣ ਵਾਲਿਆਂ, 12000 ਹਮਲੇ ਕਰਨ ਤੇ 8000 ਵੀਜ਼ੇ ਚੋਰੀ ਕਰਨ ਵਾਲਿਆਂ ਦੇ ਸ਼ਾਮਲ ਹਨ। ਵਿਦੇਸ਼ ਵਿਭਾਗ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਅਪਰਾਧਿਕ ਗਤੀਵਿਧੀਆਂ ਤੋਂ ਇਲਾਵਾ ਹੋਰ ਲੋਕਾਂ ਦੇ ਵੀ ਵੀਜ਼ੇ ਰੱਦ ਕੀਤੇ ਗਏ ਹਨ। ਬੁਲਾਰੇ ਨੇ ਕਿਹਾ ਹੈ ਕਿ 6000 ਤੋਂ ਵਧ ਵਿਦਿਆਰਥੀਆਂ ਦੇ ਵੀਜ਼ੇ ਮਿਆਦ ਖਤਮ ਹੋਣ ਦੇ ਬਾਵਜੂਦ ਅਮਰੀਕਾ ਵਿਚ ਟਿਕੇ ਰਹਿਣ ਕਾਰਨ ਰੱਦ ਕੀਤੇ ਗਏ ਹਨ। ਇਸ ਤੋਂ ਇਲਾਵਾ ਉਨ੍ਹਾਂ ਲੋਕਾਂ ਦੇ ਵੀਜ਼ੇ ਵੀ ਰੱਦ ਕੀਤੇ ਗਏ ਹਨ, ਜਿਨ੍ਹਾਂ ਦੀਆਂ ਸੋਸ਼ਲ ਮੀਡੀਆ ਉਪਰ ਟਿੱਪਣੀਆਂ ਸਰਕਾਰ ਨੂੰ ਰਾਸ ਨਹੀਂ ਆਈਆਂ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਭਾਰਤ ਨਾਲ ਵਪਾਰ ਸਮਝੌਤਾ ਕਰਨ ਦੇ 'ਬਹੁਤ ਕਰੀਬ' ਹਾਂ: ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਅਮਰੀਕਾ ਭਾਰਤ ਨਾਲ 'ਨਿਰਪੱਖ ਵਪਾਰ ਸਮਝੌਤਾ' ਸਿਰੇ ਚੜ੍ਹਨ ਦੇ 'ਬਹੁਤ ਕਰੀਬ' ਹੈ। ਟਰੰਪ ਨੇ ਕਿਹਾ ਕਿ ਉਹ ਨਵੀਂ ਦਿੱਲੀ 'ਤੇ ਲਗਾਏ ਗਏ ਟੈਰਿਫ ਨੂੰ 'ਕਿਸੇ ਸਮੇਂ' ਘੱਟ ਕਰ ਦੇਣਗੇ। ਟਰੰਪ ਨੇ ਕਿਹਾ, "ਅਸੀਂ ਭਾਰਤ ਨਾਲ ਇੱਕ ਸੌਦਾ ਕਰ ਰਹੇ ਹਾਂ, ਜੋ ਕਿ ਪਹਿਲਾਂ ਨਾਲੋਂ ਬਹੁਤ ਵੱਖਰਾ ਹੈ। ਹਾਲ ਦੀ ਘੜੀ ਉਹ ਮੈਨੂੰ ਪਸੰਦ ਨਹੀਂ ਕਰਦੇ, ਪਰ ਜਲਦੀ ਹੀ ਮੁੜ ਕਰਨ ਲੱਗਣਗੇ।" ਟਰੰਪ ਨੇ ਇਹ ਟਿੱਪਣੀਆਂ ਓਵਲ ਦਫ਼ਤਰ ਵਿਚ

**■ ਟਰੰਪ ਨੇ ਆਉਣ ਵਾਲੇ ਸਮੇਂ 'ਚ ਟੈਰਿਫ਼ ਘਟਾਉਣ ਦਾ ਕੀਤਾ ਇਸ਼ਾਰਾ**



ਇੱਕ ਸਮਾਗਮ ਦੌਰਾਨ ਕੀਤੀਆਂ, ਜਿੱਥੇ ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਨੇ ਸਰਜੀਓ ਗੋਰ ਨੂੰ ਭਾਰਤ ਵਿਚ ਅਮਰੀਕਾ ਦੇ ਰਾਜਦੂਤ ਵਜੋਂ ਸਹੁੰ ਚੁਕਾਈ।

## ਟਰੰਪ ਵੱਲੋਂ ਆਪਣੀ 'ਟੈਰਿਫ਼' ਨੀਤੀ ਦਾ ਬਚਾਅ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਰੁਥ ਸੋਸ਼ਲ ਪਲੇਟਫਾਰਮ 'ਤੇ ਇਕ ਪੋਸਟ ਸਾਂਝੀ ਕਰ ਕੇ ਆਪਣੀਆਂ ਸਖ਼ਤ ਟੈਰਿਫ ਨੀਤੀਆਂ ਦਾ ਬਚਾਅ ਕੀਤਾ ਹੈ। ਇਸ ਦੌਰਾਨ ਉਨ੍ਹਾਂ ਨੇ ਇਨ੍ਹਾਂ ਨੀਤੀਆਂ ਦੀ ਆਲੋਚਨਾ ਕਰਨ ਵਾਲਿਆਂ ਨੂੰ 'ਮੂਰਖ' ਕਰਾਰ ਦਿੱਤਾ ਅਤੇ ਦਾਅਵਾ ਕੀਤਾ ਕਿ ਟੈਰਿਫਾਂ ਨੇ ਅਮਰੀਕਾ ਨੂੰ ਵਿਸ਼ਵ ਪੱਧਰੀ ਮੰਚ 'ਤੇ 'ਸਭ ਤੋਂ ਅਮੀਰ ਅਤੇ ਸਭ ਤੋਂ ਵੱਕਾਰੀ' ਦੇਸ਼ ਬਣਾ ਦਿੱਤਾ ਹੈ। ਆਪਣੀ ਪੋਸਟ 'ਚ ਟਰੰਪ ਨੇ ਲਿਖਿਆ ਕਿ ਟੈਰਿਫ ਵਿਰੋਧੀਆਂ ਨੂੰ ਮੂਰਖ ਹੀ ਸਮਝਿਆ ਜਾਵੇ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੇ

**■ ਟੈਰਿਫ ਨੀਤੀ ਦੀ ਆਲੋਚਨਾ ਕਰਨ ਵਾਲਿਆਂ ਨੂੰ 'ਮੂਰਖ' ਕਰਾਰ ਦਿੱਤਾ**

ਸ਼ਾਸਨਕਾਲ 'ਚ ਅਮਰੀਕਾ 'ਦੁਨੀਆਂ ਦਾ ਸਭ ਤੋਂ ਅਮੀਰ ਅਤੇ ਸਨਮਾਨਿਤ ਰਾਸ਼ਟਰ' ਬਣ ਚੁੱਕਾ ਹੈ, ਜਿੱਥੇ ਮਹਿੰਗਾਈ ਲਗਭਗ ਨਾਂਹ ਦੇ ਬਰਾਬਰ ਹੈ ਅਤੇ ਸ਼ੇਅਰ ਬਾਜ਼ਾਰ ਰਿਕਾਰਡ ਉੱਚਾਈ 'ਤੇ ਪਹੁੰਚ ਗਿਆ ਹੈ। ਟਰੰਪ ਨੇ ਦੱਸਿਆ ਕਿ ਉਨ੍ਹਾਂ ਦੇ ਪ੍ਰਸ਼ਾਸਨ ਦੀ ਟੈਰਿਫ ਰਣਨੀਤੀ ਨੇ ਅਮਰੀਕਾ ਨੂੰ 'ਖਰਬਾਂ ਡਾਲਰਾਂ' ਦਾ ਮਾਲੀਆ ਦਿਵਾਇਆ ਹੈ ਅਤੇ ਅਰਥਵਿਵਸਥਾ ਨੂੰ ਮਜ਼ਬੂਤ ਬਣਾਇਆ ਹੈ।



 ਪੰਜਾਬ ਮੇਲ USA

# ਅਮਰੀਕਾ ਦੇ ਵੱਖ-ਵੱਖ ਸੂਬਿਆਂ ਦੀ ਸਿਆਸਤ 'ਚ ਪੰਜਾਬੀਆਂ ਦਾ ਦਬਦਬਾ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕੀ ਸਿਆਸਤ ਵਿਚ ਐਤਕਾਂ ਵੀ ਪੰਜਾਬੀਆਂ ਨੇ ਆਪਣੀ ਅਹਿਮ ਜਗ੍ਹਾ ਬਣਾਈ। ਬੀਤੇ ਦਿਨੀਂ ਸਥਾਨਕ ਸਰਕਾਰਾਂ 'ਚ ਤੇ ਕੁਝ ਅਸੈਂਬਲੀ ਸੀਟਾਂ ਦੀਆਂ ਚੋਣਾਂ ਵਿਚ ਪੰਜਾਬੀਆਂ ਨੇ ਆਪਣੀ ਸਥਿਤੀ ਨੂੰ ਮਜ਼ਬੂਤ ਕੀਤਾ ਹੈ ਤੇ ਆਪਣੀ ਦਿੱਖ ਦਾ ਪ੍ਰਭਾਵ ਦਿੱਤਾ। ਇਹ ਭਾਰਤੀ ਮੂਲ ਦੇ ਆਗੂ ਦੋਨੋਂ ਮੁੱਖ ਪਾਰਟੀਆਂ ਡੈਮੋਕ੍ਰੇਟਸ ਤੇ ਰਿਪਬਲੀਕਨ ਨਾਲ ਸਬੰਧ ਰੱਖਦੇ ਹਨ ਪਰੰਤੂ ਅਮਰੀਕਾ ਵਿਚ ਇਮੀਗ੍ਰੇਸ਼ਨ, ਟੈਰਿਫ ਤੇ ਹੋਰ ਮੁੱਦਿਆਂ ਨੂੰ ਲੈ ਕੇ ਸੱਤਾਧਾਰੀ ਰਿਪਬਲੀਕਨ ਪਾਰਟੀ ਵਿਰੁੱਧ ਬਣੇ ਮਾਹੌਲ ਦੇ ਸਿੱਟੇ ਵਜੋਂ ਇਨ੍ਹਾਂ ਚੋਣਾਂ ਵਿਚ ਜ਼ਿਆਦਾਤਰ ਡੈਮੋਕ੍ਰੇਟਸ ਉਮੀਦਵਾਰ ਚੋਣ ਜਿੱਤੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਲਈ ਇੱਜ਼ਤ ਦਾ ਸਵਾਲ ਬਣੀ ਨਿਊਯਾਰਕ ਦੇ ਮੇਅਰ ਦੀ ਚੋਣ ਵਿਚ ਵੀ ਭਾਰਤੀ ਮੂਲ ਦੇ ਡੈਮੋਕ੍ਰੇਟਸ ਉਮੀਦਵਾਰ ਜ਼ੋਹਰਾਨ ਮਮਦਾਨੀ ਨੇ ਬਾਜ਼ੀ ਮਾਰੀ ਹੈ। ਡੈਮੋਕ੍ਰੇਟਸ ਪਾਰਟੀ ਦੇ ਆਗੂ ਜੇ.ਜੇ ਸਿੰਘ ਵਰਜੀਨੀਆ ਹਾਊਸ ਆਫ ਡੈਲੀਗੇਟਸ ਵਿਚ ਮੁੜ ਡੈਲੀਗੇਟ ਚੁਣੇ ਗਏ ਹਨ। ਸਵਰਨਜੀਤ ਸਿੰਘ (ਡੈਮੋਕ੍ਰੇਟਸ) ਨੌਰਵਿੱਚ ਸਿਟੀ ਦੇ ਮੇਅਰ ਦੀ ਚੋਣ ਜਿੱਤੇ ਹਨ। ਅਫਤਾਬ ਪੁਰੇਵਾਲ (ਡੈਮੋਕ੍ਰੇਟਸ) ਸਿਨਸਿਨਾਟੀ, ਓਹਾਇਓ ਦੇ ਮੇਅਰ ਦੀ ਚੋਣ ਮੁੜ ਜਿੱਤ ਗਏ ਹਨ। ਰਵੀ ਸਿੰਘ ਭੱਲਾ (ਡੈਮੋਕ੍ਰੇਟਸ) ਨਿਊਜਰਸੀ ਅਸੈਂਬਲੀ ਲਈ 32ਵੇਂ ਜ਼ਿਲ੍ਹੇ ਤੋਂ ਚੋਣ ਜਿੱਤੇ ਹਨ। ਬੀਬੀ ਕਿਮ ਸਿੰਘ ਮੈਸਨ ਸਿਟੀ ਕੌਂਸਲ ਓਹਾਇਓ ਲਈ ਚੁਣੇ ਗਏ ਹਨ। ਸਤਵਿੰਦਰ ਕੌਰ ਕੈਂਟ ਕੌਂਸਲ, ਵਾਸ਼ਿੰਗਟਨ ਲਈ ਚੁਣੇ ਗਏ ਹਨ। ਬਲਵੀਰ ਸਿੰਘ ਸਟੇਟ ਅਸੈਂਬਲੀ ਲੈਜਿਸਲੇਟਿਵ ਡਿਸਟ੍ਰਿਕਟ 7 ਬਰਲਿੰਗਟਨ, ਨਿਊਜਰਸੀ ਲਈ ਮੁੜ ਚੁਣੇ ਗਏ ਹਨ।



**ਸਵਰਨਜੀਤ ਸਿੰਘ ਮੇਅਰ ਨੌਰਵਿੱਚ, ਰਵੀ ਸਿੰਘ ਭੱਲਾ ਅਸੈਂਬਲੀ ਮੈਂਬਰ ਜਰਸੀ ਸਿਟੀ, ਅਫ਼ਤਾਬ ਪੁਰੇਵਾਲ ਮੇਅਰ ਸਿਨਸਿਨਾਟੀ ਓਹਾਇਓ, ਸਤਵਿੰਦਰ ਕੌਰ ਕੈਂਟ ਵਾਸ਼ਿੰਗਟਨ, ਕਿਮ ਸਿੰਘ ਮੇਸਨ ਸਿਟੀ ਓਹਾਇਓ, ਜੇ.ਜੇ. ਸਿੰਘ ਡੈਲੀਗੇਟ ਵਰਜੀਨਿਆ, ਬਲਵੀਰ ਸਿੰਘ ਸਟੇਟ ਅਸੈਂਬਲੀ ਨਿਊਜਰਸੀ, ।**

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਟਰੰਪ ਵੱਲੋਂ ਸਿਹਤ ਸੰਭਾਲ ਯੋਜਨਾ 'ਓਬਾਮਾ ਕੇਅਰ' ਲਈ ਫੰਡਿੰਗ 'ਤੇ ਰੋਕ

## ਹੁਣ ਸਿੱਧਾ ਲਾਭਪਾਤਰੀਆਂ ਦੇ ਖਾਤਿਆਂ 'ਚ ਭੇਜਿਆ ਜਾਵੇਗਾ ਸਿਹਤ ਸਹੂਲਤ ਦਾ ਪੈਸਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਿਹਤ ਨੀਤੀ ਦੇ ਮੋਰਚੇ 'ਤੇ ਇੱਕ ਵੱਡਾ ਅਤੇ ਸਿੱਧਾ ਫੈਸਲਾ ਲਿਆ ਹੈ। ਜਾਣਕਾਰੀ ਅਨੁਸਾਰ, ਟਰੰਪ ਨੇ ਅਮਰੀਕਾ ਦੀ ਵਿਵਾਦਿਤ ਸਿਹਤ ਸੰਭਾਲ ਯੋਜਨਾ 'ਓਬਾਮਾ ਕੇਅਰ' ਲਈ ਫੰਡਿੰਗ ਨੂੰ ਰੋਕ ਦਿੱਤਾ ਹੈ। ਇਸ ਵੱਡੇ ਫੈਸਲੇ ਦਾ ਸਿੱਧਾ ਅਸਰ ਲਾਭਪਾਤਰੀਆਂ 'ਤੇ ਪਵੇਗਾ ਕਿਉਂਕਿ ਕੰਪਲੈਕਸ ਸਬਸਿਡੀ ਪ੍ਰਣਾਲੀ ਰਾਹੀਂ ਪੈਸਾ ਭੇਜਣ ਦੀ ਬਜਾਏ, ਹੁਣ ਫੰਡਿੰਗ ਦਾ ਪੈਸਾ ਸਿੱਧੇ ਲਾਭਪਾਤਰੀਆਂ ਦੇ ਖਾਤਿਆਂ ਵਿਚ ਭੇਜਿਆ ਜਾਵੇਗਾ। ਇਸ ਕਦਮ ਨੂੰ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੁਆਰਾ ਸ਼ੁਰੂ ਕੀਤੀ ਗਈ ਅਫੋਰਡੇਬਲ ਕੇਅਰ ਐਕਟ, ਜਿਸਨੂੰ ਆਮ ਤੌਰ 'ਤੇ 'ਓਬਾਮਾ ਕੇਅਰ' ਕਿਹਾ ਜਾਂਦਾ ਹੈ, 'ਤੇ ਇੱਕ ਵੱਡਾ ਹਮਲਾ ਮੰਨਿਆ ਜਾ ਰਿਹਾ ਹੈ।

ਟਰੰਪ ਪ੍ਰਸ਼ਾਸਨ ਨੇ ਓਬਾਮਾ ਕੇਅਰ ਨਾਲ ਜੁੜੇ ਪੈਸੇ ਦੇ ਪ੍ਰਵਾਹ ਨੂੰ ਪੂਰੀ ਤਰ੍ਹਾਂ ਨਾਲ ਬੰਦ ਕਰ ਦਿੱਤਾ ਹੈ। ਇਸ ਨਵੀਂ ਨੀਤੀ ਤਹਿਤ, ਸਿਹਤ ਸੰਭਾਲ ਲਈ ਵਰਤਿਆ ਜਾਣ ਵਾਲਾ ਪੈਸਾ ਹੁਣ ਸਿੱਧੇ ਲਾਭਪਾਤਰੀਆਂ ਦੇ ਖਾਤਿਆਂ ਵਿਚ ਜਮ੍ਹਾਂ ਕਰਵਾਇਆ ਜਾਵੇਗਾ।

# ਓਹਾਇਓ ਸੂਬੇ ਦੇ ਗਵਰਨਰ ਦੀ ਦੌੜ ਲਈ ਵਿਵੇਕ ਰਾਮਾਸਵਾਮੀ ਨੂੰ ਟਰੰਪ ਨੇ ਦਿੱਤਾ ਸਮਰਥਨ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਓਹਾਇਓ ਸੂਬੇ ਦੇ ਅਗਲੇ ਗਵਰਨਰ ਦੀ ਦੌੜ ਲਈ ਵਿਵੇਕ ਰਾਮਾਸਵਾਮੀ ਨੂੰ ਆਪਣਾ ਅਧਿਕਾਰਤ ਸਮਰਥਨ ਦੇ ਦਿੱਤਾ ਹੈ। ਟਰੰਪ ਨੇ ਰਾਮਾਸਵਾਮੀ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੂੰ 'ਕੁਝ ਖਾਸ' ਦੱਸਿਆ ਅਤੇ ਕਿਹਾ ਕਿ ਉਹ ਨੌਜਵਾਨ, ਮਜ਼ਬੂਤ ਅਤੇ ਸਮਝਦਾਰ ਹਨ। ਟਰੰਪ ਨੇ ਯਾਦ ਦਿਵਾਇਆ ਕਿ ਉਹ ਓਹਾਇਓ ਰਾਜ ਨੂੰ ਬਹੁਤ ਪਿਆਰ ਕਰਦੇ ਹਨ ਅਤੇ ਉਨ੍ਹਾਂ ਨੇ 2016, 2020, ਅਤੇ 2024 ਵਿਚ ਇੱਥੇ ਵੱਡੀ ਜਿੱਤ ਪ੍ਰਾਪਤ ਕੀਤੀ ਸੀ।

ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਰਾਮਾਸਵਾਮੀ ਇੱਕ ਬਹੁਤ ਚੰਗੇ ਵਿਅਕਤੀ ਹਨ, ਜੋ ਸੱਚਮੁੱਚ ਅਮਰੀਕਾ ਨੂੰ ਪਿਆਰ ਕਰਦੇ ਹਨ। ਉਨ੍ਹਾਂ ਨੇ ਭਵਿੱਖਬਾਣੀ ਕੀਤੀ ਕਿ ਵਿਵੇਕ ਰਾਮਾਸਵਾਮੀ ਓਹਾਇਓ ਦੇ ਇੱਕ 'ਮਹਾਨ ਗਵਰਨਰ' ਹੋਣਗੇ। ਟਰੰਪ ਨੇ ਕਿਹਾ, "ਉਨ੍ਹਾਂ ਨੂੰ ਮੇਰਾ ਸੰਪੂਰਨ ਅਤੇ ਕੁੱਲ ਸਮਰਥਨ ਹੈ, ਉਹ ਤੁਹਾਨੂੰ ਕਦੇ ਨਿਰਾਸ਼ ਨਹੀਂ ਹੋਣ ਦੇਣਗੇ।"

ਟਰੰਪ ਦਾ ਸਮਰਥਨ ਓਹਾਇਓ ਵਿਚ ਰਿਪਬਲਿਕਨ ਪਾਰਟੀ ਲਈ ਇੱਕ ਮੋੜ 'ਤੇ ਆਇਆ ਹੈ। ਪਿਛਲੇ ਦਹਾਕੇ ਦੌਰਾਨ, ਰਾਜ ਲਗਾਤਾਰ ਸੱਜੇ-ਪੱਖੀ ਰਾਜਨੀਤੀ ਵੱਲ ਵਧਿਆ ਹੈ। ਕਈ ਉਮੀਦਵਾਰ ਰਾਮਾਸਵਾਮੀ ਦੇ ਹੱਕ ਵਿਚ ਪ੍ਰਾਇਮਰੀ ਖੇਤਰ ਤੋਂ ਪਿੱਛੇ ਹਟ ਗਏ ਹਨ। ਇੱਕ ਅਰਬਪਤੀ ਉੱਦਮੀ ਅਤੇ ਐਲੋਨ ਮਸਕ ਦੇ ਨਾਲ ਸਰਕਾਰੀ ਕੁਸ਼ਲਤਾ ਵਿਭਾਗ ਦੇ ਸਾਬਕਾ ਸਹਿ-ਮੁਖੀ, ਆਪਣੇ ਆਪ ਨੂੰ ਇੱਕ ਰੂੜੀਵਾਦੀ ਬਾਹਰੀ ਉਮੀਦਵਾਰ ਵਜੋਂ ਪੇਸ਼ ਕਰ ਰਹੇ ਹਨ, ਜੋ ਕਿ ਇੱਕ ਕਾਰੋਬਾਰ-ਪੱਖੀ ਅਤੇ ਨਿਯਮ-ਵਿਰੋਧੀ ਏਜੰਡੇ 'ਤੇ ਆਧਾਰਿਤ ਹੈ, ਜਿਸਨੂੰ ਟਰੰਪ ਨੇ ਵੀ ਆਪਣੇ ਸੰਦੇਸ਼ 'ਚ ਦੋਹਰਾਇਆ। ਟਰੰਪ ਨੇ ਕਿਹਾ, "ਤੁਹਾਡੇ ਅਗਲੇ ਗਵਰਨਰ ਵਜੋਂ, ਵਿਵੇਕ ਆਰਥਿਕਤਾ ਨੂੰ ਹੁਲਾਰਾ ਦੇਣ, ਟੈਕਸਾਂ ਅਤੇ ਨਿਯਮਾਂ ਨੂੰ ਘਟਾਉਣ, ਮੇਕ ਇਨ ਯੂ.ਐੱਸ.ਏ. ਨੂੰ ਉਤਸ਼ਾਹਿਤ ਕਰਨ, ਅਮਰੀਕੀ ਊਰਜਾ ਦਬਦਬੇ ਨੂੰ ਬਣਾਈ ਰੱਖਣ, ਸਾਡੀ ਹੁਣ ਸੁਰੱਖਿਅਤ ਸਰਹੱਦ ਨੂੰ ਸੁਰੱਖਿਅਤ ਕਰਨ, ਪ੍ਰਵਾਸੀ ਅਪਰਾਧ ਨੂੰ ਰੋਕਣ, ਫੌਜ/ਵੈਟਰਨਜ਼ ਨੂੰ ਮਜ਼ਬੂਤ ਕਰਨ, ਕਾਨੂੰਨ ਵਿਵਸਥਾ ਨੂੰ ਯਕੀਨੀ ਬਣਾਉਣ, ਚੋਣ ਇਮਾਨਦਾਰੀ ਨੂੰ ਅੱਗੇ ਵਧਾਉਣ ਅਤੇ ਸਾਡੇ ਹਮੇਸ਼ਾ ਖ਼ਤਰੇ ਵਿਚ ਪਏ ਦੂਜੇ ਸੋਧ ਦੀ ਰੱਖਿਆ ਲਈ ਅਣਥੱਕ ਲੜਾਈ ਲੜਨਗੇ।" ਟਰੰਪ ਨੇ ਅੱਗੇ ਕਿਹਾ: "ਵਿਵੇਕ ਰਾਮਾਸਵਾਮੀ ਓਹਾਇਓ ਦੇ ਇੱਕ ਮਹਾਨ ਗਵਰਨਰ ਹੋਣਗੇ ਅਤੇ ਉਨ੍ਹਾਂ ਨੂੰ ਮੇਰਾ ਪੂਰਾ ਅਤੇ ਪੂਰਾ ਸਮਰਥਨ ਹੈ, ਉਹ ਤੁਹਾਨੂੰ ਕਦੇ ਨਿਰਾਸ਼ ਨਹੀਂ ਕਰਨਗੇ!"


Global Allianz

ਕਾਨੂੰਨੀ ਸਲਾਹ

LAW FIRM LLP

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

Designed By Punjab Mail USA

# ਸਿਨਸਿਨਾਟੀ ਵਿਖੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਇਆ, ਕੱਢਿਆ ਗਿਆ ਨਗਰ ਕੀਰਤਨ

**ਸਿਨਸਿਨੈਟੀ (ਓਹਾਇਓ), (ਸਮੀਪ ਸਿੰਘ ਗੁਮਟਾਲਾ/ਪੰਜਾਬ ਮੇਲ)**– ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ 556ਵਾਂ ਪ੍ਰਕਾਸ਼ ਪੁਰਬ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਵਿਖੇ ਗੁਰਦੁਆਰਾ ਗੁਰੂ ਨਾਨਕ ਸੁਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਦੀ ਸਮੂਹ ਸਾਧ ਸੰਗਤ ਵਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।

ਗੁਰਪੁਰਬ ਦੇ ਸੰਬੰਧ ਵਿਚ ਪੰਜ ਦਿਨ ਵਿਸ਼ੇਸ਼ ਦੀਵਾਨ ਸਜਾਏ ਗਏ। ਇਨ੍ਹਾਂ ਸਮਾਗਮਾਂ 'ਚ ਸ਼ਾਮਲ ਹੋਣ ਲਈ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਸੁਖਵਿੰਦਰ ਸਿੰਘ ਜੀ ਦਾ ਜੱਥਾ ਕੈਲੀਫੋਰਨੀਆ ਤੋਂ ਸਿਨਸਿਨਾਟੀ ਪੁੱਜਾ। ਨਿਸ਼ਾਨ ਸਾਹਿਬ ਦੀ ਸੇਵਾ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਕੱਢਿਆ ਗਿਆ। ਨਗਰ ਕੀਰਤਨ ਗੁਰਦੁਆਰਾ ਸਾਹਿਬ ਦੇ ਨਾਲ ਲੱਗਦੀਆਂ ਕਈ ਰਿਹਾਇਸ਼ੀ ਆਬਾਦੀਆਂ ਵਿਚੋਂ ਦੀ ਲੰਘਿਆ। ਵੱਡੀ ਗਿਣਤੀ ਵਿਚ ਸਿਨਸਿਨਾਟੀ ਦੇ ਨਾਲ ਲੱਗਦੇ ਸ਼ਹਿਰ ਡੇਟਨ ਅਤੇ ਸੂਬੇ ਇੰਡਿਆਨਾ ਅਤੇ ਕੈਨਟੱਕੀ ਤੋਂ ਵੀ ਸੰਗਤਾਂ ਇਸ ਵਿਚ ਸ਼ਾਮਲ ਹੋਈਆਂ। ਰਸਤੇ ਵਿਚ ਇਨ੍ਹਾਂ ਅਬਾਦੀਆਂ ਵਿਚ ਰਹਿੰਦੀਆਂ ਸਿੱਖ ਸੰਗਤਾਂ ਵਲੋਂ ਗਰਮ ਦੁੱਧ, ਪਾਣੀ, ਫਲਾਂ, ਮਿਠਾਈ ਆਦਿ ਦੇ ਲੰਗਰ ਵੀ ਸੰਗਤਾਂ ਨੂੰ ਵਰਤਾਏ ਗਏ। ਅਮਰੀਕਨਾਂ ਨੇ ਵੀ ਆਪਣੇ ਘਰਾਂ ਦੇ ਬਾਹਰ ਆ ਕੇ ਸਿੱਖ ਸੰਗਤ ਨੂੰ ਗੁਰਪੁਰਬ ਦੀ ਵਧਾਈ ਦਿੱਤੀ। ਇਸ ਨਾਲ ਉਨ੍ਹਾਂ ਨੂੰ ਵੀ ਸਿੱਖਾਂ ਬਾਰੇ ਜਾਣਕਾਰੀ ਮਿਲੀ। ਸਮਾਗਮ ਦੇ ਅਖੀਰਲੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਸਜਾਏ ਗਏ ਧਾਰਮਿਕ ਦੀਵਾਨ ਦੌਰਾਨ ਭਾਈ ਸੁਖਵਿੰਦਰ ਸਿੰਘ ਜੀ ਦੇ ਕੀਰਤਨ ਜੱਥੇ ਨੇ ਦੋ ਘੰਟਿਆਂ ਲਈ ਅੰਮ੍ਰਿਤ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੌਰਾਨ ਪੰਜੇ ਦਿਨ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਨੇ ਇਨ੍ਹਾਂ ਵਿਸ਼ੇਸ਼ ਸਮਾਗਮਾਂ ਲਈ ਸੇਵਾਦਾਰਾਂ, ਸੰਗਤ ਅਤੇ ਨਗਰ ਕੀਰਤਨ ਦੌਰਾਨ ਆਪਣੀਆਂ ਸੇਵਾਵਾਂ ਦੇਣ ਲਈ ਵੈਸਟ ਚੈਸਟਰ ਪੁਲਿਸ ਦਾ ਧੰਨਵਾਦ ਕੀਤਾ।







# ਅੰਮ੍ਰਿਤ ਛਕਾਉਣ ਦੀ ਤਸਵੀਰ 'ਚ ਗੁਰੂ ਸਾਹਿਬ ਦੇ ਪੈਰੀਂ ਜੋੜਾ ਦਿਖਾਉਣਾ ਸਿੱਖ ਸਿਧਾਂਤਾਂ ਦਾ ਉਲੰਘਣ : ਐਡਵੋਕੇਟ ਧਾਮੀ

■ **ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪੰਜਾਬ ਸਰਕਾਰ ਵੱਲੋਂ ਭਾਈ ਜੈਤਾ ਜੀ ਦੀ ਯਾਦਗਾਰ 'ਚ ਸਿਧਾਂਤ ਵਿਰੋਧੀ ਕਾਰਵਾਈ 'ਤੇ ਚੁੱਕੇ ਸਵਾਲ**



**ਅੰਮ੍ਰਿਤਸਰ, (ਪੰਜਾਬ ਮੇਲ)**– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਾਪਿਤ ਕੀਤੀ ਗਈ ਭਾਈ ਜੈਤਾ ਜੀ ਦੀ ਯਾਦਗਾਰ ਵਿਚ ਲਗਾਈ ਗਈ ਤਸਵੀਰ ਨੂੰ ਲੈ ਕੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਯਾਦਗਾਰ ਵਿਚ ਲਗਾਈ ਤਸਵੀਰ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਭਾਈ ਜੈਤਾ ਜੀ ਨੂੰ ਅੰਮ੍ਰਿਤ ਛਕਾਉਂਦੇ ਸਮੇਂ ਪੈਰਾਂ ਵਿਚ ਜੋੜਾ (ਜੁੱਤਾ) ਦਿਖਾਉਣਾ ਸਿੱਖ ਸਿਧਾਂਤਾਂ, ਮਰਿਯਾਦਾ ਅਤੇ ਸਿੱਖ ਭਾਵਨਾਵਾਂ ਨਾਲ ਖਿਲਵਾੜ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਯਾਦਗਾਰ, ਜਿਸਦਾ ਉਦਘਾਟਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤਾ ਗਿਆ ਹੈ, ਸੰਗਤ ਨੂੰ ਸੇਧ ਦੇਣ ਦੀ ਥਾਂ ਠੇਸ ਪਹੁੰਚਾਏਗੀ।

ਉਨ੍ਹਾਂ ਕਿਹਾ ਕਿ ਸਿੱਖੀ ਅਨੁਸਾਰ, ਅੰਮ੍ਰਿਤ ਸੰਸਕਾਰ ਇਕ ਪਵਿੱਤਰ ਤੇ ਮਰਿਯਾਦਤ ਸੰਸਕਾਰ ਹੈ, ਜਿਸ ਵਿਚ ਆਦਰ ਤੇ ਸਤਿਕਾਰ ਦਾ ਦਾ ਹੋਣਾ ਲਾਜ਼ਮੀ ਹੈ। ਪਰ ਸਰਕਾਰ ਨੇ ਤਸਵੀਰ ਰਾਹੀਂ ਇਸ ਪਵਿੱਤਰ ਪ੍ਰਕਿਰਿਆ ਨੂੰ ਵਿਗਾੜਨ ਦੀ ਹਰਕਤ ਕਰਕੇ ਸਿਧਾਂਤਕ ਉਲੰਘਣਾ ਕੀਤੀ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਰਕਾਰ ਦੀ ਧਾਰਮਿਕ ਮਾਮਲਿਆਂ ਵਿਚ ਦਖ਼ਲਅੰਦਾਜ਼ੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਪਹਿਲਾਂ ਵੀ ਸਰਕਾਰ ਨੇ ਸ੍ਰੀਨਗਰ ਵਿਚ ਕੀਤੇ ਧਾਰਮਿਕ ਸਮਾਗਮ ਦੌਰਾਨ ਮਰਿਯਾਦਾ ਦੀ ਉਲੰਘਣਾ ਕੀਤੀ ਸੀ ਅਤੇ ਹੁਣ ਭਾਈ ਜੈਤਾ ਜੀ ਦੀ ਸਥਾਪਿਤ ਕੀਤੀ ਯਾਦਗਾਰ ਵਿਚ ਸਿਧਾਂਤ ਵਿਰੁੱਧ ਤਸਵੀਰ ਲਗਾ ਕੇ ਦੁਬਾਰਾ ਅਜਿਹਾ ਕੀਤਾ ਹੈ।

ਉਨ੍ਹਾਂ ਕਿਹਾ ਕਿ ਇਹ ਦੁੱਖ ਦੀ ਗੱਲ ਹੈ ਕਿ ਸਰਕਾਰ ਧਾਰਮਿਕ ਤੇ ਇਤਿਹਾਸਕ ਮਾਮਲਿਆਂ ਦੀ ਸਮਝ ਨਾ ਰੱਖਣ ਵਾਲੇ ਅਧਿਕਾਰੀਆਂ ਤੋਂ ਕੰਮ ਲੈ ਰਹੀ ਹੈ, ਜਿਸ ਕਰਕੇ ਅਜਿਹੇ ਗੰਭੀਰ ਸਿਧਾਂਤਕ ਉਲੰਘਣ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਧਰਮ ਇਕ ਮਰਿਯਾਦਤ ਜੀਵਨ ਜਾਚ ਦਾ ਨਾਮ ਹੈ ਅਤੇ ਇਸ ਦੀ ਵਿਲੱਖਣਤਾ ਇਸ ਦੀਆਂ ਮੌਲਿਕ ਕਦਰਾਂ ਤੇ ਆਦਰਸ਼ਾਂ ਵਿਚ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸ਼ੁਰੂ ਤੋਂ ਹੀ ਇਹ ਆਖ ਰਹੀ ਹੈ ਕਿ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨਾਲ ਜੁੜੇ ਵਿਕਾਸ ਕਾਰਜਾਂ 'ਤੇ ਧਿਆਨ ਦੇਵੇ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਆਯੋਜਿਤ ਧਾਰਮਿਕ ਸਮਾਗਮਾਂ ਵਿਚ ਸਹਿਯੋਗ ਕਰੇ। ਪਰ ਸਰਕਾਰ ਨੂੰ ਤਾਂ ਸਿਆਸਤ ਬਿਨਾਂ ਕੁਝ ਹੋਰ ਦਿਸ ਹੀ ਨਹੀਂ ਰਿਹਾ। ਐਡਵੋਕੇਟ ਧਾਮੀ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਤੁਰੰਤ ਇਸ ਤਸਵੀਰ ਨੂੰ ਮੈਮੋਰੀਅਲ ਤੋਂ ਹਟਾਏ ਅਤੇ ਕੌਮ ਪਾਸੋਂ ਮੁਆਫ਼ੀ ਮੰਗੇ। ਜੇਕਰ ਸਰਕਾਰ ਨੇ ਇਸ ਗੰਭੀਰ ਮਾਮਲੇ ਨੂੰ ਹਲਕਾ ਲਿਆ, ਤਾਂ ਸ਼੍ਰੋਮਣੀ ਕਮੇਟੀ ਇਸ ਉਤੇ ਆਪਣੇ ਪੱਧਰ 'ਤੇ ਕਾਰਵਾਈ ਕਰਨ ਲਈ ਮਜਬੂਰ ਹੋਵੇਗੀ।

# ਦਿੱਲੀ ਬਲਾਸਟ; ਕੈਨੇਡਾ ਹਾਈ ਕਮਿਸ਼ਨ ਵੱਲੋਂ ਦੁੱਖ ਜ਼ਾਹਿਰ

■ **ਕੈਨੇਡੀਅਨ ਨਾਗਰਿਕਾਂ ਲਈ ਜਾਰੀ ਕੀਤੇ ਨਿਰਦੇਸ਼**

**ਟੋਰਾਂਟੋ, (ਪੰਜਾਬ ਮੇਲ-)** ਭਾਰਤ ਵਿਚ ਕੈਨੇਡਾ ਦੇ ਹਾਈ ਕਮਿਸ਼ਨ ਨੇ ਦਿੱਲੀ ਲਾਲ ਕਿਲ੍ਹੇ ਵਿਖੇ ਹੋਏ ਧਮਾਕੇ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਪ੍ਰਤੀ ਹਮਦਰਦੀ ਪ੍ਰਗਟ ਕੀਤੀ ਹੈ ਤੇ ਧਮਾਕੇ ਨੂੰ ਭਿਆਨਕ ਦੱਸਿਆ ਹੈ। ਹਾਈ ਕਮਿਸ਼ਨ ਨੇ ਐਕਸ 'ਤੇ ਸਾਂਝੀ ਕੀਤੀ ਇੱਕ ਪੋਸਟ ਵਿਚ ਕਿਹਾ, "ਕੈਨੇਡਾ ਨਵੀਂ ਦਿੱਲੀ ਵਿਚ ਹੋਏ ਭਿਆਨਕ ਧਮਾਕੇ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਪ੍ਰਤੀ ਆਪਣੀ ਹਮਦਰਦੀ ਪ੍ਰਗਟ ਕਰਦਾ ਹੈ ਅਤੇ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦਾ ਹੈ।"

ਇੱਕ ਵੱਖਰੀ ਪੋਸਟ ਵਿਚ, ਮਿਸ਼ਨ ਨੇ ਭਾਰਤ ਵਿਚ ਕੈਨੇਡੀਅਨ ਨਾਗਰਿਕਾਂ ਲਈ ਐਮਰਜੈਂਸੀ ਸੰਪਰਕ ਵੇਰਵੇ ਵੀ ਸਾਂਝੇ ਕੀਤੇ, ਜਿਸ ਵਿਚ ਕਿਹਾ ਗਿਆ ਹੈ, "ਐਮਰਜੈਂਸੀ ਕੌਂਸਲਰ ਸਹਾਇਤਾ ਦੀ ਲੋੜ ਵਾਲੇ ਕੈਨੇਡੀਅਨ ਗਲੋਬਲ ਅਫੇਅਰਜ਼ ਕੈਨੇਡਾ ਦੇ ਐਮਰਜੈਂਸੀ ਵਾਚ ਐਂਡ ਰਿਸਪਾਂਸ ਸੈਂਟਰ ਨਾਲ https://ow.ly/MRkZ50UyybI 'ਤੇ ਸੰਪਰਕ ਕਰ ਸਕਦੇ ਹਨ।"

ਜ਼ਿਕਰਯੋਗ ਹੈ ਕਿ ਕੈਨੇਡੀਅਨ ਅੰਬੈਸੀ ਦਾ ਇਹ ਮੈਸੇਜ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਦੇ ਗੇਟ ਨੰਬਰ 1 ਦੇ ਨੇੜੇ ਖੜ੍ਹੀ ਹਰਿਆਣਾ-ਰਜਿਸਟਰਡ ਕਾਰ ਵਿਚ ਇੱਕ ਭਿਆਨਕ ਧਮਾਕੇ ਦੇ ਕੁਝ ਘੰਟਿਆਂ ਬਾਅਦ ਆਇਆ, ਜਿਸ ਵਿਚ ਘੱਟੋ-ਘੱਟ 11 ਲੋਕ ਮਾਰੇ ਗਏ, ਜਦਕਿ ਇੱਕ ਦਰਜਨ ਤੋਂ ਵੱਧ ਹੋਰ ਜ਼ਖਮੀ ਹੋ ਗਏ।

# ਅਮਰੀਕਾ ਦੀ ਨੌਜਵਾਨ ਪੀੜ੍ਹੀ ਦਾ ਆਪਣੇ ਦੇਸ਼ ਤੋਂ ਮੋਹ ਹੋਇਆ ਭੰਗ!

■ **63 ਫੀਸਦੀ ਨੌਜਵਾਨ ਛੱਡਣਾ ਚਾਹੁੰਦੇ ਨੇ ਆਪਣਾ ਦੇਸ਼**

**ਵਾਸ਼ਿੰਗਟਨ, (ਪੰਜਾਬ ਮੇਲ)**– ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ 'ਚ ਨੌਜਵਾਨ ਪੀੜ੍ਹੀ ਦਾ ਆਪਣੇ ਦੇਸ਼ ਤੋਂ ਮੋਹ ਭੰਗ ਹੋ ਰਿਹਾ ਹੈ। ਅਮਰੀਕੀ ਮਨੋਵਿਗਿਆਨਕ ਐਸੋਸੀਏਸ਼ਨ ਵੱਲੋਂ ਕੀਤੇ ਗਏ ਇੱਕ ਨਵੇਂ ਸਰਵੇਖਣ ਅਨੁਸਾਰ, 18 ਤੋਂ 34 ਸਾਲ ਦੀ ਉਮਰ ਵਰਗ ਦੇ ਲਗਭਗ 63 ਫੀਸਦੀ ਨੌਜਵਾਨ ਹੁਣ ਅਮਰੀਕਾ ਛੱਡਣ ਬਾਰੇ ਵਿਚਾਰ ਕਰ ਰਹੇ ਹਨ।

ਇਸ ਅੰਕੜੇ ਨੇ ਮਾਹਰਾਂ ਦੀ ਚਿੰਤਾ ਵਧਾ ਦਿੱਤੀ ਹੈ, ਕਿਉਂਕਿ ਪਿਛਲੇ ਸਾਲ ਇਹ ਅੰਕੜਾ ਸਿਰਫ 41 ਫੀਸਦੀ ਸੀ। ਇਸ ਵੱਡੇ ਵਾਧੇ ਪਿੱਛੇ ਮੁੱਖ ਕਾਰਨਾਂ ਵਿਚ ਵਿੱਤੀ ਸੰਕਟ, ਰਾਜਨੀਤਿਕ ਅਸਥਿਰਤਾ, ਵਧਦੀ ਮਹਿੰਗਾਈ ਤੇ ਜਲਵਾਯੂ ਸੰਕਟ ਸ਼ਾਮਲ ਹਨ।

ਰਿਪੋਰਟਾਂ ਅਨੁਸਾਰ, ਕੋਵਿਡ-19 ਮਹਾਮਾਰੀ ਤੋਂ ਬਾਅਦ ਆਰਥਿਕ ਚੁਣੌਤੀਆਂ ਤੇ ਬੇਰੁਜ਼ਗਾਰੀ 'ਚ ਵਾਧੇ ਨੇ ਸਥਿਤੀ ਨੂੰ ਹੋਰ ਵੀ ਵਿਗਾੜ ਦਿੱਤਾ ਹੈ। ਇਸ ਦੇ ਨਾਲ ਹੀ ਕੰਮ ਦਾ ਜ਼ਿਆਦਾ ਤਣਾਅ (ਵਰਕ ਸਟਰੈੱਸ) ਵੀ ਇੱਕ ਵੱਡੀ ਵਜ੍ਹਾ ਹੈ। ਸਰਵੇਖਣ 'ਚ ਸ਼ਾਮਲ ਦਸਾਂ 'ਚੋਂ ਨੌਂ ਅਮਰੀਕੀ ਕਰਮਚਾਰੀਆਂ ਨੇ ਦੱਸਿਆ ਕਿ ਉਹ ਕੰਮ ਦੇ ਬੋਝ ਅਤੇ ਵਧਦੀਆਂ ਜ਼ਿੰਮੇਵਾਰੀਆਂ ਕਾਰਨ ਮਾਨਸਿਕ ਤੌਰ 'ਤੇ ਥੱਕ ਚੁੱਕੇ ਹਨ।

# ਬਾਲੀਵੁੱਡ ਅਦਾਕਾਰ ਧਰਮਿੰਦਰ ਨੂੰ ਮਿਲੀ ਹਸਪਤਾਲ ਤੋਂ ਛੁੱਟੀ

■ **ਪਰਿਵਾਰ ਵੱਲੋਂ ਘਰ 'ਚ ਇਲਾਜ ਕਰਨ ਦਾ ਫੈਸਲਾ**



**ਮੁੰਬਈ, (ਪੰਜਾਬ ਮੇਲ)**– ਬਜ਼ੁਰਗ ਬੌਲੀਵੁੱਡ ਅਦਾਕਾਰ ਧਰਮਿੰਦਰ ਨੂੰ ਬੁੱਧਵਾਰ ਸਵੇਰੇ ਬ੍ਰੀਚ ਕੈਂਡੀ ਹਸਪਤਾਲ ਵਿਚੋਂ ਛੁੱਟੀ ਦੇ ਦਿੱਤੀ ਗਈ ਹੈ। ਅਦਾਕਾਰ ਦਾ ਇਲਾਜ ਕਰ ਰਹੇ ਡਾਕਟਰ ਨੇ ਦੱਸਿਆ ਕਿ ਪਰਿਵਾਰ ਨੇ ਧਰਮ ਜੀ ਨੂੰ ਘਰ ਲਿਜਾਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦਾ ਬਾਕੀ ਇਲਾਜ ਉਥੇ ਹੀ ਚੱਲੇਗਾ। 89 ਸਾਲਾ ਅਦਾਕਾਰ ਪਿਛਲੇ ਕੁਝ ਸਮੇਂ ਤੋਂ ਬਿਮਾਰ ਹੈ ਤੇ ਉਨ੍ਹਾਂ ਦਾ ਹਸਪਤਾਲ ਆਉਣ-ਜਾਣ ਲੱਗਾ ਹੋਇਆ ਹੈ। ਡਾ. ਪ੍ਰਤੀਤ ਸਮਦਾਨੀ ਨੇ ਕਿਹਾ, "ਧਰਮੇਂਦਰ ਜੀ ਸਵੇਰੇ ਸਾਢੇ ਸੱਤ ਵਜੇ ਦੇ ਕਰੀਬ ਹਸਪਤਾਲ 'ਚੋਂ ਡਿਸਚਾਰਜ ਕਰ ਦਿੱਤਾ ਗਿਆ ਹੈ। ਪਰਿਵਾਰ ਵੱਲੋਂ ਕੀਤੇ ਫੈਸਲੇ ਮੁਤਾਬਕ ਉਨ੍ਹਾਂ ਦਾ ਘਰ ਵਿਚ ਹੀ ਇਲਾਜ ਕੀਤਾ ਜਾਵੇਗਾ।" ਇਸ ਦੌਰਾਨ ਅਦਾਕਾਰ ਦੇ ਪਰਿਵਾਰ ਦੀ 'ਨਿੱਜਤਾ' ਤੇ 'ਸਤਿਕਾਰ' ਬਣਾ ਕੇ ਰੱਖਣ ਦੀ ਅਪੀਲ ਕੀਤੀ ਹੈ।

ਅਦਾਕਾਰ ਦੇ ਪੁੱਤਰ ਸੰਨੀ ਦਿਓਲ ਦੀ ਪੀਆਰ ਟੀਮ ਨੇ ਇਕ ਬਿਆਨ ਵਿਚ ਕਿਹਾ, "ਸ੍ਰੀ ਧਰਮਿੰਦਰ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ ਅਤੇ ਉਹ ਘਰ ਵਿਚ ਹੀ ਆਪਣੀ ਸਿਹਤਯਾਬੀ ਜਾਰੀ ਰੱਖਣਗੇ। ਅਸੀਂ ਮੀਡੀਆ ਅਤੇ ਜਨਤਾ ਨੂੰ ਬੇਨਤੀ ਕਰਦੇ ਹਾਂ ਕਿ ਉਹ ਇਸ ਸਮੇਂ ਦੌਰਾਨ ਕਿਸੇ ਵੀ ਹੋਰ ਅਟਕਲਾਂ ਤੋਂ ਬਚਣ ਅਤੇ ਉਨ੍ਹਾਂ ਦੀ ਅਤੇ ਪਰਿਵਾਰ ਦੀ ਨਿੱਜਤਾ ਦਾ ਸਤਿਕਾਰ ਕਰਨ। ਅਸੀਂ ਉਨ੍ਹਾਂ ਦੀ ਨਿਰੰਤਰ ਸਿਹਤਯਾਬੀ, ਚੰਗੀ ਸਿਹਤ ਅਤੇ ਲੰਬੀ ਉਮਰ ਲਈ ਸਾਰਿਆਂ ਦੇ ਪਿਆਰ, ਪ੍ਰਾਰਥਨਾਵਾਂ ਅਤੇ ਸ਼ੁਭਕਾਮਨਾਵਾਂ ਦੀ ਕਦਰ ਕਰਦੇ ਹਾਂ। ਕਿਰਪਾ ਕਰਕੇ ਉਨ੍ਹਾਂ ਦਾ ਸਤਿਕਾਰ ਕਰੋ ਕਿਉਂਕਿ ਉਹ ਤੁਹਾਨੂੰ ਪਿਆਰ ਕਰਦੇ ਹਨ।" ਕਾਬਿਲੇਗੌਰ ਹੈ ਕਿ ਮੰਗਲਵਾਰ ਨੂੰ ਕਈ ਮੀਡੀਆ ਅਦਾਰਿਆਂ ਨੇ ਆਪਣੀਆਂ ਰਿਪੋਰਟਾਂ ਵਿਚ ਦਾਅਵਾ ਕੀਤਾ ਸੀ ਬਜ਼ੁਰਗ ਅਦਾਕਾਰ ਧਰਮਿੰਦਰ ਹੁਣ ਸਾਡੇ ਵਿਚ ਨਹੀਂ ਰਹੇ। ਹਾਲਾਂਕਿ ਪਰਿਵਾਰ ਨੇ ਇਨ੍ਹਾਂ ਦਾ ਖੰਡਨ ਕੀਤਾ ਅਤੇ ਨਿੱਜਤਾ ਬਣਾ ਕੇ ਰੱਖਣ ਦੀ ਅਪੀਲ ਕੀਤੀ।

# ਦਿੱਲੀ ਬਲਾਸਟ; ਅਮਰੀਕੀ ਦੂਤਘਰ ਵੱਲੋਂ ਆਪਣੇ ਨਾਗਰਿਕਾਂ ਲਈ ਸੁਰੱਖਿਆ ਐਡਵਾਈਜ਼ਰੀ ਜਾਰੀ

■ **ਬਲਾਸਟ ਨੂੰ ਲੈ ਕੇ ਯੂ.ਏ.ਪੀ.ਏ. ਤਹਿਤ ਕੇਸ ਦਰਜ**

**ਨਵੀਂ ਦਿੱਲੀ, (ਪੰਜਾਬ ਮੇਲ)**– ਸੋਮਵਾਰ ਸ਼ਾਮ ਨੂੰ ਦਿੱਲੀ ਦੇ ਇਤਿਹਾਸਕ ਲਾਲ ਕਿਲ੍ਹੇ ਦੇ ਨੇੜੇ ਇੱਕ ਵੱਡਾ ਹਾਦਸਾ ਵਾਪਰਿਆ। ਲਾਲ ਕਿਲ੍ਹਾ ਮੈਟਰੋ ਸਟੇਸ਼ਨ ਦੇ ਨੇੜੇ ਇੱਕ ਕਾਰ ਵਿਚ ਧਮਾਕਾ ਹੋਇਆ, ਜਿਸ ਵਿਚ 13 ਲੋਕ ਮਾਰੇ ਗਏ ਅਤੇ ਕਈ ਹੋਰ ਜ਼ਖਮੀ ਹੋ ਗਏ ਸਨ। ਇਹ ਘਟਨਾ ਸੋਮਵਾਰ ਸ਼ਾਮ 7 ਵਜੇ ਦੇ ਕਰੀਬ ਵਾਪਰੀ, ਜਦੋਂ ਇੱਕ ਹੁੰਡਈ ਆਈ-20 ਕਾਰ ਅਚਾਨਕ ਫਟ ਗਈ। ਧਮਾਕੇ ਨਾਲ ਨੇੜਲੇ ਵਾਹਨਾਂ ਨੂੰ ਵੀ ਕਾਫ਼ੀ ਨੁਕਸਾਨ ਪਹੁੰਚਿਆ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਹਾਦਸੇ ਦੀ ਸੂਚਨਾ ਮਿਲਣ 'ਤੇ ਦਿੱਲੀ ਅਪਰਾਧ ਸ਼ਾਖਾ ਅਤੇ ਵਿਸ਼ੇਸ਼ ਸ਼ਾਖਾ ਦੀਆਂ ਟੀਮਾਂ 10 ਮਿੰਟਾਂ ਦੇ ਅੰਦਰ-ਅੰਦਰ ਘਟਨਾ ਸਥਾਨ 'ਤੇ ਪਹੁੰਚ ਗਈਆਂ। ਜਾਂਚ ਜਾਰੀ ਹੈ ਅਤੇ ਧਮਾਕੇ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ।

ਧਮਾਕੇ ਤੋਂ ਬਾਅਦ ਅਮਰੀਕੀ ਦੂਤਘਰ ਨੇ ਭਾਰਤ ਵਿਚ ਰਹਿਣ ਵਾਲੇ ਆਪਣੇ ਨਾਗਰਿਕਾਂ ਲਈ ਸੁਰੱਖਿਆ ਐਡਵਾਈਜ਼ਰੀ ਜਾਰੀ ਕੀਤੀ ਹੈ। ਦੂਤਘਰ ਨੇ ਆਪਣੀ ਵੈੱਬਸਾਈਟ 'ਤੇ ਲਿਖਿਆ, "10 ਨਵੰਬਰ, 2025 ਨੂੰ ਦਿੱਲੀ ਦੇ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਦੇ ਨੇੜੇ ਇੱਕ ਕਾਰ ਵਿਚ ਧਮਾਕਾ ਹੋਇਆ। ਕਈ ਲੋਕਾਂ ਦੇ ਜ਼ਖਮੀ ਹੋਣ ਦੀ ਸੂਚਨਾ ਹੈ। ਧਮਾਕੇ ਦਾ ਕਾਰਨ ਫਿਲਹਾਲ ਅਣਜਾਣ ਹੈ।" ਦੂਤਘਰ ਨੇ ਆਪਣੇ ਨਾਗਰਿਕਾਂ ਨੂੰ ਲਾਲ ਕਿਲ੍ਹਾ, ਚਾਂਦਨੀ ਚੌਕ ਅਤੇ ਭੀੜ-ਭੜੱਕੇ ਵਾਲੇ ਇਲਾਕਿਆਂ ਤੋਂ ਦੂਰ ਰਹਿਣ, ਸਥਾਨਕ ਮੀਡੀਆ ਨਾਲ ਅਪਡੇਟ ਰਹਿਣ ਅਤੇ ਚੌਕਸ ਰਹਿਣ ਦੀ ਸਲਾਹ ਦਿੱਤੀ ਹੈ।

ਬ੍ਰਿਟੇਨ, ਸ਼੍ਰੀਲੰਕਾ, ਮੋਰੋਕੋ ਅਤੇ ਆਸਟ੍ਰੇਲੀਆ ਦੇ ਡਿਪਲੋਮੈਟਾਂ ਨੇ ਧਮਾਕੇ ਤੋਂ ਬਾਅਦ ਆਪਣੀ ਹਮਦਰਦੀ ਪ੍ਰਗਟ ਕੀਤੀ। ਬ੍ਰਿਟਿਸ਼ ਹਾਈ ਕਮਿਸ਼ਨਰ ਲਿੰਡੀ ਕੈਮਰਨ ਨੇ ਕਿਹਾ, "ਦਿੱਲੀ ਦੇ ਲਾਲ ਕਿਲ੍ਹੇ ਦੇ ਨੇੜੇ ਹੋਏ ਧਮਾਕੇ ਤੋਂ ਪ੍ਰਭਾਵਿਤ ਸਾਰੇ ਲੋਕਾਂ ਪ੍ਰਤੀ ਮੇਰੀ ਹਮਦਰਦੀ।" ਸ਼੍ਰੀਲੰਕਾ ਹਾਈ ਕਮਿਸ਼ਨ ਨੇ ਟਵਿੱਟਰ 'ਤੇ ਲਿਖਿਆ, "ਅਸੀਂ ਉਨ੍ਹਾਂ ਪਰਿਵਾਰਾਂ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕਰਦੇ ਹਾਂ, ਜਿਨ੍ਹਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਹੈ। ਅਸੀਂ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦੇ ਹਾਂ।" ਮੋਰੋਕੋ ਅਤੇ ਆਸਟ੍ਰੇਲੀਆ ਦੇ ਡਿਪਲੋਮੈਟਾਂ ਨੇ ਵੀ ਪੀੜਤਾਂ ਦੇ ਪਰਿਵਾਰਾਂ ਪ੍ਰਤੀ ਸੰਵੇਦਨਾ ਪੋਸਟ ਕੀਤੀ ਅਤੇ ਭਾਰਤ ਨਾਲ ਇਕਜੁੱਟਤਾ ਪ੍ਰਗਟ ਕੀਤੀ।

# 'ਸਿੱਖ ਕੌਮ ਵੱਲੋਂ ਨਸਲਕੁਸ਼ੀ ਵਿਰੁੱਧ ਮੁਹਿੰਮ'

■ ਯੂਬਾ ਸਿਟੀ (ਕੈਲੀਫੋਰਨੀਆ) ਵਿਖੇ ਸਿੱਖ ਕੌਮ ਨੇ ਖ਼ੂਨਦਾਨ ਕਰਕੇ ਰਿਕਾਰਡ ਸਥਾਪਤ ਕੀਤਾ






**ਯੂਬਾ ਸਿਟੀ, (ਪੰਜਾਬ ਮੇਲ)**- ਨਵੰਬਰ 1984 'ਚ ਹਿੰਦੋਸਤਾਨ ਭਰ ਵਿਚ ਜਨੂੰਨੀ ਲੋਕਾਂ ਵੱਲੋਂ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਸਿੱਖਾਂ ਦੀ ਕੀਤੀ ਨਸਲਕੁਸ਼ੀ ਨੂੰ ਦੁਨੀਆਂ ਭਰ ਵਿਚ ਉਜਾਗਰ ਕਰਨ ਲਈ ਸਿੱਖ ਕੌਮ ਵਲੋਂ ਪਿਛਲੇ ਤਿੰਨ ਦਹਾਕਿਆ ਤੋਂ 'ਬਲੱਡ ਡੋਨੇਸ਼ਨ ਵੱਲੋਂ ਸਿੱਖ ਨੇਸ਼ਨ' ਮੁਹਿੰਮ ਆਰੰਭ ਕੀਤੀ ਗਈ ਹੈ। ਬੇਸ਼ੱਕ 1999 ਤੋਂ ਸਰੀ (ਬੀ.ਸੀ.) ਕੈਨੇਡਾ ਤੋਂ ਸ਼ੁਰੂ ਹੋਈ ਇਹ ਮੁਹਿੰਮ ਹੁਣ ਕੈਨੇਡਾ ਭਰ ਹੀ ਨਹੀਂ, ਪੂਰੀ ਦੁਨੀਆਂ ਵਿਚ ਫੈਲ ਚੁੱਕੀ ਹੈ।

ਪਿਛਲੇ ਦਿਨੀ 2 ਨਵੰਬਰ ਨੂੰ ਯੂਬਾ ਸਿਟੀ (ਕੈਲੀਫੋਰਨੀਆ) ਵਿਖੇ ਸਿੱਖ ਕੌਮ ਨੇ ਨਾਰਥ ਅਮਰੀਕਾ ਵਿਚ ਰਿਕਾਰਡ ਸਥਾਪਤ ਕੀਤਾ ਹੈ। ਪਿਛਲੇ ਸਾਲ ਨਸਲਕੁਸ਼ੀ ਨੂੰ ਯਾਦ ਕਰਦੇ ਹੋਏ ਯੂਬਾ ਸਿਟੀ ਵਿਖੇ 125 ਸਿੱਖਾਂ ਵੱਲੋਂ ਖ਼ੂਨਦਾਨ ਕੀਤਾ ਗਿਆ ਸੀ ਪਰ ਇਸ ਸਾਲ 2025 'ਚ ਨਾਰਥ ਅਮਰੀਕਾ ਵਿਚ ਰਿਕਾਰਡ ਸਥਾਪਤ ਕਰ ਦਿੱਤਾ ਹੈ। ਕੇਵਲ 6 ਘੰਟੇ ਦੇ ਸਮੇਂ ਵਿਚ 174 ਸਿੱਖ ਵੀਰ-ਭੈਣਾਂ ਨੇ ਖ਼ੂਨਦਾਨ ਕਰਕੇ ਨਵਾਂ ਰਿਕਾਰਡ ਸਥਾਪਤ ਕੀਤਾ ਹੈ। ਅਮਰੀਕਾ ਵਿਚ ਖ਼ੂਨਦਾਨ ਲੈਣ ਵਾਲੀ ਸੰਸਥਾ ਵੈਟਾ ਲੈਂਟ ਵੱਲੋਂ ਕਿਹਾ ਗਿਆ ਕਿ ਇੰਨੇ ਘੱਟ ਸਮੇਂ ਵਿਚ ਵੱਡੀ ਗਿਣਤੀ ਵਿਚ ਖ਼ੂਨਦਾਨ ਦੇਣਾ, ਇਹ ਇੱਕ ਰਿਕਾਰਡ ਹੈ। ਵਰਨਣਯੋਗ ਹੈ ਕਿ 200 ਤੋਂ ਵੱਧ ਲੋਕ ਰਜਿਸਟਰਡ ਹੋਏ ਪਰ ਲੋਕ ਅਜੇ ਵੀ ਲਾਈਨਾਂ ਵਿਚ ਸਨ ਪਰ ਖ਼ੂਨਦਾਨ ਲੈਣ ਵਾਲੇ ਸਟਾਫ ਨੇ ਸਮਾਂ ਤੇ ਨਰਸਾਂ ਦੀ ਥਕਾਵਟ ਦੇਖ ਕੇ ਬੇਬੱਸੀ ਜ਼ਾਹਰ ਕੀਤੀ ਕਿ ਹੋਰ ਖ਼ੂਨਦਾਨ ਨਾ ਲੈਣਾ ਸਾਡੀ ਮਜਬੂਰੀ ਹੈ। ਪਰ ਉਨ੍ਹਾਂ ਦੀ ਮੁਖੀ ਲੂਸੀ ਲਿਲਾਰਡ ਨੇ ਵਾਅਦਾ ਕੀਤਾ ਕਿ ਅਗਲੇ ਸਾਲ ਅਸੀਂ ਪੰਜ ਬੱਸਾਂ ਦਾ ਪ੍ਰਬੰਧ ਕਰਾਂਗੇ।

ਇਥੇ ਇਹ ਵੀ ਦੱਸਣਯੋਗ ਹੈ ਕਿ 1984 'ਚ ਭਾਰਤ ਦੇ ਅਖੌਤੀ ਲੋਕਤੰਤਰ ਦੀਆਂ ਗਲੀਆਂ ਵਿਚ ਚਿੱਟੇ ਦਿਨ 30,000 ਤੋਂ ਵੱਧ ਸਿੱਖਾਂ ਦੇ ਭਿਆਨਕ ਕਤਲੇਆਮ ਲਈ ਜ਼ਿੰਮੇਵਾਰ ਤਾਕਤਾਂ ਨੂੰ ਬੇਨਕਾਬ ਕਰਨ ਲਈ ਦੁਨੀਆਂ ਭਰ ਵਿਚ ਵਸਦੀ ਸਿੱਖ ਕੌਮ ਵਲੋਂ ਉੱਠਾਈ ਇਹ ਅਵਾਜ਼ ਗੁਰੂ ਨਾਨਕ ਪਾਤਸ਼ਾਹ ਵੱਲੋਂ ਐਮਨਾਬਾਦ ਦੀ ਧਰਤੀ ਉੱਪਰ ਦਿੱਤੇ ਸੁਨੇਹੇ 'ਤੇ ਪਹਿਰਾ ਦੇ ਰਹੀ ਹੈ। ਦੁਨੀਆਂ ਭਰ ਵਿਚ ਵੱਸਦੀ ਸਿੱਖ ਕੌਮ ਦਾ ਇਹ ਅਟੱਲ ਵਿਸ਼ਵਾਸ਼ ਅਤੇ ਭਰੋਸਾ ਹੈ ਕਿ ਲੋਕਾਂ ਦੀ ਤਾਕਤ ਤੋਂ ਵੱਡੀ ਕੋਈ ਤਾਕਤ ਨਹੀਂ ਅਤੇ ਜਾਬਰ ਭਾਵੇਂ ਕਿੰਨਾ ਵੀ ਤਾਕਤਵਾਰ ਅਤੇ ਮੱਕਾਰ ਕਿਉਂ ਨਾ ਹੋਵੇ, ਉਹ ਸੱਚ ਨੂੰ ਖਤਮ ਨਹੀਂ ਕਰ ਸਕਦਾ।

ਆਉ ਆਪਾਂ ਸਾਰੇ ਮਨੁੱਖਤਾ ਨੂੰ ਦਰਪੇਸ਼ ਨਸਲਕੁਸ਼ੀ ਦੀ ਇਸ ਚੁਣੌਤੀ ਨੂੰ ਕਬੂਲ ਕਰਦੇ ਹੋਏ ਆਪੋ-ਆਪਣੇ ਸਾਧਨਾਂ ਰਾਹੀਂ ਅਜਿਹੀ ਗੈਰ-ਮਨੁੱਖੀ ਸੋਚ ਵਿਰੁੱਧ ਆਵਾਜ਼ ਬੁਲੰਦ ਕਰੀਏ। ਨਸ਼ਲਕੁਸ਼ੀ ਵਿਰੁੱਧ ਆਪਣੇ ਸਾਰਿਆਂ ਵਲੋਂ ਰਲ ਕੇ ਕੀਤੇ ਇਹ ਯਤਨ ਹਰ ਹਾਲ ਵਿਚ ਇੱਕ ਸੁਰੱਖਿਅਤ ਸਮਾਜ ਸਿਰਜਣ ਲਈ ਸਾਰਥਿਕ ਸਾਬਤ ਹੋਣਗੇ। ਪ੍ਰਸਿੱਧ ਫਿਲਾਸਫਰ ਐਡਮੰਡ ਬਰਕ ਨੇ ਕਿਹਾ ਕਿ "ਚੰਗੇ ਲੋਕਾਂ ਦੀ ਚੁੱਪ ਹੀ ਬੁਰਾਈ ਦੀ ਜਿੱਤ ਦਾ ਕਾਰਨ ਬਣਦੀ ਹੈ, ਇਸ ਲਈ ਸਾਨੂੰ ਨਸਲਕੁਸ਼ੀ ਵਿਰੁੱਧ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ"।

## ਮਹਿੰਗਾਈ ਦੀ ਮਾਰ ਕਾਰਨ ਪਹਿਲੀ ਵਾਰ ਖਰੀਦਦਾਰੀ ਕਰਨ ਵਾਲਿਆਂ ਦੀ ਗਿਣਤੀ ਘਟੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਵਿਚ ਮਹਿੰਗਾਈ ਦੀ ਮਾਰ ਕਾਰਨ ਪਹਿਲੀ ਵਾਰ ਖਰੀਦਦਾਰੀ ਕਰਨ ਵਾਲੇ ਨੌਜਵਾਨਾਂ ਦੀ ਗਿਣਤੀ ਘਟੀ ਹੈ। ਪਹਿਲੀ ਵਾਰ ਖਰੀਦਦਾਰੀ ਕਰਨ ਵਾਲੇ ਲੋਕ ਬਾਜ਼ਾਰ ਵਿਚੋਂ ਗਾਇਬ ਹੋ ਗਏ ਹਨ ਤੇ ਇਹ ਸਭ ਤੋਂ ਹੇਠਲੇ ਪੱਧਰ 'ਤੇ ਖਿਸਕ ਗਏ ਹਨ। ਨੈਸ਼ਨਲ ਐਸੋਸੀਏਸ਼ਨ ਆਫ ਰਿਟੇਲਰਜ਼ ਨੇ ਜਾਰੀ ਘਰੇਲੂ ਖਰੀਦਦਾਰਾਂ ਤੇ ਵਿਕ੍ਰੇਤਾ ਬਾਰੇ ਆਪਣੀ 2025 ਦੀ ਪ੍ਰੋਫਾਈਲ ਵਿਚ ਕਿਹਾ ਹੈ ਕਿ ਜੂਨ 2025 ਨੂੰ ਖਤਮ ਹੋਏ ਸਾਲ ਦੌਰਾਨ ਕੇਵਲ 21 % ਲੋਕਾਂ ਨੇ ਪਹਿਲੀ ਵਾਰ ਖਰੀਦਦਾਰੀ ਕੀਤੀ। ਇਸ ਤੋਂ ਪਹਿਲਾਂ 1981 ਵਿਚ ਸਭ ਤੋਂ ਘੱਟ 38% ਲੋਕਾਂ ਨੇ ਪਹਿਲੀ ਵਾਰ ਖਰੀਦਦਾਰੀ ਕੀਤੀ ਸੀ। ਨੈਸ਼ਨਲ ਐਸੋਸੀਏਸ਼ਨ ਆਫ ਰਿਟੇਲਰਜ਼ ਦੀ ਆਰਥਕ ਮਾਹਿਰ ਉੱਪ ਮੁਖੀ ਜੈਸੀਕਾ ਲਾਊਟਜ਼ ਨੇ ਕਿਹਾ ਹੈ ਕਿ ਘਰੇਲੂ ਖਰੀਦਦਾਰੀ ਡਗਮਗਾ ਗਈ ਹੈ। ਇਸ ਦਾ ਸਿੱਧਾ ਅਰਥ ਹੈ ਕਿ ਲੋਕ ਮਹਿੰਗਾਈ ਦੀ ਮਾਰ ਝਲਣ ਵਿਚ ਅਸਮਰਥ ਨਜ਼ਰ ਆ ਰਹੇ ਹਨ। ਉਨ੍ਹਾਂ ਦੀ ਆਮਦਨ ਘਟੀ ਹੈ, ਜਦਕਿ ਇਸ ਦੇ ਉਲਟ ਬਾਜ਼ਾਰ ਮਹਿੰਗਾ ਹੋ ਗਿਆ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਕੈਲੀਫੋਰਨੀਆ ਵਾਸੀ ਪਿਤਾ ਨੂੰ ਆਪਣੇ 7 ਮਹੀਨਿਆਂ ਦੇ ਪੁੱਤਰ ਦੀ ਹੱਤਿਆ ਦੇ ਮਾਮਲੇ 'ਚ 25 ਸਾਲ ਕੈਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ ਪੰਜਾਬ ਮੇਲ)**- ਕੈਲੀਫੋਰਨੀਆ ਵਾਸੀ 32 ਸਾਲਾ ਪਿਤਾ ਜੇਕ ਹਾਰੋ ਨੂੰ ਆਪਣੇ 7 ਮਹੀਨਿਆਂ ਦੇ ਪੁੱਤਰ ਏਮਾਨੂਅਲ ਹਾਰੋ ਦੀ ਹੱਤਿਆ ਕਰਨ ਦੇ ਮਾਮਲੇ ਵਿਚ 25 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜੇਕ ਹਾਰੋ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਹੱਤਿਆ ਕਰਨ ਤੋਂ ਬਾਅਦ ਹਾਰੋ ਨੇ ਆਪਣੇ ਪੁੱਤਰ ਨੂੰ ਅਗਵਾ ਕਰ ਲਏ ਜਾਣ ਦੀ ਝੂਠੀ ਕਹਾਣੀ ਘੜੀ ਸੀ। ਰਿਵਰਸਾਈਡ ਕਾਊਂਟੀ ਸੁਪੀਰੀਅਰ ਕੋਰਟ ਜੱਜ ਚਾਰਲਸ ਪੋਲਕ ਨੇ ਜਿਉਂ ਹੀ ਸਜ਼ਾ ਸੁਣਾਈ, ਹਾਰੋ ਰੋ ਪਿਆ। ਵਕੀਲਾਂ ਨੇ ਹਾਰੋ ਨੂੰ ਵਧ ਤੋਂ ਵਧ ਸਜ਼ਾ ਦੇਣ ਦੀ ਬੇਨਤੀ ਕੀਤੀ ਤੇ ਕਿਹਾ ਕਿ ਉਹ 2018 ਵਿਚ ਆਪਣੀ 10 ਹਫਤਿਆਂ ਦੀ ਧੀ ਕਾਰੋਲੀਨਾ ਉਪਰ ਅੱਤਿਆਚਾਰ ਕਰਨ ਦੇ ਮਾਮਲੇ ਵਿਚ ਵੀ ਦੋਸ਼ੀ ਪਾਇਆ ਗਿਆ ਸੀ। ਡਿਸਟ੍ਰਿਕਟ ਅਟਾਰਨੀ ਮਾਈਕਲ ਹੇਸਟਰਿਨ ਨੇ ਜੱਜ ਨੂੰ ਲਿਖਤੀ ਰੂਪ ਵਿਚ ਕਿਹਾ ਕਿ ਸੰਸਾਰ ਵਿਚ ਇਸ ਤੋਂ ਵੀ ਕੋਈ ਵੱਡੀ ਬੁਰਾਈ ਹੋ ਸਕਦੀ ਹੈ, ਮੈਨੂੰ ਪਤਾ ਨਹੀਂ ਹੈ।

## ਪੋਪ ਵੱਲੋਂ ਅਮਰੀਕਾ 'ਚ ਹਿਰਾਸਤ 'ਚ ਲਏ ਗਏ ਪ੍ਰਵਾਸੀਆਂ ਨਾਲ ਵਿਹਾਰ 'ਤੇ ਚਿੰਤਾ ਜ਼ਾਹਿਰ



**ਵੈਟੀਕਨ ਸਿਟੀ, (ਪੰਜਾਬ ਮੇਲ)**- ਪੋਪ ਲਿਓ 14ਵੇਂ ਨੇ ਅਮਰੀਕਾ 'ਚ ਹਿਰਾਸਤ ਵਿਚ ਲਏ ਗਏ ਪ੍ਰਵਾਸੀਆਂ ਨਾਲ ਹੋ ਰਹੇ ਵਿਹਾਰ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਕਈ ਲੋਕ ਜੋ ਸਾਲਾਂ ਤੋਂ ਉੱਥੇ ਰਹਿ ਰਹੇ ਹਨ ਤੇ ਉਨ੍ਹਾਂ ਕਦੀ ਕੋਈ ਸਮੱਸਿਆ ਪੈਦਾ ਨਹੀਂ ਕੀਤੀ, ਉਹ ਇਸ ਸਮੇਂ ਜੋ ਕੁਝ ਹੋ ਰਿਹਾ ਹੈ, ਉਸ ਤੋਂ ਬਹੁਤ ਪ੍ਰਭਾਵਿਤ ਹੋਏ ਹਨ। ਸ਼ਿਕਾਗੋ 'ਚ ਜਨਮੇ ਪੋਪ ਬੀਤੇ ਦਿਨੀਂ ਕਾਸਲ ਗੰਡੋਲਫੋ 'ਚ ਪੋਪ ਰੀਟਰੀਟ ਦੇ ਬਾਹਰ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦੇ ਰਹੇ ਸਨ, ਜਿਨ੍ਹਾਂ 'ਚ ਅਮਰੀਕੀ ਹਿਰਾਸਤ 'ਚ ਪ੍ਰਵਾਸੀਆਂ ਦੇ ਅਧਿਆਤਮਿਕ ਅਧਿਕਾਰ, ਵੈਨੇਜ਼ੁਏਲਾ ਦੇ ਤੱਟ 'ਤੇ ਸ਼ੱਕੀ ਡਰੱਗ ਤਸਕਰਾਂ 'ਤੇ ਅਮਰੀਕੀ ਸੈਨਾ ਦੇ ਹਮਲੇ ਤੇ ਮੱਧ ਪੂਰਬ 'ਚ ਜੰਗਬੰਦੀ ਜਿਹੇ ਸਵਾਲ ਸ਼ਾਮਲ ਸਨ। ਲਿਓ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਧਰਮ ਗ੍ਰੰਥ ਉਸ ਸਵਾਲ 'ਤੇ ਜ਼ੋਰ ਦਿੰਦੇ ਹਨ ਕਿ ਜੋ ਦੁਨੀਆਂ ਦੇ ਅੰਤ ਸਮੇਂ ਪੁੱਛਿਆ ਜਾਵੇਗਾ: "ਤੁਸੀਂ ਉਸ ਵਿਦੇਸ਼ੀ ਦਾ ਸਵਾਗਤ ਕਿਸ ਤਰ੍ਹਾਂ ਕੀਤਾ। ਕੀ ਤੁਸੀਂ ਉਸ ਦਾ ਸਵਾਗਤ ਕੀਤਾ ਜਾਂ ਨਹੀ ?




EXPO
Furniture Gallery
We offer 0% interest financing and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
SPECIAL SALE
Best price guaranteed.
Designed By Punjab Mail USA
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਟਰੰਪ ਪ੍ਰਸ਼ਾਸਨ ਦਾ ਨਵਾਂ ਹੁਕਮ: ਸਿਹਤ ਸਮੱਸਿਆਵਾਂ ਵਾਲੇ ਪ੍ਰਵਾਸੀਆਂ ਦਾ ਅਮਰੀਕਾ ਵਿਚ ਦਾਖਲਾ ਔਖਾ

**ਨਿਊਯਾਰਕ, (ਪੰਜਾਬ ਮੇਲ)**- ਟਰੰਪ ਪ੍ਰਸ਼ਾਸਨ ਨੇ ਦੁਨੀਆਂ ਭਰ ਦੇ ਅਮਰੀਕੀ ਕੌਂਸਲਰ ਦਫ਼ਤਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਅਮਰੀਕਾ ਵਿਚ ਦਾਖਲ ਹੋਣ ਅਤੇ ਰਹਿਣ ਦੀ ਇੱਛਾ ਰੱਖਣ ਵਾਲੇ ਵਿਅਕਤੀਆਂ ਨੂੰ ਅਯੋਗ ਸਮਝਣ, ਜੇ ਉਨ੍ਹਾਂ ਨੂੰ ਕੁਝ ਡਾਕਟਰੀ ਸਥਿਤੀਆਂ ਹਨ। ਉਨ੍ਹਾਂ ਕਿਹਾ ਕਿ ਇਹ ਲੋਕ ਜਨਤਕ ਲਾਭਾਂ 'ਤੇ ਨਿਰਭਰ ਹੋ ਸਕਦੇ ਹਨ।

ਇੱਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਮਰੀਕਾ 'ਚ ਰਹਿਣ ਲਈ ਵੀਜ਼ਾ ਲਈ ਅਰਜ਼ੀ ਦੇਣ ਵਾਲੇ ਵਿਦੇਸ਼ੀਆਂ ਨੂੰ ਜੇਕਰ ਉਨ੍ਹਾਂ ਨੂੰ ਕੁਝ ਡਾਕਟਰੀ ਸਥਿਤੀਆਂ ਹਨ, ਤਾਂ ਉਨ੍ਹਾਂ ਨੂੰ ਰੱਦ ਕੀਤਾ ਜਾ ਸਕਦਾ ਹੈ। ਰਿਪੋਰਟ ਵਿਚ ਵਿਦੇਸ਼ ਵਿਭਾਗ ਵੱਲੋਂ ਦੂਤਾਵਾਸ ਅਤੇ ਕੌਂਸਲਰ ਅਧਿਕਾਰੀਆਂ ਨੂੰ ਭੇਜੀ ਗਈ ਇੱਕ ਕੇਬਲ 'ਚ ਜਾਰੀ ਕੀਤੇ ਗਏ ਇੱਕ ਮਾਰਗਦਰਸ਼ਨ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਅਨੁਸਾਰ, "ਤੁਹਾਨੂੰ ਬਿਨੈਕਾਰ ਦੀ ਸਿਹਤ 'ਤੇ ਵਿਚਾਰ ਕਰਨਾ ਚਾਹੀਦਾ ਹੈ... ਕੁਝ ਡਾਕਟਰੀ ਸਥਿਤੀਆਂ - ਜਿਨ੍ਹਾਂ ਵਿਚ ਕਾਰਡੀਓਵੈਸਕੁਲਰ ਰੋਗ, ਸਾਹ ਦੀਆਂ ਬਿਮਾਰੀਆਂ, ਕੈਂਸਰ, ਡਾਇਬੀਟੀਜ਼, ਮੈਟਾਬੋਲਿਕ ਰੋਗ, ਨਿਊਰੋਲੋਜੀਕਲ ਰੋਗ ਅਤੇ ਮਾਨਸਿਕ ਸਿਹਤ ਸਥਿਤੀਆਂ ਸ਼ਾਮਲ ਹਨ, ਪਰ ਇਨ੍ਹਾਂ ਤੱਕ ਸੀਮਤ ਨਹੀਂ ਹਨ, ਲਈ ਸੈਂਕੜੇ



ਹਜ਼ਾਰਾਂ ਡਾਲਰਾਂ ਦੀ ਦੇਖਭਾਲ ਦੀ ਲੋੜ ਹੋ ਸਕਦੀ ਹੈ।"

ਕੇਬਲ ਵੀਜ਼ਾ ਅਧਿਕਾਰੀਆਂ ਨੂੰ ਆਪਣੇ ਫੈਸਲੇ ਲੈਣ ਵਿਚ ਮੋਟਾਪੇ ਵਰਗੀਆਂ ਸਥਿਤੀਆਂ 'ਤੇ ਵਿਚਾਰ ਕਰਨ ਦੀ ਸਲਾਹ ਵੀ ਦਿੰਦੀ ਹੈ, ਇਹ ਨੋਟ ਕਰਦੇ ਹੋਏ ਕਿ ਇਹ ਸਥਿਤੀ ਦਮਾ, ਸਲੀਪ ਐਪਨੀਆ ਅਤੇ ਹਾਈ ਬਲੱਡ ਪ੍ਰੈਸ਼ਰ ਦਾ ਕਾਰਨ ਬਣ ਸਕਦੀ ਹੈ।

ਰਿਪੋਰਟ ਅਨੁਸਾਰ ਨਵੀਂਆਂ ਸੇਧਾਂ ਵੀਜ਼ਾ ਅਧਿਕਾਰੀਆਂ ਨੂੰ ਕਈ ਨਵੇਂ ਕਾਰਨਾਂ ਕਰਕੇ ਅਮਰੀਕਾ ਵਿਚ ਦਾਖਲ ਹੋਣ ਲਈ ਅਯੋਗ ਸਮਝਣ ਲਈ ਨਿਰਦੇਸ਼ਿਤ ਕਰਦਾ ਹੈ, ਜਿਸ ਵਿਚ ਉਮਰ ਜਾਂ ਸੰਭਾਵਨਾ ਸ਼ਾਮਲ ਹੈ ਕਿ ਉਹ ਜਨਤਕ ਲਾਭਾਂ 'ਤੇ ਨਿਰਭਰ ਹੋ ਸਕਦੇ ਹਨ।

ਇਹ ਸੇਧ ਵੀਜ਼ਾ ਅਧਿਕਾਰੀਆਂ ਨੂੰ ਪਰਿਵਾਰਕ ਮੈਂਬਰਾਂ, ਜਿਨ੍ਹਾਂ ਵਿਚ ਬੱਚੇ ਜਾਂ ਬਜ਼ੁਰਗ ਮਾਪੇ ਸ਼ਾਮਲ ਹਨ, ਦੀ ਸਿਹਤ 'ਤੇ ਵਿਚਾਰ ਕਰਨ ਲਈ ਵੀ ਨਿਰਦੇਸ਼ਿਤ ਕਰਦੀ ਹੈ।

ਟਰੰਪ ਪ੍ਰਸ਼ਾਸਨ ਦੁਆਰਾ ਇਮੀਗ੍ਰੇਸ਼ਨ 'ਤੇ ਵਧ ਰਹੀ ਸਖ਼ਤ ਕਾਰਵਾਈ ਦੇ ਵਿਚਕਾਰ ਇਹ ਹੁਕਮ ਦਿੱਤੇ ਗਏ ਹਨ। ਵ੍ਹੀਲਰ ਨੇ ਇਨ੍ਹਾਂ ਸੇਧਾਂ ਨੂੰ "ਪਰੇਸ਼ਾਨ ਕਰਨ ਵਾਲਾ" ਕਰਾਰ ਦਿੱਤਾ ਅਤੇ ਕਿਹਾ ਕਿ ਵੀਜ਼ਾ ਅਧਿਕਾਰੀ ਡਾਕਟਰੀ ਤੌਰ 'ਤੇ ਸਿਖਲਾਈ ਪ੍ਰਾਪਤ ਨਹੀਂ ਹਨ ਅਤੇ ਉਨ੍ਹਾਂ ਨੂੰ ਇਹ ਮੁਲਾਂਕਣ ਕਰਨ ਦਾ ਕੋਈ ਤਜ਼ਰਬਾ ਨਹੀਂ ਹੈ ਕਿ ਕਿਸੇ ਵਿਅਕਤੀ ਦੀ ਡਾਕਟਰੀ ਸਥਿਤੀ ਭਵਿੱਖ ਵਿਚ ਕਿਵੇਂ ਵਧੇਗੀ ਅਤੇ ਕੀ ਉਹ ਵਿਅਕਤੀ ਸਰਕਾਰੀ ਸਰੋਤਾਂ 'ਤੇ ਬੋਝ ਬਣ ਜਾਵੇਗਾ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਦੱਖਣੀ ਅਫਰੀਕਾ 'ਚ ਹੋਣ ਵਾਲੇ ਜੀ20 ਦਾ ਬਾਈਕਾਟ ਕਰੇਗਾ ਅਮਰੀਕਾ : ਟਰੰਪ

### ■ ਗੋਰੇ ਕਿਸਾਨਾਂ ਨਾਲ ਹੁੰਦੇ ਸਲੂਕ ਦੇ ਦੋਸ਼ਾਂ ਨੂੰ ਦੁਹਰਾਇਆ

**ਵਾਸ਼ਿੰਗਟਨ, (ਪੰਜਾਬ ਮੇਲ)**- ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਦੱਖਣੀ ਅਫ਼ਰੀਕਾ ਵਿਚ ਇਸ ਸਾਲ ਹੋਣ ਵਾਲੇ ਗਰੁੱਪ ਆਫ਼ 20 ਸੰਮੇਲਨ ਵਿਚ ਕੋਈ ਵੀ ਅਮਰੀਕੀ ਸਰਕਾਰੀ ਅਧਿਕਾਰੀ ਸ਼ਿਰਕਤ ਨਹੀਂ ਕਰੇਗਾ, ਉਨ੍ਹਾਂ ਨੇ ਦੇਸ਼ ਵਿਚ ਗੋਰੇ ਕਿਸਾਨਾਂ ਨਾਲ ਹੋ ਰਹੇ ਸਲੂਕ ਦਾ ਹਵਾਲਾ ਦਿੱਤਾ ਹੈ।

ਟਰੰਪ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਉਹ ਦੁਨੀਆਂ ਦੀਆਂ ਪ੍ਰਮੁੱਖ ਅਤੇ ਉੱਭਰਦੀਆਂ ਅਰਥਵਿਵਸਥਾਵਾਂ ਦੇ ਰਾਜਾਂ ਦੇ ਮੁਖੀਆਂ ਲਈ ਸਾਲਾਨਾ ਸੰਮੇਲਨ ਵਿਚ ਸ਼ਾਮਲ ਨਹੀਂ ਹੋਣਗੇ। ਉਪ ਰਾਸ਼ਟਰਪਤੀ ਜੇਡੀ ਵੈਂਸ ਦਾ ਟਰੰਪ ਦੀ ਥਾਂ 'ਤੇ ਸ਼ਾਮਲ ਹੋਣ ਦਾ ਪ੍ਰੋਗਰਾਮ ਸੀ, ਪਰ ਵੈਂਸ ਦੀਆਂ ਯੋਜਨਾਵਾਂ ਤੋਂ ਜਾਣੂ ਇੱਕ ਵਿਅਕਤੀ ਨੇ ਕਿਹਾ ਕਿ ਵੈਂਸ ਸੰਮੇਲਨ ਲਈ ਹੁਣ ਉੱਥੇ ਨਹੀਂ ਜਾਣਗੇ।

ਟਰੰਪ ਨੇ ਆਪਣੇ ਸੋਸ਼ਲ ਮੀਡੀਆ 'ਤੇ ਕਿਹਾ, "ਇਹ ਪੂਰੀ ਤਰ੍ਹਾਂ ਸ਼ਰਮ ਦੀ ਗੱਲ ਹੈ ਕਿ ਜੀ20 ਦੱਖਣੀ ਅਫ਼ਰੀਕਾ ਵਿਚ ਆਯੋਜਿਤ ਕੀਤਾ ਜਾਵੇਗਾ।" ਆਪਣੀ ਪੋਸਟ ਵਿਚ ਟਰੰਪ ਨੇ ਅਫ਼ਰੀਕਾਨਰਾਂ ਨਾਲ ਹੋ ਰਹੇ ਦੁਰਵਿਵਹਾਰ ਦਾ ਹਵਾਲਾ ਦਿੱਤਾ, ਜਿਸ ਵਿਚ ਹਿੰਸਾ ਅਤੇ ਮੌਤ ਦੇ ਨਾਲ-ਨਾਲ ਉਨ੍ਹਾਂ ਦੀ ਜ਼ਮੀਨ ਅਤੇ ਫਾਰਮਾਂ ਨੂੰ ਜ਼ਬਤ ਕਰਨਾ ਸ਼ਾਮਲ ਹੈ।

## ਬ੍ਰਿਟਿਸ਼ ਕੋਲੰਬੀਆ 'ਚ ਪੰਜਾਬੀ ਮੂਲ ਦੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਣ ਸਬੰਧੀ 3 ਵਿਅਕਤੀਆਂ ਨੂੰ ਦੇਸ਼ ਨਿਕਾਲਾ

**ਬ੍ਰਿਟਿਸ਼ ਕੋਲੰਬੀਆ, (ਪੰਜਾਬ ਮੇਲ)**- ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਨੇ ਇੱਕ ਜਾਂਚ ਤੋਂ ਬਾਅਦ ਤਿੰਨ ਵਿਦੇਸ਼ੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਹੈ। ਉਨ੍ਹਾਂ ਨੂੰ ਬ੍ਰਿਟਿਸ਼ ਕੋਲੰਬੀਆ ਵਿਚ ਪੰਜਾਬੀ ਮੂਲ ਦੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਇੱਕ ਚੱਲ ਰਹੇ ਜਬਰੀ ਵਸੂਲੀ ਨੈੱਟਵਰਕ ਨਾਲ ਜੋੜਿਆ ਗਿਆ ਸੀ।

7 ਨਵੰਬਰ ਨੂੰ ਕੀਤਾ ਇਹ ਦੇਸ਼ ਨਿਕਾਲਾ ਬੀ.ਸੀ. ਐਕਸਟੋਰਸ਼ਨ ਟਾਸਕ ਫੋਰਸ ਦੇ ਤਹਿਤ ਲਿਆ ਪਹਿਲਾ ਕਦਮ ਹੈ, ਜੋ ਕਿ ਸੀ.ਬੀ.ਐੱਸ.ਏ., ਆਰ.ਸੀ.ਐੱਮ.ਪੀ. ਅਤੇ ਸਥਾਨਕ ਪੁਲਿਸ ਏਜੰਸੀਆਂ ਦਾ ਇੱਕ ਸਾਂਝਾ ਅਪਰੇਸ਼ਨ ਹੈ। ਸੂਬੇ ਵਿਚ ਕੰਮ ਕਰ ਰਹੇ ਅੰਤਰਰਾਸ਼ਟਰੀ ਸੰਗਠਿਤ ਅਪਰਾਧ ਸਮੂਹਾਂ ਵਿਰੁੱਧ ਇਸ ਸਾਲ ਦੇ ਸ਼ੁਰੂ 'ਚ 40 ਮੈਂਬਰੀ ਟਾਸਕ ਫੋਰਸ ਦਾ ਗਠਨ ਕੀਤਾ ਗਿਆ ਸੀ।

ਸੀ.ਬੀ.ਐੱਸ.ਏ. ਅਧਿਕਾਰੀਆਂ ਅਨੁਸਾਰ ਜਬਰੀ ਵਸੂਲੀ ਦੇ ਮਾਮਲਿਆਂ ਨਾਲ ਜੁੜੀ ਅਪਰਾਧਿਕ ਗਤੀਵਿਧੀਆਂ ਨਾਲ ਸੰਭਾਵਿਤ ਸਬੰਧਾਂ, ਕੈਨੇਡਾ 'ਚ ਦਾਖਲੇ ਲਈ ਸ਼ੱਕੀ ਅਯੋਗਤਾ ਦੇ ਲਈ 78 ਵਾਧੂ ਵਿਦੇਸ਼ੀ ਨਾਗਰਿਕਾਂ ਦੀ ਇਸ ਸਮੇਂ ਇਮੀਗ੍ਰੇਸ਼ਨ ਜਾਂਚ ਚੱਲ ਰਹੀ ਹੈ।

ਜ਼ਿਕਰਯੋਗ ਹੈ ਕਿ ਬੀ.ਸੀ. ਵਿਚ ਜਬਰੀ ਵਸੂਲੀ ਦਾ ਸੰਕਟ 2025 ਦੇ ਸ਼ੁਰੂ ਵਿਚ ਤੇਜ਼ੀ ਨਾਲ ਵਧ ਗਿਆ ਸੀ।




ਅਪਰਾਧੀ ਕਾਰੋਬਾਰੀਆਂ ਤੋਂ ਕ੍ਰਿਪਟੋਕਰੰਸੀ ਭੁਗਤਾਨ ਦੀ ਮੰਗ ਕਰਨ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਕਰ ਰਹੇ ਹਨ ਅਤੇ ਕਥਿਤ ਤੌਰ 'ਤੇ ਉਨ੍ਹਾਂ ਦੀਆਂ ਮੰਗਾਂ ਨੂੰ ਠੁਕਰਾਉਣ 'ਤੇ ਹਿੰਸਾ ਅਤੇ ਅੱਗਜ਼ਨੀ ਦਾ ਸਹਾਰਾ ਲਿਆ ਹੈ। ਸਰੀ, ਲੋਅਰ ਮੇਨਲੈਂਡ ਅਤੇ ਫਰੇਜ਼ਰ ਵੈਲੀ ਵਿਚ ਕਈ ਛੋਟੇ ਕਾਰੋਬਾਰ, ਜਿਨ੍ਹਾਂ ਵਿਚ ਸਰੀ ਦਾ ਕੈਪ'ਜ਼ ਕੈਫੇ ਵੀ ਸ਼ਾਮਲ ਹੈ, ਨੂੰ ਨਿਸ਼ਾਨਾ ਬਣਾਇਆ ਗਿਆ। ਹਾਲਾਂਕਿ ਅਧਿਕਾਰੀਆਂ ਨੇ ਦੇਸ਼ ਨਿਕਾਲਾ ਦਿੱਤੇ ਗਏ ਵਿਅਕਤੀਆਂ ਦੀ ਪਛਾਣ, ਦੇਸ਼ ਜਾਂ ਮੰਜ਼ਿਲ ਦਾ ਜਨਤਕ ਤੌਰ 'ਤੇ ਖੁਲਾਸਾ ਨਹੀਂ ਕੀਤਾ ਹੈ, ਪਰ ਕਾਨੂੰਨ ਲਾਗੂ ਕਰਨ ਵਾਲੇ ਸੂਤਰਾਂ ਨੇ ਸੰਕੇਤ ਦਿੱਤਾ ਹੈ ਕਿ ਜਬਰੀ ਵਸੂਲੀ ਨੈੱਟਵਰਕ ਵਿਚ ਸ਼ਾਮਲ ਬਹੁਤ ਸਾਰੇ ਪੀੜਤ ਅਤੇ ਅਪਰਾਧੀ ਦੋਵੇਂ ਹੀ ਪੰਜਾਬੀ ਮੂਲ ਦੇ ਹਨ। ਸੀ.ਬੀ.ਐੱਸ.ਏ. ਨੇ ਹੋਰ ਜਾਣਕਾਰੀ ਨਾ ਦੇਣ ਲਈ ਅਪਰੇਸ਼ਨਲ ਸੁਰੱਖਿਆ ਚਿੰਤਾਵਾਂ ਅਤੇ ਇਮੀਗ੍ਰੇਸ਼ਨ ਅਤੇ ਸ਼ਰਨਾਰਥੀ ਸੁਰੱਖਿਆ ਐਕਟ ਦੇ ਤਹਿਤ ਨਿੱਜਤਾ ਦੇ ਪ੍ਰਬੰਧਾਂ ਦਾ ਹਵਾਲਾ ਦਿੱਤਾ।

Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?
For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com
Mediation - ◇ Save Money ◇ Save Time ◇ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave
*863

# ਭਾਰਤੀ ਮੂਲ ਦੇ ਵਿਅਕਤੀ ਦੇ ਦੇਸ਼ ਨਿਕਾਲੇ 'ਤੇ ਅਮਰੀਕੀ ਅਦਾਲਤਾਂ ਵੱਲੋਂ ਰੋਕ !

**ਵਾਸ਼ਿੰਗਟਨ (ਪੰਜਾਬ ਮੇਲ)**- ਅਮਰੀਕਾ ਵਿਚ ਦੋ ਅਦਾਲਤਾਂ ਨੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਹੁਕਮ ਦਿੱਤਾ ਹੈ ਕਿ ਭਾਰਤੀ ਮੂਲ ਦੇ ਇਕ ਵਿਅਕਤੀ, ਜੋ ਕਤਲ ਦੇ ਕੇਸ ਵਿਚ ਗ਼ਲਤ ਢੰਗ ਨਾਲ ਚਾਰ ਦਹਾਕੇ ਜੇਲ੍ਹ ਵਿਚ ਰਿਹਾ, ਨੂੰ ਦੇਸ਼ ਨਿਕਾਲਾ ਨਾ ਦਿੱਤਾ ਜਾਵੇ।

ਸੁਬਰਾਮਨੀਅਮ ਵੇਦਮ (64), ਜਿਸ ਨੂੰ 'ਸੂਬੂ' ਵੀ ਕਿਹਾ ਜਾਂਦਾ ਹੈ, ਨੂੰ ਇਸ ਸਾਲ ਉਸ ਸਮੇਂ ਰਿਹਾਅ ਕੀਤਾ ਗਿਆ ਸੀ ਜਦੋਂ 1980 ਦੇ ਇਕ ਕਤਲ ਕੇਸ ਵਿਚ ਉਸ ਦੀ ਸਜ਼ਾ ਨੂੰ ਖ਼ਤਮ ਕਰ ਦਿੱਤਾ ਗਿਆ ਸੀ। ਉਹ 3 ਅਕਤੂਬਰ ਨੂੰ ਜੇਲ੍ਹ ਤੋਂ ਰਿਹਾਅ ਹੋਇਆ ਪਰ ਉਸ ਨੂੰ ਤੁਰੰਤ ਇਮੀਗ੍ਰੇਸ਼ਨ ਵਿਭਾਗ ਨੇ ਆਪਣੀ ਹਿਰਾਸਤ ਵਿਚ ਲੈ ਲਿਆ। ਉਹ ਇਸ ਸਮੇਂ ਲੂਸੀਆਨਾ ਦੇ ਇਕ ਹੋਲਡਿੰਗ ਸੈਂਟਰ 'ਚ ਨਜ਼ਰਬੰਦ ਹੈ।

ਦੋ ਅਦਾਲਤਾਂ, ਇਕ ਇਮੀਗ੍ਰੇਸ਼ਨ ਜੱਜ ਅਤੇ ਇਕ ਯੂ.ਐੱਸ. ਜ਼ਿਲ੍ਹਾ ਅਦਾਲਤ ਨੇ ਵੇਦਮ ਨੂੰ ਦੇਸ਼ ਨਿਕਾਲਾ ਦੇਣ 'ਤੇ ਰੋਕ ਲਗਾਉਣ ਦਾ ਹੁਕਮ ਦਿੱਤਾ। ਇਮੀਗ੍ਰੇਸ਼ਨ ਜੱਜ ਨੇ ਦੇਸ਼ ਨਿਕਾਲਾ ਉਦੋਂ ਤੱਕ ਰੋਕਿਆ ਹੈ, ਜਦੋਂ ਤੱਕ ਬਿਊਰੋ ਆਫ ਇਮੀਗ੍ਰੇਸ਼ਨ ਅਪੀਲਜ਼ ਉਸ ਦੇ ਕੇਸ ਦੀ ਸਮੀਖਿਆ ਨਹੀਂ ਕਰਦੀ, ਜਿਸ ਵਿਚ ਕਈ ਮਹੀਨੇ ਲੱਗ ਸਕਦੇ ਹਨ।



ਇਮੀਗ੍ਰੇਸ਼ਨ ਅਧਿਕਾਰੀ ਉਸ ਨੂੰ ਉਸ ਦੇ ਇਕ ਪੁਰਾਣੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਦੇ ਕੇਸ ਕਾਰਨ ਦੇਸ਼ ਨਿਕਾਲਾ ਦੇਣਾ ਚਾਹੁੰਦੇ ਹਨ, ਜੋ ਕਿ ਉਸ 'ਤੇ ਲਗਭਗ 20 ਸਾਲ ਦੀ ਉਮਰ ਵਿਚ ਦਰਜ ਹੋਇਆ ਸੀ।

ਵੇਦਮ ਦੇ ਵਕੀਲ ਦਲੀਲ ਦੇ ਰਹੇ ਹਨ ਕਿ ਉਸ ਨੇ ਜੋ 43 ਸਾਲ ਗ਼ਲਤ ਤਰੀਕੇ ਨਾਲ ਜੇਲ੍ਹ ਵਿਚ ਕੱਟੇ ਹਨ, ਜਿੱਥੇ ਉਸ ਨੇ ਡਿਗਰੀਆਂ ਹਾਸਲ ਕੀਤੀਆਂ ਅਤੇ ਹੋਰ ਕੈਦੀਆਂ ਨੂੰ ਪੜ੍ਹਾਇਆ, ਉਸ ਦਾ ਮੁੱਲ ਨਸ਼ੀਲੇ ਪਦਾਰਥਾਂ ਦੇ ਕੇਸ ਨਾਲੋਂ ਕਿਤੇ ਵੱਧ ਹੋਣਾ ਚਾਹੀਦਾ ਹੈ। ਉੱਧਰ ਵੇਦਮ ਦੀ ਭੈਣ ਸਰਸਵਤੀ ਵੇਦਮ ਨੇ ਕਿਹਾ ਕਿ ਪਰਿਵਾਰ ਨੂੰ ਇਸ ਗੱਲ ਦੀ ਰਾਹਤ ਹੈ ਕਿ ਦੋਵਾਂ ਜੱਜਾਂ ਨੇ ਦੇਸ਼ ਨਿਕਾਲੇ ਨੂੰ ਰੋਕ ਦਿੱਤਾ ਹੈ।

ਉਨ੍ਹਾਂ ਕਿਹਾ, "ਅਸੀਂ ਉਮੀਦ ਕਰਦੇ ਹਾਂ ਕਿ ਇਮੀਗ੍ਰੇਸ਼ਨ ਅਪੀਲਜ਼ ਬੋਰਡ ਵੀ ਅਖੀਰ ਵਿਚ ਮੰਨ ਜਾਵੇਗਾ ਕਿ ਵੇਦਮ ਨੂੰ ਦੇਸ਼ ਨਿਕਾਲਾ ਦੇਣਾ ਇਕ ਹੋਰ ਵੱਡੀ ਬੇਇਨਸਾਫ਼ੀ ਹੋਵੇਗੀ। ਉਹ ਵਿਅਕਤੀ ਜਿਸ ਨੇ ਨਾ ਸਿਰਫ਼ ਉਸ ਜੁਰਮ ਲਈ 43 ਸਾਲ ਕੱਟੇ, ਜੋ ਉਸ ਨੇ ਨਹੀਂ ਕੀਤਾ, ਬਲਕਿ ਉਹ 9 ਮਹੀਨਿਆਂ ਦੀ ਉਮਰ ਤੋਂ ਅਮਰੀਕਾ ਵਿਚ ਰਹਿ ਰਿਹਾ ਹੈ।"

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

# ਜਲੰਧਰ ਦੇ ਸਵਰਨਜੀਤ ਸਿੰਘ ਖਾਲਸਾ ਨੇ ਨੌਰਵਿੱਚ ਕਨੈਕਟੀਕਟ 'ਚ ਪਹਿਲੇ ਸਿੱਖ ਮੇਅਰ ਚੁਣੇ ਜਾਣ ਦਾ ਇਤਿਹਾਸ ਰਚਿਆ

**ਵਾਸ਼ਿਗਟਨ ਡੀ.ਸੀ., (ਰਾਜ ਗੋਗਨਾ/ ਕੁਲਵਿੰਦਰ ਫਲ਼ੋਰਾ/ਪੰਜਾਬ ਮੇਲ)**- ਅਮਰੀਕਾ ਦੇ ਕਨੈਕਟੀਕਟ ਸੂਬੇ 'ਚ ਹੋਈਆਂ ਮਿਊਂਸੀਪਲ ਚੋਣਾਂ 'ਚ ਸਵਰਨਜੀਤ ਸਿੰਘ ਖਾਲਸਾ ਨੇ ਜਿੱਤ ਹਾਸਲ ਕਰਦਿਆਂ ਇਤਿਹਾਸ ਦੇ ਪੰਨੇ 'ਤੇ ਖਾਲਸਾ ਪੰਥ ਤੇ ਪੰਜਾਬ ਦਾ ਨਾਂ ਰੌਸ਼ਨ ਕਰ ਦਿੱਤਾ। ਉਨ੍ਹਾਂ ਨਵੇਂ ਬ੍ਰਿਟੇਨ, ਨੌਰਵਿਚ, ਬ੍ਰੈਨਫੋਰਡ ਤੇ ਵੈਸਟਪੋਰਟ ਵਰਗੀਆਂ ਥਾਵਾਂ ਉੱਤੇ ਡੈਮੋਕਰੇਟਾਂ ਦੀ ਜਿੱਤ ਦਾ ਝੰਡਾ ਝੁਲਾ ਦਿੱਤਾ ਅਤੇ ਕਨੈਕਟੀਕਟ 'ਚ ਪਹਿਲੇ ਸਿੱਖ ਮੇਅਰ ਬਣੇ।



ਸਵਰਨਜੀਤ ਸਿੰਘ ਖ਼ਾਲਸਾ ਜੋ ਕਾਫ਼ੀ ਲੰਬੇ ਸਮੇ ਤੋਂ ਅਮਰੀਕਨ ਰਾਜਨੀਤੀ 'ਚ ਸਰਗਰਮ ਹਨ ਅਤੇ ਕਨੈਕਟੀਕਟ ਰਾਜ ਦੇ ਨੋਰਵਿਚ ਸ਼ਹਿਰ ਡੈਮੋਕਰੇਟ ਪਾਰਟੀ ਨੇ ਸਵਰਨਜੀਤ ਸਿੰਘ ਖ਼ਾਲਸਾ ਨੂੰ ਮੇਅਰ ਦੀ ਕੁਰਸੀ ਲਈ ਆਪਣਾ ਉਮੀਦਵਾਰ ਐਲਾਨਿਆ ਸੀ। ਸਵਰਨਜੀਤ ਸਿੰਘ ਖ਼ਾਲਸਾ ਦੀ ਰਿਪਬਲਿਕਨ ਪਾਰਟੀ ਦੀ ਟਰੇਸੀ ਗਾਉਲਡ ਨਾਲ ਬਹੁਤ ਹੀ ਫਸਵੀਂ ਟੱਕਰ ਰਹੀ। ਖਾਲਸਾ ਨੇ 57% ਵੋਟਾਂ ਅਤੇ ਸਟੇਸੀ ਨੇ 41% ਵੋਟਾਂ ਪ੍ਰਾਪਤ ਕੀਤੀਆਂ। ਸਵਰਨਜੀਤ ਸਿੰਘ ਖ਼ਾਲਸਾ ਦੀ ਜਿੱਤ ਨੇ ਸਿੱਖਾਂ ਦੇ ਦੋਨੋਂ ਧੜਿਆਂ ਡੈਮੋਕ੍ਰੇਟਿਕ ਅਤੇ ਰਿਪਬਲਿਕਨ ਵਿਚ ਜਿੱਤ ਦੀ ਖ਼ੁਸ਼ੀ ਮਨਾਈ ਜਾ ਰਹੀ ਹੈ। ਸਵਰਨਜੀਤ ਸਿੰਘ ਖਾਲਸਾ ਇਸ ਤੋਂ ਪਹਿਲਾਂ ਸਿੱਖਿਆ ਵਿਭਾਗ ਵਿਚ ਵੀ ਸੇਵਾ ਨਿਭਾ ਚੁੱਕੇ ਹਨ ਅਤੇ ਦੋ ਵਾਰ ਨੋਰਵਿਚ ਕਨੈਕਟੀਕਟ ਸ਼ਹਿਰ ਦੇ ਬਤੌਰ ਕੌਂਸਲਰ ਜਿੱਤ ਦਰਜ ਕਰਵਾ ਚੁੱਕੇ ਹਨ। ਸਵਰਨਜੀਤ ਸਿੰਘ ਖ਼ਾਲਸਾ ਨੇ ਅਜੋਕੇ ਸਮੇਂ ਵਿਚ ਸ਼ਾਨਦਾਰ ਜਿੱਤ ਨਾਲ ਆਪਣਾ ਨਾਮ ਇਤਿਹਾਸ ਵਿਚ ਦਰਜ ਕਰਵਾ ਲਿਆ ਹੈ। ਸਮੂਹ ਸਿੱਖ ਭਾਈਚਾਰੇ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਮੁਬਾਰਕ ਗੁਰਪੁਰਬ ਸਮੇਂ ਮਿਲੀ ਇਸ ਸ਼ਾਨਦਾਰ ਜਿੱਤ ਨਾਲ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

ਸਵਰਨਜੀਤ ਸਿੰਘ ਖ਼ਾਲਸਾ ਨੇ ਚੋਣ ਨਤੀਜੇ ਉਪਰੰਤ ਆਪਣੇ ਸਾਰੇ ਸਾਥੀਆਂ ਅਤੇ ਸਮਰਥਕਾਂ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ।

ਨਵੰਬਰ 1984 'ਚ ਸਿੱਖਾਂ ਦੀ ਨਸਲਕੁਸ਼ੀ ਵਿਚ ਜਥੇ. ਖਾਲਸਾ ਦਾ ਪਰਿਵਾਰ ਉੱਜੜ ਗਿਆ ਸੀ। ਪੰਜਾਬ 'ਚ ਪਰਿਵਾਰ ਨੇ ਮੁੜ ਆਪਣੇ ਪੈਰ ਬੰਨ੍ਹੇ ਤੇ ਅੰਤ ਵਿਚ ਇਸ ਪਰਿਵਾਰ ਦਾ ਚਿਰਾਗ ਸਵਰਨਜੀਤ ਸਿੰਘ ਖਾਲਸਾ ਅਮਰੀਕਾ ਦੇ ਖੁੱਲ੍ਹੇ ਆਸਮਾਨ ਹੇਠ ਰੌਸ਼ਨ ਹੋਇਆ। ਸਵਰਨਜੀਤ ਸਿੰਘ ਖਾਲਸਾ 2007 'ਚ ਨੌਰਵਿਚ ਪਹੁੰਚਿਆ। ਉਥੇ ਗੈਸ ਸਟੇਸ਼ਨ ਚਲਾਇਆ, ਰੀਅਲ ਅਸਟੇਟ ਵਿਚ ਨਾਂ ਕਮਾਇਆ। 2021 ਵਿਚ ਉਹ ਨੌਰਵਿਚ ਸਿਟੀ ਕੌਂਸਲ ਵਿਚ ਚੁਣੇ ਗਏ। 2025 'ਚ ਰਿਪਬਲੀਕਨ ਪੀਟਰ ਨਾਈਸਟ੍ਰੋਮ ਦੀ ਜਗ੍ਹਾ ਲੈ ਕੇ ਉਹ ਮੇਅਰ ਬਣੇ। ਚੋਣਾਂ ਵਿਚ ਡੈਮੋਕਰੇਟ ਸਵਰਨਜੀਤ ਨੇ 2458 ਵੋਟਾਂ ਨਾਲ ਜਿੱਤ ਹਾਸਲ ਕੀਤੀ, ਜਦਕਿ ਰਿਪਬਲੀਕਨ ਟਰੇਸੀ ਗਾਉਲਡ ਨੂੰ 2250 ਅਤੇ ਅਣਗਿਣਤੀ ਮਾਰਸ਼ੀਆ ਵਿਲਬਰ ਨੂੰ ਸਿਰਫ਼ 110 ਵੋਟ ਪਏ।

ਅੰਮ੍ਰਿਤਧਾਰੀ ਸਵਰਨਜੀਤ ਸਿੰਘ ਖਾਲਸਾ ਦੀ ਇਹ ਜਿੱਤ ਸਿੱਖੀ ਨੂੰ ਅਮਰੀਕੀ ਡੈਮੋਕਰੇਸੀ ਦੇ ਮੰਚ 'ਤੇ ਇਕ ਨਵੀਂ ਚਮਕ ਦਿੰਦੀ ਹਨ। ਸਵਰਨਜੀਤ ਨੇ ਨਾ ਸਿਰਫ਼ ਆਪਣਾ ਨਾਂ ਰੌਸ਼ਨ ਕੀਤਾ, ਸਗੋਂ ਸਾਰੇ ਸਿੱਖ ਪੰਥ ਨੂੰ ਇਕ ਨਵੀਂ ਰੌਸ਼ਨੀ ਦਿੱਤੀ ਕਿ ਸਰਬੱਤ ਦੇ ਭਲੇ ਦੇ ਸ਼ਾਸਤਰ ਰਾਹੀਂ ਸਿੱਖ ਸੰਸਾਰ ਦੀ ਅਗਵਾਈ ਕਰ ਸਕਦਾ ਹੈ।



# ਡੀ.ਆਈ.ਜੀ. ਭੁੱਲਰ ਮਾਮਲਾ : ਚੰਡੀਗੜ੍ਹ ਅਦਾਲਤ ਨੇ ਵਿਜੀਲੈਂਸ ਬਿਊਰੋ ਨੂੰ ਪਾਈ ਝਾੜ

**ਕਿਹਾ : ਏਜੰਸੀ ਨੇ ਭੁੱਲਰ ਦੀ 30 ਸਾਲਾਂ ਦੀ ਜਾਇਦਾਦ ਦਾ ਮੁਲਾਂਕਣ 30 ਮਿੰਟ ਕੀਤਾ**

**ਚੰਡੀਗੜ੍ਹ, (ਪੰਜਾਬ ਮੇਲ)-** ਚੰਡੀਗੜ੍ਹ ਦੀ ਇੱਕ ਅਦਾਲਤ ਨੇ ਵੀਰਵਾਰ ਨੂੰ ਗ੍ਰਿਫ਼ਤਾਰ ਅਤੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਵਿਰੁੱਧ ਦਰਜ ਕੀਤੀ ਗਈ ਪੰਜਾਬ ਵਿਜੀਲੈਂਸ ਬਿਊਰੋ (ਵੀ.ਬੀ.) ਦੀ ਐੱਫ.ਆਈ.ਆਰ. ਨੂੰ 'ਬਹੁਤ ਗੁਪਤ' ਕਹਿ ਕੇ ਸਖ਼ਤ ਟਿੱਪਣੀ ਕੀਤੀ। ਅਦਾਲਤ ਨੇ ਕਿਹਾ ਕਿ ਸੂਬਾਈ ਏਜੰਸੀ ਨੇ ਉਨ੍ਹਾਂ ਦੀ 30 ਸਾਲਾਂ ਦੀ ਜਾਇਦਾਦ ਦਾ ਮੁਲਾਂਕਣ ਅੱਧੇ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਕਰ ਲਿਆ ਹੈ।

ਵਿਸ਼ੇਸ਼ ਸੀ.ਬੀ.ਆਈ. ਜੱਜ ਭਾਵਨਾ ਜੈਨ ਨੇ ਭੁੱਲਰ ਦੀ ਸੀ.ਬੀ.ਆਈ. ਹਿਰਾਸਤ ਨੂੰ ਪੰਜ ਦਿਨਾਂ ਲਈ 11 ਨਵੰਬਰ ਤੱਕ ਵਧਾਉਂਦੇ ਹੋਏ ਕਿਹਾ ਕਿ ਵਿਜੀਲੈਂਸ ਬਿਊਰੋ ਨੇ ਗੁਪਤ ਸੂਚਨਾ ਮਿਲਣ ਦੇ ਅੱਧੇ ਘੰਟੇ ਤੋਂ ਵੀ ਘੱਟ ਸਮੇਂ ਵਿਚ ਭੁੱਲਰ ਦੀ ਸੇਵਾ ਦੇ 30 ਸਾਲਾਂ ਦੌਰਾਨ ਕਥਿਤ ਤੌਰ 'ਤੇ ਇਕੱਠੀ ਕੀਤੀ ਆਮਦਨ ਤੋਂ ਵੱਧ ਜਾਇਦਾਦ ਦਾ ਮੁਲਾਂਕਣ ਕਰ ਲਿਆ।

ਅਦਾਲਤ ਦੀਆਂ ਇਹ ਟਿੱਪਣੀਆਂ ਅਜਿਹੇ ਸਮੇਂ ਆਈਆਂ ਹਨ, ਜਦੋਂ 'ਦੋ ਐੱਫ.ਆਈ.ਆਰ'ਜ਼ ਦਾ ਮਾਮਲਾ' ਚੱਲ ਰਿਹਾ ਹੈ। ਜ਼ਿਕਯੋਗ ਹੈ ਕਿ ਸੀ.ਬੀ.ਆਈ. ਅਤੇ ਵਿਜੀਲੈਂਸ ਬਿਊਰੋ ਵਿਚਕਾਰ ਇਸ ਗੱਲ ਨੂੰ ਲੈ ਕੇ ਖਿੱਚੋਤਾਣ ਚੱਲ ਰਹੀ ਹੈ ਕਿ ਭੁੱਲਰ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦਾ ਕੇਸ ਪਹਿਲਾਂ ਕਿਸ ਨੇ ਦਰਜ ਕੀਤਾ ਸੀ।

ਭੁੱਲਰ ਨੂੰ 16 ਅਕਤੂਬਰ ਨੂੰ ਕਥਿਤ ਵਿਚੋਲੇ ਕ੍ਰਿਸ਼ਾਨੂੰ ਸ਼ਾਰਦਾ ਰਾਹੀਂ 5 ਲੱਖ ਰੁਪਏ ਦੀ ਰਿਸ਼ਵਤ ਦੇ ਜਾਲ ਵਿਚ ਸੀ.ਬੀ.ਆਈ. ਵੱਲੋਂ ਗ੍ਰਿਫ਼ਤਾਰ ਕਰਨ ਤੋਂ ਬਾਅਦ ਦੋਵਾਂ ਏਜੰਸੀਆਂ ਨੇ 29 ਅਕਤੂਬਰ ਨੂੰ ਐੱਫ.ਆਈ.ਆਰ. ਦਰਜ ਕੀਤੀਆਂ। ਸੀ.ਬੀ.ਆਈ. ਨੇ ਆਪਣੀ ਐੱਫ.ਆਈ.ਆਰ. ਤੁਰੰਤ ਜਨਤਕ ਕਰ ਦਿੱਤੀ, ਜਦੋਂ ਕਿ ਵਿਜੀਲੈਂਸ ਨੇ ਆਪਣਾ ਤਿੰਨ ਪੰਨਿਆਂ ਦਾ ਸੰਸਕਰਣ ਲਗਪਗ ਇੱਕ ਹਫ਼ਤੇ ਤੱਕ ਗੁਪਤ ਰੱਖਿਆ।

ਅਦਾਲਤ ਨੇ ਨੋਟ ਕੀਤਾ ਕਿ ਭੁੱਲਰ ਦੇ ਬਚਾਅ ਪੱਖ ਨੇ ਵੀ ਵਿਜੀਲੈਂਸ ਦੀ ਐੱਫ.ਆਈ.ਆਰ. ਇੱਕ ਮੋਬਾਈਲ ਐਪ ਤੋਂ ਡਾਊਨਲੋਡ ਕੀਤੀ ਸੀ, ਕਿਉਂਕਿ ਇਹ ਅਧਿਕਾਰਤ ਤੌਰ 'ਤੇ ਅਪਲੋਡ ਨਹੀਂ ਕੀਤੀ ਗਈ ਸੀ। ਅਦਾਲਤ ਵਿਚ ਪੇਸ਼ ਕੀਤੇ ਗਏ ਸੰਸਕਰਣ ਵਿਚੋਂ ਇੱਕ ਪੰਨਾ ਗਾਇਬ ਸੀ ਅਤੇ ਬਿਊਰੋ ਮੂਲ ਕਾਪੀ ਪੇਸ਼ ਕਰਨ ਜਾਂ ਇਸ ਦੇ ਅਪਲੋਡ ਸਮੇਂ ਦੀ ਪੁਸ਼ਟੀ ਕਰਨ ਵਿਚ ਅਸਫ਼ਲ ਰਿਹਾ, ਜਿਸ ਨਾਲ ਇਸਦੀ ਭਰੋਸੇਯੋਗਤਾ ਹੋਰ ਘੱਟ ਗਈ।

ਜੱਜ ਜੈਨ ਨੇ ਵਿਜੀਲੈਂਸ ਦੀ ਸਰਕਾਰੀ ਵਕੀਲ ਹਰਭਜਨ ਕੌਰ ਦੀ ਚੁੱਪ 'ਤੇ ਵੀ ਹੈਰਾਨੀ ਪ੍ਰਗਟਾਈ, ਜਿਨ੍ਹਾਂ ਨੇ ਨਾ ਤਾਂ ਬਿਊਰੋ ਦਾ ਬਚਾਅ ਕੀਤਾ ਅਤੇ ਨਾ ਹੀ ਸੁਣਵਾਈ ਦੌਰਾਨ ਆਪਣੀ ਹਾਜ਼ਰੀ ਦਰਜ ਕਰਵਾਈ। ਜੱਜ ਨੇ ਟਿੱਪਣੀ ਕੀਤੀ, "ਇਹ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਪੁਲਿਸ ਵਿਜੀਲੈਂਸ ਦਾ ਕੇਸ ਦੋਸ਼ੀ ਦੀ ਤਰਫੋਂ ਪੇਸ਼ ਕੀਤਾ ਜਾ ਰਿਹਾ ਹੈ," ਅਤੇ ਅੱਗੇ ਕਿਹਾ ਕਿ ਚੁੱਪ ਦੇ ਕਾਰਨ ਸਪੱਸ਼ਟ ਹਨ।

ਬਚਾਅ ਪੱਖ ਦੀ ਇਸ ਅਰਜ਼ੀ ਨੂੰ ਰੱਦ ਕਰਦੇ ਹੋਏ ਅਦਾਲਤ ਨੇ ਫੈਸਲਾ ਸੁਣਾਇਆ ਕਿ ਕੇਂਦਰੀ ਏਜੰਸੀ ਨੂੰ ਜਾਂਚ ਕਰਨ ਦਾ ਅਧਿਕਾਰ ਹੈ ਕਿਉਂਕਿ ਜਾਇਦਾਦ ਅਤੇ ਬਰਾਮਦਗੀਆਂ ਚੰਡੀਗੜ੍ਹ, ਇੱਕ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਕੀਤੀਆਂ ਗਈਆਂ ਸਨ। ਸੁਪਰੀਮ ਕੋਰਟ ਦੇ ਫੈਸਲਿਆਂ ਦਾ ਹਵਾਲਾ ਦਿੰਦੇ ਹੋਏ ਜੱਜ ਨੇ ਕਿਹਾ ਕਿ ਸੀ.ਬੀ.ਆਈ. ਨੂੰ ਅਜਿਹੇ ਮਾਮਲਿਆਂ ਲਈ ਕਿਸੇ ਸੂਬੇ ਦੀ ਸਹਿਮਤੀ ਦੀ ਲੋੜ ਨਹੀਂ ਹੈ।

ਸੂਤਰਾਂ ਨੇ ਦੱਸਿਆ ਕਿ ਭੁੱਲਰ ਅਤੇ ਉਸ ਦੇ ਕਥਿਤ ਵਿਚੋਲੇ ਕ੍ਰਿਸ਼ਾਨੂੰ ਨੂੰ ਸੀ.ਬੀ.ਆਈ. ਹਿਰਾਸਤ ਵਿਚ ਰੋਜ਼ਾਨਾ ਆਹਮੋ-ਸਾਹਮਣੇ ਕੀਤਾ ਜਾ ਰਿਹਾ ਹੈ, ਪਰ ਉਹ ਪੂਰਾ ਸਹਿਯੋਗ ਨਹੀਂ ਕਰ ਰਹੇ ਹਨ। ਅਦਾਲਤ ਨੇ ਸੀ.ਬੀ.ਆਈ. ਨਾਲ ਸਹਿਮਤੀ ਪ੍ਰਗਟਾਈ ਕਿ ਭੁੱਲਰ, ਇੱਕ ਸੀਨੀਅਰ ਅਧਿਕਾਰੀ ਹੋਣ ਦੇ ਨਾਤੇ ਜੋ ਆਪਣੇ ਅਧਿਕਾਰਾਂ ਤੋਂ ਜਾਣੂ ਹੈ, ਆਪਣੇ ਵਿੱਤੀ ਲੈਣ-ਦੇਣ, ਬੇਨਾਮੀ ਜਾਇਦਾਦਾਂ ਅਤੇ ਸੰਪਰਕਾਂ ਬਾਰੇ ਟਾਲ-ਮਟੋਲ ਕਰ ਰਿਹਾ ਸੀ।

ਸੀ.ਬੀ.ਆਈ. ਨੇ ਅਦਾਲਤ ਨੂੰ ਦੱਸਿਆ ਕਿ ਲੁਕਵੇਂ ਲਾਕਰਾਂ, ਡਿਜੀਟਲ ਡਾਟਾ, ਪੈਸੇ ਦੇ ਸਰੋਤਾਂ ਅਤੇ ਬੇਨਾਮੀ ਧਾਰਕਾਂ ਦਾ ਪਤਾ ਲਗਾਉਣ ਲਈ ਹੋਰ ਹਿਰਾਸਤੀ ਪੁੱਛਗਿੱਛ ਬਹੁਤ ਜ਼ਰੂਰੀ ਹੈ।

# ਕਾਂਗਰਸ ਹਾਈਕਮਾਨ ਵੱਲੋਂ ਪੰਜਾਬ ਕਾਂਗਰਸ ਨੂੰ ਮਜ਼ਬੂਤ ਬਣਾਉਣ ਦੀ ਪ੍ਰਕਿਰਿਆ ਸ਼ੁਰੂ

**ਤਰਨਤਾਰਨ ਜ਼ਿਮਨੀ ਚੋਣ ਨਤੀਜਿਆਂ ਤੋਂ ਬਾਅਦ ਜ਼ਿਲ੍ਹਾ ਪ੍ਰਧਾਨਾਂ ਦੀ ਨਵੀਂ ਸੂਚੀ ਦਾ ਕਰੇਗੀ ਐਲਾਨ**

**ਜਲੰਧਰ (ਪੰਜਾਬ ਮੇਲ)-** ਰਾਹੁਲ ਗਾਂਧੀ ਕੋਲ ਪੰਜਾਬ ਕਾਂਗਰਸ 'ਚ ਜ਼ਿਲ੍ਹਾ ਪ੍ਰਧਾਨਾਂ ਦੀ ਸੀਕ੍ਰੇਟ ਲਿਸਟ ਰੈਡੀ ਹੈ ਪਰ ਇਸ ਦੇ ਲਈ ਹਾਈਕਮਾਨ ਨੇ ਸਿਆਸੀ ਰੂਪ 'ਚ ਤਰਨਤਾਰਨ ਜ਼ਿਮਨੀ ਚੋਣ ਦੇ ਨਤੀਜਿਆਂ ਦੀ ਉਡੀਕ ਕਰਨ ਦਾ ਫ਼ੈਸਲਾ ਲਿਆ ਹੈ। ਕਿਉਂਕਿ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸੂਬੇ ਭਰ 'ਚ ਮੌਜੂਦਾ ਪ੍ਰਧਾਨਾਂ ਅਤੇ ਨਵੇਂ ਚਿਹਰਿਆਂ ਦੀ ਟੱਕਰ ਵੇਖਣ ਨੂੰ ਮਿਲੇਗੀ ਪਰ ਸੰਗਠਨ ਸਿਰਜਨ ਮੁਹਿੰਮ ਦੇ ਕਲਾਈਮੈਕਸ ਨੂੰ ਹਾਲੇ ਜਨਤਕ ਇਸ ਲਈ ਨਹੀਂ ਕੀਤਾ ਗਿਆ, ਤਾਂ ਜੋ ਦਾਅਵੇਦਾਰਾਂ ਵਿਚ ਅਸੰਤੋਸ਼ ਜਾਂ ਧੜੇਬੰਦੀ ਦਾ ਅਸਰ ਸਿੱਧੇ ਤੌਰ 'ਤੇ 11 ਨਵੰਬਰ ਨੂੰ ਹੋਣ ਜਾ ਰਹੀ ਜ਼ਿਮਨੀ ਚੋਣ 'ਤੇ ਨਾ ਪਵੇ।

ਆਲ ਇੰਡੀਆ ਕਾਂਗਰਸ ਕਮੇਟੀ ਨੇ ਸੰਗਠਨ ਸਿਰਜਨ ਮੁਹਿੰਮ ਤਹਿਤ ਜ਼ਿਲ੍ਹਾ ਪੱਧਰ 'ਤੇ ਨਵੇਂ ਸਿਰੇ ਤੋਂ ਸੰਗਠਨ ਨੂੰ ਮਜ਼ਬੂਤ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਇਸ ਮੁਹਿੰਮ ਤਹਿਤ ਹਰ ਜ਼ਿਲ੍ਹੇ ਵਿਚ ਆਬਜ਼ਰਵਰ ਅਤੇ ਸਹਿ-ਆਬਜ਼ਰਵਰ ਨਿਯੁਕਤ ਕੀਤੇ ਗਏ, ਜਿਨ੍ਹਾਂ ਦਾ ਕੰਮ ਸੀ ਸੰਭਾਵਿਤ ਦਾਅਵੇਦਾਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਤਜ਼ਰਬੇ, ਜਨ ਆਧਾਰ, ਜਾਤੀ ਸਮੀਕਰਨ ਅਤੇ ਸੰਗਠਨਾਤਮਕ ਸਮਰਥਾਵਾਂ ਦੇ ਆਧਾਰ 'ਤੇ ਰਿਪੋਰਟ ਤਿਆਰ ਕਰਨਾ। ਪਹਿਲੇ ਪੜਾਅ ਵਿਚ ਸਹਿ-ਆਬਜ਼ਰਵਰਾਂ ਨੇ ਮੁਲਾਕਾਤਾਂ ਅਤੇ ਚਰਚਾ ਦੇ ਆਧਾਰ 'ਤੇ ਦਾਅਵੇਦਾਰਾਂ ਦੀ ਸੂਚੀ ਨੂੰ ਸ਼ਾਰਟਲਿਸਟ ਕੀਤਾ। ਇਸ ਤੋਂ ਬਾਅਦ ਸੂਚੀ ਨੂੰ ਮੁੱਖ ਆਬਜ਼ਰਵਰ ਦੇ ਹਵਾਲੇ ਕੀਤਾ ਗਿਆ, ਜਿਸ ਨੇ ਜਾਤੀ ਸੰਤੁਲਨ, ਸਮਾਜਿਕ ਸਮੀਕਰਨ ਅਤੇ ਵਿਧਾਨ ਸਭਾ ਹਲਕਿਆਂ ਵਿਚ ਸਰਗਰਮੀ ਨੂੰ ਧਿਆਨ ਵਿਚ ਰੱਖਦੇ ਹੋਏ 6 ਦਾਅਵੇਦਾਰਾਂ ਦਾ ਪੈਨਲ ਹਾਈਕਮਾਨ ਨੂੰ ਭੇਜਿਆ।

# 'ਆਪ' ਵਿਧਾਇਕ ਪਠਾਣਮਾਜਰਾ ਨੇ ਪੁਲਿਸ ਨੂੰ ਝਕਾਨੀ ਦੇ ਵਿਦੇਸ਼ ਉਡਾਰੀ ਮਾਰੀ!



**ਪਟਿਆਲਾ, (ਪੰਜਾਬ ਮੇਲ)-** ਸਰਕਾਰ ਖ਼ਿਲਾਫ਼ ਬਗਾਵਤ ਦਾ ਝੰਡਾ ਚੁੱਕਣ ਵਾਲੇ 'ਆਪ' ਵਿਧਾਇਕ ਹਰਮੀਤ ਪਠਾਣਮਾਜਰਾ ਨੂੰ ਵਿਦੇਸ਼ ਭੱਜਣ ਤੋਂ ਰੋਕਣ ਲਈ ਪੁਲਿਸ ਨੇ ਭਾਵੇਂ ਪਰਚੇ ਤੋਂ ਅਗਲੇ ਹੀ ਦਿਨ (2 ਸਤੰਬਰ) ਨੂੰ ਦੇਸ਼ ਦੇ ਸਮੂਹ ਹਵਾਈ ਅੱਡਿਆਂ 'ਤੇ ਐੱਲ.ਓ.ਸੀ. (ਲੁੱਕ ਆਊਟ ਸਰਕੂਲਰ) ਜਾਰੀ ਕਰਵਾ ਦਿੱਤਾ ਸੀ ਪਰ ਇਹ ਵਿਧਾਇਕ ਪੁਲਿਸ ਨੂੰ ਵੀ ਝਕਾਨੀ ਦਿੰਦਿਆਂ ਵਿਦੇਸ਼ ਉਡਾਰੀ ਮਾਰ ਗਿਆ। ਇਸ ਪੱਤਰਕਾਰ ਕੋਲ ਮੌਜੂਦ ਪੁਖਤਾ ਜਾਣਕਾਰੀ ਮੁਤਾਬਿਕ ਪਠਾਣਮਾਜਰਾ ਤਕਰੀਬਨ ਡੇਢ ਮਹੀਨੇ ਤੋਂ ਆਸਟਰੇਲੀਆ ਦੀਆਂ ਵਾਦੀਆਂ ਦਾ ਆਨੰਦ ਮਾਣ ਰਿਹਾ ਹੈ। ਪਠਾਣਮਾਜਰਾ ਨੇ 'ਆਪ' ਦੀ ਦਿੱਲੀ ਟੀਮ 'ਤੇ ਪੰਜਾਬ ਸਰਕਾਰ ਦੇ ਮਾਮਲਿਆਂ 'ਚ ਦਖਲਅੰਦਾਜ਼ੀ ਵਰਗੇ ਦੋਸ਼ ਲਾਏ ਸਨ, ਜਿਸ ਤੋਂ ਬਾਅਦ ਇਸ ਤੋਂ ਸਾਰੀਆਂ ਤਾਕਤਾਂ ਵਾਪਸ ਲੈ ਲਈਆਂ ਗਈਆਂ ਅਤੇ ਇੱਕ ਸਤੰਬਰ 2025 ਨੂੰ ਕੇਸ ਦਰਜ ਕਰਕੇ ਛਾਪੇ ਵੀ ਮਾਰੇ ਗਏ ਪਰ ਵਿਧਾਇਕ ਪਠਾਣਮਾਜਰਾ ਪੁਲਿਸ ਦੇ ਹੱਥੇ ਨਾ ਚੜ੍ਹਿਆ। ਉਸ ਨੂੰ ਵਿਦੇਸ਼ ਜਾਣ ਤੋਂ ਰੋਕਣ ਲਈ 2 ਸਤੰਬਰ ਨੂੰ ਐੱਲ.ਓ.ਸੀ. ਵੀ ਜਾਰੀ ਕਰ ਦਿੱਤਾ ਗਿਆ, ਜਿਸ ਦੀ ਪਟਿਆਲਾ ਦੇ ਡੀ.ਐੱਸ.ਪੀ. ਸਤਿਨਾਮ ਸਿੰਘ ਸੰਘਾ ਵੀ ਪੁਸ਼ਟੀ ਕਰਦੇ ਹਨ। ਇਸ ਦੇ ਬਾਵਜੂਦ ਉਹ ਵਿਦੇਸ਼ ਪਹੁੰਚ ਗਿਆ ਤੇ ਕਰੀਬ ਡੇਢ ਮਹੀਨੇ ਤੋਂ ਆਸਟਰੇਲੀਆ 'ਚ ਹੈ। ਦੂਜੇ ਪਾਸੇ ਪਠਾਣਮਾਜਰਾ ਨੂੰ ਅਦਾਲਤੀ ਭਗੌੜਾ ਐਲਾਨਣ ਲਈ ਤੇਜ਼ੀ ਨਾਲ ਕਾਨੂੰਨੀ ਕਾਰਵਾਈ ਚਲਾਈ ਜਾ ਰਹੀ ਹੈ। ਸੰਮਨ ਤੇ ਵਰੰਟ ਮਗਰੋਂ ਹੁਣ ਕੋਠੀ 'ਤੇ ਚਿਪਕਾਏ ਨੋਟਿਸ ਸਬੰਧੀ 12 ਨਵੰਬਰ ਨੂੰ ਅਦਾਲਤ 'ਚ ਪੇਸ਼ ਹੋਣ ਲਈ ਕਿਹਾ ਗਿਆ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਸੀ.ਬੀ.ਆਈ. ਅਦਾਲਤ ਨੇ ਮੁਅੱਤਲ ਡੀ.ਆਈ.ਜੀ. ਭੁੱਲਰ ਨੂੰ 20 ਨਵੰਬਰ ਤੱਕ ਨਿਆਂਇਕ ਹਿਰਾਸਤ 'ਚ ਭੇਜਿਆ

**ਚੰਡੀਗੜ੍ਹ, (ਪੰਜਾਬ ਮੇਲ)-** ਰੋਪੜ ਰੇਂਜ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੂੰ ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਨੇ 20 ਨਵੰਬਰ ਤੱਕ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਹੈ। ਰਿਸ਼ਵਤ ਮਾਮਲੇ ਵਿਚ 5 ਦਿਨਾਂ ਦਾ ਰਿਮਾਂਡ ਪੂਰਾ ਹੋਣ ਤੋਂ ਬਾਅਦ ਭੁੱਲਰ ਨੂੰ ਮੰਗਲਵਾਰ ਨੂੰ ਚੰਡੀਗੜ੍ਹ ਸਥਿਤ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ 'ਚ ਪੇਸ਼ ਕੀਤਾ ਗਿਆ। ਸੀ.ਬੀ.ਆਈ. ਦੇ ਸਰਕਾਰੀ ਵਕੀਲ ਨਰਿੰਦਰ ਸਿੰਘ ਨੇ ਦਲੀਲ ਦਿੱਤੀ ਕਿ ਮੁਲਜ਼ਮ ਨੂੰ ਉਸ ਦੇ ਪ੍ਰਭਾਵਸ਼ਾਲੀ ਅਹੁਦੇ ਕਾਰਨ ਰਿਹਾਅ ਨਹੀਂ ਕੀਤਾ ਜਾਣਾ ਚਾਹੀਦਾ ਤੇ ਉਸ ਨੂੰ ਨਿਆਂਇਕ ਹਿਰਾਸਤ 'ਚ ਭੇਜਣ ਦੀ ਬੇਨਤੀ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਮੁਲਜ਼ਮ ਨੇ ਰਿਮਾਂਡ ਦੌਰਾਨ ਜਾਂਚ ਏਜੰਸੀ ਨਾਲ ਨਾ ਤਾਂ ਸਹੀ ਢੰਗ ਨਾਲ ਸਹਿਯੋਗ ਕੀਤਾ ਅਤੇ ਨਾ ਹੀ ਏਜੰਸੀ ਦੇ ਸਵਾਲਾਂ ਦੇ ਸਹੀ ਤਰੀਕੇ ਨਾਲ ਜਵਾਬ ਦਿੱਤੇ। ਬਚਾਅ ਧਿਰ ਵੱਲੋਂ ਐੱਚ.ਐੱਸ. ਧਨੋਆ ਅਤੇ ਆਰ.ਪੀ.ਐੱਸ. ਬਾਰਾ ਵਕੀਲ ਵਜੋਂ ਪੇਸ਼ ਹੋਏ। ਬਚਾਅ ਧਿਰ ਵੱਲੋਂ ਅਦਾਲਤ 'ਚ ਮੰਗ ਕੀਤੀ ਗਈ ਕਿ ਭੁੱਲਰ ਨੂੰ ਜੇਲ ਵਿਚ ਮੈਡੀਕਲ ਸਹੂਲਤ ਮੁਹੱਈਆ ਕਰਵਾਈ ਜਾਵੇ। ਇਸ 'ਤੇ ਜੱਜ ਨੇ ਕਿਹਾ ਕਿ ਇਹ ਅਰਜ਼ੀ ਜੇਲ ਪ੍ਰਸ਼ਾਸਨ ਨੂੰ ਦਿੱਤੀ ਜਾ ਸਕਦੀ ਹੈ।

# ਭੁੱਲਰ ਰਿਸ਼ਵਤ ਕਾਂਡ: ਦਲਾਲ ਕ੍ਰਿਸ਼ਨੂੰ ਨੂੰ ਨਿਆਇਕ ਹਿਰਾਸਤ ਵਿੱਚ ਭੇਜਿਆ

**ਬਚਾਅ ਪੱਖ ਦੇ ਵਕੀਲ ਦੀਆਂ ਦਲੀਲਾਂ 'ਤੇ ਅਦਾਲਤ ਨੇ ਮੈਡੀਕਲ ਕਰਵਾਉਣ ਦੇ ਦਿੱਤੇ ਆਦੇਸ਼**



**ਚੰਡੀਗੜ੍ਹ, (ਪੰਜਾਬ ਮੇਲ)-** ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵੱਲੋਂ ਰਿਸ਼ਵਤਖੋਰੀ ਦੇ ਮਾਮਲੇ ਵਿਚ ਕਾਬੂ ਕੀਤੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਮਾਮਲੇ ਦੇ ਦਲਾਲ ਕ੍ਰਿਸ਼ਨੂੰ ਸ਼ਾਰਦਾ ਨੂੰ 4 ਦਿਨਾਂ ਦੇ ਰਿਮਾਂਡ ਤੋਂ ਬਾਅਦ ਸੈਕਟਰ-43 ਸਥਿਤ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵਿਚ ਪੇਸ਼ ਕੀਤਾ ਗਿਆ।

ਸੁਣਵਾਈ ਦੌਰਾਨ ਸੀ.ਬੀ.ਆਈ. ਵੱਲੋਂ ਕ੍ਰਿਸ਼ਨੂੰ ਦੇ ਹੋਰ ਰਿਮਾਂਡ ਦੀ ਮੰਗ ਨਹੀਂ ਕੀਤੀ ਗਈ ਤਾਂ ਮਾਨਯੋਗ ਅਦਾਲਤ ਨੇ ਕ੍ਰਿਸ਼ਨੂੰ ਨੂੰ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਹੈ। ਅਦਾਲਤ ਨੇ ਕ੍ਰਿਸ਼ਨੂੰ ਨੂੰ 20 ਨਵੰਬਰ ਨੂੰ ਅਦਾਲਤ ਵਿਚ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

ਸੁਣਵਾਈ ਦੌਰਾਨ ਕ੍ਰਿਸ਼ਨੂੰ ਸ਼ਾਰਨਾ ਦੇ ਵਕੀਲ ਮਨਦੀਪ ਕੁਮਾਰ ਨੇ ਅਦਾਲਤ ਤੋਂ ਕ੍ਰਿਸ਼ਨੂੰ ਦੇ ਮੁੜ ਤੋਂ ਮੈਡੀਕਲ ਕਰਵਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕ੍ਰਿਸ਼ਨੂੰ ਨੂੰ ਚੱਲਣ ਵਿਚ ਮੁਸ਼ਕਲ ਆ ਰਹੀ ਹੈ, ਉਸ ਦੇ ਸੱਟਾਂ ਵੱਜੀਆਂ ਹੋਈਆਂ ਹਨ। ਮਾਨਯੋਗ ਅਦਾਲਤ ਨੇ ਕ੍ਰਿਸ਼ਨੂੰ ਦਾ ਮੈਡੀਕਲ ਕਰਵਾਉਣ ਦੇ ਆਦੇਸ਼ ਜਾਰੀ ਕੀਤੇ।

ਇਸ ਤੋਂ ਪਹਿਲਾਂ ਸੀ.ਬੀ.ਆਈ. ਨੇ 6 ਨਵੰਬਰ ਨੂੰ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਅਤੇ ਕ੍ਰਿਸ਼ਨੂੰ ਨੂੰ ਸੀ.ਬੀ.ਆਈ. ਦੀ ਅਦਾਲਤ ਵਿਚ ਪੇਸ਼ ਕੀਤਾ ਸੀ। ਇਸ ਦੌਰਾਨ ਅਦਾਲਤ ਨੇ ਭੁੱਲਰ ਨੂੰ 5 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਸੀ, ਜਦੋਂ ਕਿ ਕ੍ਰਿਸ਼ਨੂੰ ਨੂੰ 4 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜਿਆ ਸੀ।

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸੀ.ਬੀ.ਆਈ. ਵੱਲੋਂ ਉਕਤ ਮਾਮਲੇ ਦੀ ਜਾਂਚ ਦੌਰਾਨ ਕਈ ਹੋਰ ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਕ੍ਰਿਸ਼ਨੂੰ ਦਾ ਸੰਪਰਕ ਹੋਣ ਦੀ ਸੂਹ ਲੱਗੀ ਹੈ, ਜਿਸ ਬਾਰੇ ਸੀ.ਬੀ.ਆਈ. ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਪਰ ਹਾਲੇ ਤੱਕ ਸੀ.ਬੀ.ਆਈ. ਵੱਲੋਂ ਕਿਸੇ ਵੀ ਹੋਰ ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀ ਦਾ ਨਾਮ ਜਨਤਕ ਨਹੀਂ ਕੀਤਾ ਗਿਆ ਹੈ।

## ਭੁੱਲਰ ਮਾਮਲਾ: ਰਿਸ਼ਵਤ ਕਾਂਡ 'ਚ ਪੰਜਾਬ ਦੇ ਤਕਰੀਬਨ 50 ਅਫ਼ਸਰਾਂ ਦੇ ਨਾਂ ਸਾਹਮਣੇ ਆਏ!

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨਾਲ ਜੁੜੇ ਰਿਸ਼ਵਤ ਕਾਂਡ 'ਚ ਮੰਗਲਵਾਰ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਪੰਜਾਬ ਦੇ ਆਈ.ਏ.ਐੱਸ. ਅਤੇ ਆਈ.ਪੀ.ਐੱਸ. ਅਫ਼ਸਰਾਂ ਦਾ ਰਿਕਾਰਡ ਹਾਸਲ ਕਰ ਲਿਆ ਹੈ। ਇਸ ਦੌਰਾਨ ਜਾਂਚ 'ਚ ਹੁਣ ਤੱਕ ਪੰਜਾਬ ਦੇ ਤਕਰੀਬਨ 50 ਅਫ਼ਸਰਾਂ ਦੇ ਨਾਂ ਸਾਹਮਣੇ ਆਏ ਹਨ। ਈ.ਡੀ. ਦੀ ਟੀਮ ਮੰਗਲਵਾਰ ਸੀ.ਬੀ.ਆਈ. ਦੇ ਦਫ਼ਤਰ ਪਹੁੰਚੀ ਅਤੇ ਅਫ਼ਸਰਾਂ ਦਾ ਰਿਕਾਰਡ ਮੰਗਿਆ, ਜਿਨ੍ਹਾਂ 'ਤੇ ਬੇਨਾਮੀ ਜਾਇਦਾਦ ਬਣਾਉਣ ਦਾ ਦੋਸ਼ ਹੈ।

ਇਨ੍ਹਾਂ 'ਚੋਂ ਕਈ ਅਫ਼ਸਰ ਹਾਲੇ ਵੀ ਫੀਲਡ 'ਚ ਤਾਇਨਾਤ ਹਨ। ਭੁੱਲਰ ਦੇ ਕਹਿਣ 'ਤੇ ਹੀ ਕ੍ਰਿਸ਼ਨੂ ਆਈ.ਏ.ਐੱਸ. ਤੇ ਆਈ.ਪੀ.ਐੱਸ. ਅਫ਼ਸਰਾਂ ਨਾਲ ਮਿਲੀ-ਭੁਗਤ ਕਰਦਾ ਸੀ। ਸੀ.ਬੀ.ਆਈ. ਅਨੁਸਾਰ ਵਿਚੋਲੇ ਕ੍ਰਿਸ਼ਨੂ ਸ਼ਾਰਦਾ ਦੇ ਮੋਬਾਇਲ ਅਤੇ ਇਲੈਕਟ੍ਰਾਨਿਕ ਡਿਵਾਇਸ ਤੋਂ ਭ੍ਰਿਸ਼ਟ ਡੀਲਿੰਗ ਦੇ ਕਈ ਸਬੂਤ ਮਿਲੇ ਹਨ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਬ੍ਰਿਟਿਸ਼ ਕੋਲੰਬੀਆ ’ਚ ਜਬਰਨ ਵਸੂਲੀ ਦੀ ਜਾਂਚ ਦੇ ਹਿੱਸੇ ਵਜੋਂ 3 ਵਿਅਕਤੀਆਂ ਨੂੰ ਕੀਤਾ ਡਿਪੋਰਟ

**ਵੈਨਕੂਵਰ, (ਪੰਜਾਬ ਮੇਲ)** – ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਐਲਾਨ ਕੀਤਾ ਹੈ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਚੱਲ ਰਹੀ ਜਬਰਨ ਵਸੂਲੀ ਦੀ ਜਾਂਚ ਦੇ ਹਿੱਸੇ ਵਜੋਂ 3 ਵਿਅਕਤੀਆਂ ਨੂੰ ਦੇਸ਼ ਵਿਚੋਂ ਕੱਢ ਦਿੱਤਾ ਗਿਆ ਹੈ। ਏਜੰਸੀ ਨੇ ਇੱਕ ਬਿਆਨ ਵਿਚ ਕਿਹਾ ਕਿ ਉਹ ਇਸ ਸੂਬੇ ਵਿਚ ਹੋ ਰਹੀਆਂ ਗੋਲੀਬਾਰੀ ਅਤੇ ਜਬਰਨ ਵਸੂਲੀ ਦੀਆਂ ਕੋਸ਼ਿਸ਼ਾਂ ਨਾਲ ਜੁੜੇ 78 ਹੋਰ ਵਿਦੇਸ਼ੀ ਨਾਗਰਿਕਾਂ ਦੀ ਵੀ ਜਾਂਚ ਕਰ ਰਹੀ ਹੈ, ਜੋ ਦੇਸ਼ ਵਿਚ ਰਹਿਣ ਲਈ ਅਯੋਗ ਹੋ ਸਕਦੇ ਹਨ। ਇਹ ਕਾਰਵਾਈ ਬੀ.ਸੀ. ਜਬਰਨ ਵਸੂਲੀ ਟਾਸਕ ਫੋਰਸ ਦੇ ਕੰਮ ਦਾ ਹਿੱਸਾ ਹੈ, ਜਿਸਦਾ ਗਠਨ

**■ ਹੋਰ ਕਈਆਂ ’ਤੇ ਵੀ ਲਟਕੀ ਦੇਸ਼ ਨਿਕਾਲੇ ਦੀ ਤਲਵਾਰ**

ਇਸ ਸਾਲ ਦੇ ਸ਼ੁਰੂ ਵਿਚ ਕੀਤਾ ਗਿਆ ਸੀ। ਇਸ ਟਾਸਕ ਫੋਰਸ ਵਿਚ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ, ਆਰ.ਸੀ.ਐੱਮ.ਪੀ., ਗੈਂਗ ਸਕੁਐਡ ਅਤੇ ਕਈ ਹੋਰ ਪੁਲਿਸ ਵਿਭਾਗਾਂ ਦੇ ਜਾਂਚਕਰਤਾ ਸ਼ਾਮਲ ਹਨ। ਇਹ ਯੂਨਿਟ ਦਰਜਨਾਂ ਜਬਰਨ ਵਸੂਲੀ ਦੀਆਂ ਕੋਸ਼ਿਸ਼ਾਂ ਅਤੇ ਇਸ ਦੇ ਬਾਅਦ ਹੋਈਆਂ ਗੋਲੀਬਾਰੀਆਂ ਦੀ ਜਾਂਚ ਕਰ ਰਹੀ ਹੈ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਘਟਨਾਵਾਂ ਦੱਖਣੀ ਏਸ਼ੀਆਈ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਕੇ




ਕੀਤੀਆਂ ਗਈਆਂ ਹਨ, ਜਿਸ ਕਾਰਨ ਸੂਬੇ ਦੇ ਕਈ ਭਾਈਚਾਰਿਆਂ ਵਿਚ ਦਹਿਸ਼ਤ ਫੈਲ ਗਈ ਹੈ। ਦੱਸ ਦੇਈਏ ਕਿ ਸਰੀ, ਬੀ.ਸੀ. ਵਿਚ ਸਥਿਤ ਕੈਪਸ ਕੈਫੇ, ਜੋ ਕਾਮੇਡੀਅਨ ਅਤੇ ਟੈਲੀਵਿਜ਼ਨ ਹੋਸਟ ਕਪਿਲ ਸ਼ਰਮਾ ਨਾਲ ਜੁੜਿਆ ਹੋਇਆ ਹੈ, ਤੇ ਹੁਣ ਤੱਕ 3 ਵਾਰ ਗੋਲੀਆਂ ਚਲਾਈਆਂ ਗਈਆਂ ਹਨ।

ਇਨ੍ਹਾਂ ਅਪਰਾਧਾਂ ਦੇ ਸਬੰਧ ਵਿਚ ਕੁਝ ਗ੍ਰਿਫਤਾਰੀਆਂ ਅਤੇ ਕੁਝ ਦੋਸ਼ੀਆਂ ਨੂੰ ਸਜ਼ਾਵਾਂ ਵੀ ਹੋ ਚੁੱਕੀਆਂ ਹਨ। ਕੁਝ ਮਾਮਲੇ ਭਾਰਤ-ਆਧਾਰਿਤ ਲਾਰੈਂਸ ਬਿਸ਼ਨੋਈ ਗੈਂਗ ਨਾਲ ਵੀ ਜੁੜੇ ਹੋਏ ਹਨ। ਜ਼ਿਕਰਯੋਗ ਹੈ ਕਿ ਕੈਨੇਡਾ ਦੀ ਸੰਘੀ ਸਰਕਾਰ ਨੇ ਹਾਲ ਹੀ ਵਿਚ ਲਾਰੈਂਸ ਬਿਸ਼ਨੋਈ ਗੈਂਗ ਨੂੰ ਇੱਕ ਅੱਤਵਾਦੀ ਸੰਸਥਾ ਘੋਸ਼ਿਤ ਕੀਤਾ ਹੈ। ਸੀ.ਬੀ.ਐੱਸ.ਏ. ਦੀ ਪੈਸੀਫਿਕ ਖੇਤਰ ਦੀ ਖੇਤਰੀ ਡਾਇਰੈਕਟਰ ਜਨਰਲ ਨੀਨਾ ਪਟੇਲ ਨੇ ਕਿਹਾ ਕਿ ਉਨ੍ਹਾਂ ਦੀਆਂ ਜਾਂਚਾਂ ਸੰਗਠਿਤ ਅੰਤਰਰਾਸ਼ਟਰੀ ਅਪਰਾਧਿਕ ਸਮੂਹਾਂ ਨੂੰ ਖਤਮ ਕਰਨ ਵਿਚ ਉਨ੍ਹਾਂ ਦੀਆਂ ਟੀਮਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਦਰਸਾਉਂਦੀਆਂ ਹਨ।

# ਹੁਣ ਜਹਾਜ਼ ਚੜ੍ਹਨ ਵੇਲੇ ਵੀ ਵੀਜ਼ਾ ਜਾਂ ਪਰਮਿਟ ਰੱਦ ਕਰ ਸਕਣਗੇ ਇਮੀਗ੍ਰੇਸ਼ਨ ਅਧਿਕਾਰੀ

**ਟੋਰਾਂਟੋ, (ਪੰਜਾਬ ਮੇਲ)**– ਕੈਨੇਡਾ ਨੇ ਹਾਲ ਹੀ ਵਿਚ ਇਮੀਗ੍ਰੇਸ਼ਨ ਬਾਰੇ ਆਪਣੇ ਦਿਸ਼ਾ-ਨਿਰਦੇਸ਼ਾਂ ਨੂੰ ਅਪਡੇਟ ਕੀਤਾ ਹੈ, ਜਿਸ ਤਹਿਤ ਅਧਿਕਾਰੀਆਂ ਨੂੰ ਪਹਿਲਾਂ ਜਾਰੀ ਹੋ ਚੁੱਕੇ ਵਿਜ਼ਟਰ ਵੀਜ਼ੇ, ਸਟੱਡੀ ਪਰਮਿਟ ਅਤੇ ਵਰਕ ਪਰਮਿਟ ਰੱਦ ਕਰਨ ਦੀ ਸ਼ਕਤੀ ਦੇ ਦਿੱਤੀ ਗਈ ਹੈ। ਇਸ ਬਦਲਾਅ ਨਾਲ ਇਮੀਗ੍ਰੇਸ਼ਨ ਸ਼ਰਤਾਂ ਦੀ ਲਗਾਤਾਰ ਪਾਲਣਾ ਜ਼ਰੂਰੀ ਹੈ, ਜਿਸ ਨਾਲ ਕੌਮਾਂਤਰੀ ਵਿਦਿਆਰਥੀਆਂ ਅਤੇ ਵਾਰ-ਵਾਰ ਆਉਣ ਵਾਲੇ ਯਾਤਰੀਆਂ ’ਤੇ ਅਸਰ ਪਵੇਗਾ। ਇਹ ਨਵੇਂ ਨਿਯਮ, ਜੋ ਜੂਨ 2024 ਵਿਚ ਪੇਸ਼ ਕੀਤੇ ਗਏ ਸਨ, ਇਸ ਸਾਲ ਫਰਵਰੀ ਤੋਂ ਅਮਲ ਵਿਚ ਆ ਗਏ ਹਨ। ਮਾਹਿਰਾਂ ਨੇ ਦੱਸਿਆ ਕਿ ਇਮੀਗ੍ਰੇਸ਼ਨ ਅਧਿਕਾਰੀ ਹੁਣ ਵੀਜ਼ਾ ਜਾਂ ਪਰਮਿਟ ਜਾਰੀ ਹੋਣ ਤੋਂ ਬਾਅਦ ਵੀ ਇਸ ਨੂੰ ਰੱਦ ਕਰ ਸਕਦੇ ਹਨ। ਇਹ ਕਾਰਵਾਈ ਜਹਾਜ਼ ’ਤੇ ਚੜ੍ਹਨ ਤੋਂ ਪਹਿਲਾਂ, ਪੋਰਟ ਆਫ਼ ਐਂਟਰੀ ’ਤੇ ਜਾਂ ਕੈਨੇਡਾ ਵਿੱਚ ਰਹਿਣ ਦੀ ਮਿਆਦ ਦੌਰਾਨ ਵੀ ਹੋ ਸਕਦੀ ਹੈ।

ਇਸ ਨਵੇਂ ਢਾਂਚੇ ਤਹਿਤ ਸਟੱਡੀ ਪਰਮਿਟ ਸਿਰਫ਼ ਉਦੋਂ ਹੀ ਵੈਧ ਰਹਿੰਦਾ ਹੈ, ਜੇ ਵਿਦਿਆਰਥੀ ਆਪਣੀ ਪੂਰੀ ਸਟੇਅ ਦੌਰਾਨ ਯੋਗਤਾ ਦੀਆਂ ਸ਼ਰਤਾਂ ਨੂੰ ਪੂਰਾ ਕਰਦੇ ਰਹਿਣ। ਨਵੇਂ ਨਿਯਮਾਂ ਮੁਤਾਬਕ ਹੁਣ ਇੱਥੇ ਜਾਇਜ਼ ਤੌਰ ’ਤੇ ਰਹਿਣ ਵਾਲੇ ਵਿਦਿਆਰਥੀ ਦਾ ਇਕ ਮਾਨਤਾ ਪ੍ਰਾਪਤ ਲਰਨਿੰਗ ਇੰਸਟੀਚਿਊਟ ਵਿਚ ਦਾਖਲ ਹੋਣਾ ਜ਼ਰੂਰੀ ਹੈ ਤੇ ਉਹ ਅਕਾਦਮਿਕ ਤਰੱਕੀ ਕਰ ਰਿਹਾ ਹੋਵੇ। ਇਸ ਤੋਂ ਇਲਾਵਾ ਉਸ ਦਾ ਆਪਣੇ ਪਰਮਿਟ ਦੁਆਰਾ ਨਿਰਧਾਰਿਤ ਸੀਮਾਵਾਂ ਦੇ ਅੰਦਰ ਹੀ ਕੰਮ ਕਰਨਾ ਵੀ ਜ਼ਰੂਰੀ ਹੈ। ਜੇ ਕੋਈ ਵਿਦਿਆਰਥੀ ਅਧਿਕਾਰਤ ਮਨਜ਼ੂਰੀ ਤੋਂ ਬਿਨਾਂ ਕਲਾਸਾਂ ਵਿਚ ਜਾਣਾ ਬੰਦ ਕਰ ਦਿੰਦਾ ਹੈ ਜਾਂ ਨਿਰਧਾਰਿਤ ਸਮੇਂ ਤੋਂ ਵੱਧ ਕੰਮ ਕਰਦਾ ਹੈ, ਤਾਂ ਉਸ ਦਾ ਸਟੱਡੀ ਪਰਮਿਟ ਰੱਦ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਜੇਕਰ ਕੋਈ ਇੰਸਟੀਚਿਊਟ ਆਪਣੀ ਮਾਨਤਾ ਗੁਆ ਦਿੰਦਾ ਹੈ, ਤਾਂ ਵਿਦਿਆਰਥੀ ਨੂੰ ਆਪਣਾ ਸਟੇਟਸ ਬਰਕਰਾਰ ਰੱਖਣ ਲਈ ਸਮੇਂ ਸਿਰ ਕਿਸੇ ਹੋਰ ਯੋਗ ਸੰਸਥਾ ਵਿਚ ਟਰਾਂਸਫ਼ਰ ਕਰਨਾ ਲਾਜ਼ਮੀ ਹੈ। ਬੋਗਸ ਲੈਟਰਸ ਆਫ ਅਸੈਂਪਟੈਂਸ ਨਾਲ ਸਬੰਧਤ ਹਾਲੀਆ ਮਾਮਲਿਆਂ ਕਾਰਨ ਵੀ ਵੱਡੀ ਗਿਣਤੀ ’ਚ ਸਟੱਡੀ ਪਰਮਿਟ ਰੱਦ ਕੀਤੇ ਜਾ ਰਹੇ ਹਨ, ਭਾਵੇਂ ਵਿਦਿਆਰਥੀਆਂ ਨੂੰ ਲੈਟਰ ਆਫ਼ ਐਕਸੈਪਟੈਂਸ ਦੇ ਅਸਲੀ ਜਾਂ ਨਕਲੀ ਹੋਣ ਦਾ ਪਤਾ ਹੋਵੇ ਜਾਂ ਨਾ। ਇਨ੍ਹਾਂ ਨਿਯਮਾਂ ਵਿਚ ਤਬਦੀਲੀ ਵਾਰ-ਵਾਰ ਕੈਨੇਡਾ ਆਉਣ ਵਾਲੇ ਯਾਤਰੀਆਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਇੱਕ ਅਧਿਕਾਰੀ ਹੁਣ ਮੌਜੂਦਾ ਵਿਜ਼ਟਰ ਵੀਜ਼ਾ ਰੱਦ ਕਰ ਸਕਦਾ ਹੈ, ਜੇਕਰ ਅਧਿਕਾਰੀ ਦਾ ਮੰਨਣਾ ਹੈ ਕਿ ਵੀਜ਼ਾ ਧਾਰਕ ਆਪਣੀ ਸਟੇਅ ਦੀ ਮਿਆਦ ਦੇ ਖ਼ਤਮ ਹੋਣ ’ਤੇ ਵੀ ਕੈਨੇਡਾ ਤੋਂ ਵਾਪਸ ਨਹੀਂ ਜਾਵੇਗਾ।

# ਜੱਗੀ ਜੌਹਲ ਨੂੰ ਰਿਹਾਅ ਕਰਨ ਲਈ ਪ੍ਰਕਿਰਿਆ ਤੇਜ਼ ਕਰਨ ਦੀ ਲੋੜ : ਬਰਤਾਨਵੀ ਸਰਕਾਰ

**ਲੰਡਨ/ਗਲਾਸਗੋ, (ਪੰਜਾਬ ਮੇਲ)**– ਭਾਰਤੀ ਜੇਲ੍ਹ ਵਿਚ ਬੰਦ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੱਗੀ ਜੌਹਲ ਦੇ ਮਾਮਲੇ ਨੂੰ ਹੱਲ ਕਰਨ ਲਈ ਪ੍ਰਕਿਰਿਆਵਾਂ ਤੇਜ਼ ਕਰਨ ਦੀ ਲੋੜ ਹੈ, ਇਹ ਪ੍ਰਗਟਾਵਾ ਬਰਤਾਨਵੀ ਸਰਕਾਰ ਦੇ ਸੂਤਰਾਂ ਨੇ ਦਿੱਤਾ ਹੈ। ਗਲਾਸਗੋ ਨੇੜੇ ਡੰਬਰਟਨ ਦੇ ਸਿੱਖ ਕਾਰਕੁੰਨ ਜਗਤਾਰ ਸਿੰਘ ਜੌਹਲ ਨੂੰ 4 ਨਵੰਬਰ 2017 ਨੂੰ ਪੰਜਾਬ ਵਿਚ ਉਸ ਦੇ ਵਿਆਹ ਤੋਂ ਕੁਝ ਹਫ਼ਤੇ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ ਤੇ ਉਦੋਂ ਤੋਂ ਹੀ ਉਹ ਵੱਖ-ਵੱਖ ਮਾਮਲਿਆਂ ਵਿਚ ਸਲਾਖਾਂ ਪਿੱਛੇ ਹੈ। 38



ਸਾਲਾ ਜੌਹਲ ਇਸ ਸਾਲ ਇਕ ਕੇਸ ’ਚੋਂ ਬਰੀ ਹੋ ਗਿਆ ਸੀ। ਜੌਹਲ ਨੇ ਦਾਅਵਾ ਕੀਤਾ ਸੀ ਕਿ ਉਸ ਨੂੰ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ ਅਤੇ 2022 ’ਚ ਸੰਯੁਕਤ ਰਾਸ਼ਟਰ ਦੇ ਇਕ ਪੈਨਲ ਨੇ ਜੱਗੀ ਦੀ ਗ੍ਰਿਫਤਾਰੀ ਨੂੰ ਮਨਮਾਨੀ ਨਜ਼ਰਬੰਦੀ ਦੱਸਿਆ ਸੀ। ਜੱਗੀ ਦੇ ਪਰਿਵਾਰ ਤੇ ਕਾਨੂੰਨੀ ਮੁਹਿੰਮ ਸਮੂਹ ਰੀਪ੍ਰੀਵ ਨੇ ਇਸਨੂੰ ਰਾਜਨੀਤੀ ਤੋਂ ਪ੍ਰੇਰਿਤ ਕਿਹਾ ਹੈ ਕਿਉਂਕਿ ਉਸਨੇ ਭਾਰਤ ਵਿਚ ਸਿੱਖ ਭਾਈਚਾਰੇ ਨਾਲ ਹੋਏ ਵਿਵਹਾਰ ਬਾਰੇ ਚਿੰਤਾਵਾਂ ਜ਼ਾਹਰ ਕੀਤੀਆਂ ਸਨ। ਰੀਪ੍ਰੀਵ ਨੇ ਇਕ ਦਸਤਾਵੇਜ਼ ਸਾਂਝਾ ਕਰਕੇ ਦਾਅਵਾ ਕੀਤਾ ਹੈ, ਪੰਜਾਬ ਪੁਲਿਸ ਤੋਂ ਜੱਗੀ ਜੌਹਲ ਦੇ ਵਿਆਹ ਦੀ ਅੰਗੂਠੀ ਤੇ ਸੋਨੇ ਦੀ ਚੇਨ ਗੁਆਚ ਗਈ ਹੈ, ਜੋ ਉਸ ਨੂੰ ਪਹਿਲੀ ਵਾਰ ਗ੍ਰਿਫਤਾਰ ਕੀਤੇ ਜਾਣ ’ਤੇ ਜ਼ਬਤ ਕੀਤੀ ਸੀ।

ਬਰਤਾਨਵੀ ਪ੍ਰਧਾਨ ਮੰਤਰੀ ਦੇ ਸਰਕਾਰੀ ਬੁਲਾਰੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਰ ਕੀਰ ਸਟਾਰਮਰ ਨੇ ਪਿਛਲੇ ਮਹੀਨੇ ਆਪਣੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਨਾਲ ‘ਜਗਤਾਰ ਸਿੰਘ ਜੌਹਲ ਸਮੇਤ ਕਈ ਮਾਮਲਿਆਂ ਨੂੰ ਉਠਾਇਆ ਹੈ’। ਬੁਲਾਰੇ ਨੇ ਅੱਗੇ ਕਿਹਾ ਕਿ “ਅਸੀਂ ਭਾਰਤ ਸਰਕਾਰ ਨੂੰ ਆਪਣਾ ਪੱਖ ਸਪੱਸ਼ਟ ਕਰਦੇ ਰਹਿੰਦੇ ਹਾਂ ਅਤੇ ਜੱਗੀ ਜੌਹਲ ਦੇ ਤਸ਼ੱਦਦ ਦੇ ਦੋਸ਼ਾਂ ਦੀ ਜਾਂਚ ਵੀ ਹੋਣੀ ਚਾਹੀਦੀ ਹੈ।”




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 47 ਲੋੜਵੰਦਾਂ ਨੂੰ ਦਿੱਤੀ ਵਿੱਤੀ ਸਹਾਇਤਾ




**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਮੁਕਤਸਰ ਸਾਹਿਬ ਵਿਖੇ 47 ਲੋੜਵੰਦ ਵਿਅਕਤੀਆਂ ਨੂੰ 35250 ਰੁਪੈ ਦੀ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਟੀਮ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਕੰਮ ਕਰਨ ਤੋਂ ਅਸਮਰੱਥ ਲੋਕਾਂ, ਬਜ਼ੁਰਗ ਵਿਧਵਾਵਾਂ, ਬੇਸਹਾਰਾ ਬੱਚਿਆਂ, ਇਕੱਲੇ ਰਹਿ ਰਹੇ


ਡਾ. ਐੱਸ.ਪੀ. ਸਿੰਘ ਓਬਰਾਏ।

ਬਜ਼ੁਰਗਾਂ ਨੂੰ ਦਿੱਤੀ ਗਈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਹੈ ਅਤੇ ਕਿਹਾ ਕਿ ਇਸ ਉਪਰਾਲੇ ਨਾਲ ਅਸੀਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੋ ਗਏ ਹਾਂ।

ਇਸ ਮੌਕੇ ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਗੁਰਪਾਲ ਸਿੰਘ ਪਾਲੀ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਗੁਰਜੀਤ ਸਿੰਘ ਜੀਤਾ, ਸੋਮ ਨਾਥ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਸੁਖਬੀਰ ਸਿੰਘ ਜੈਲਦਾਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਚਰਨਜੀਤ ਸਿੰਘ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਬਲਾਕ ਸਿੱਖਿਆ ਅਫ਼ਸਰ ਆਦਿ ਹਾਜ਼ਰ ਸਨ।

# ਦਿੱਲੀ ਧਮਾਕੇ ਮਗਰੋਂ ਪਾਕਿਸਤਾਨ ਵੱਲੋਂ ਹਵਾਈ ਅਤੇ ਜਲ ਸੈਨਾਵਾਂ ਨੂੰ ਹਾਈ ਅਲਰਟ ’ਤੇ ਰਹਿਣ ਦੇ ਆਦੇਸ਼



**ਨਵੀਂ ਦਿੱਲੀ, (ਪੰਜਾਬ ਮੇਲ)**- ਬੀਤੇ ਦਿਨੀਂ ਉਸ ਸਮੇਂ ਪੂਰੇ ਦੇਸ਼ ’ਚ ਹੜਕੰਪ ਮਚ ਗਿਆ, ਜਦੋਂ ਦਿੱਲੀ ਸਥਿਤ ਲਾਲ ਕਿਲ੍ਹੇ ਨੇੜੇ ਹੋਏ ਇਕ ਜ਼ਬਰਦਸਤ ਆਤਮਘਾਤੀ ਧਮਾਕੇ ਕਾਰਨ 11 ਲੋਕਾਂ ਦੀ ਦਰਦਨਾਕ ਮੌਤ ਹੋ ਗਈ, ਜਦਕਿ ਕਈ ਹੋਰ ਜ਼ਖ਼ਮੀ ਹੋ ਗਏ। ਇਹ ਧਮਾਕਾ ਸੋਮਵਾਰ ਸ਼ਾਮ ਲਗਭਗ 7 ਵਜੇ ਹੋਇਆ ਜਦੋਂ ਇੱਕ ਹੁੰਡਈ ਆਈ20 ਕਾਰ, ਜਿਸ ’ਤੇ ਹਰਿਆਣਾ ਦੀ ਨੰਬਰ ਪਲੇਟ ਲੱਗੀ ਹੋਈ ਸੀ, ਰੈੱਡ ਲਾਈਟ ’ਤੇ ਰੁਕਣ ਤੋਂ ਬਾਅਦ ਫਟ ਗਈ।

ਇਸ ਭਿਆਨਕ ਧਮਾਕੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ, ਨੇਪਾਲ ਅਤੇ ਬੰਗਲਾਦੇਸ਼ ਨਾਲ ਲੱਗਦੀਆਂ ਆਪਣੀਆਂ ਅੰਤਰਰਾਸ਼ਟਰੀ ਸਰਹੱਦਾਂ ’ਤੇ ਸੁਰੱਖਿਆ ਹੋਰ ਸਖ਼ਤ ਕਰ ਦਿੱਤੀ ਹੈ, ਜਦਕਿ ਬੀ.ਐੱਸ.ਐੱਫ. ਨੇ ਪੰਜਾਬ ਵਿਚ ਭਾਰਤ-ਪਾਕਿਸਤਾਨ ਸਰਹੱਦ ’ਤੇ ਚੌਕਸੀ ਵਧਾ ਦਿੱਤੀ ਹੈ। ਸਰਹੱਦੀ ਖੇਤਰਾਂ ਨੂੰ ਪਾਰ ਕਰਨ ਵਾਲੇ ਸਾਰੇ ਵਿਅਕਤੀਆਂ ਦੀ ਸਖ਼ਤ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਭਾਰਤੀ ਖੇਤਰ ਵਿਚ ਦਾਖਲਾ ਸਿਰਫ਼ ਪਛਾਣ ਦਸਤਾਵੇਜ਼ਾਂ ਦੀ ਪੂਰੀ ਤਸਦੀਕ ਤੋਂ ਬਾਅਦ ਹੀ ਦਿੱਤਾ ਜਾ ਰਿਹਾ ਹੈ। ਨਿਗਰਾਨੀ ਲਈ ਡੌਗ ਸਕੁਐਡ, ਐਡਵਾਂਸਡ ਸਕ੍ਰੀਨਿੰਗ ਇਕੁਇਪਮੈਂਟ ਅਤੇ ਸੀ.ਸੀ.ਟੀ.ਵੀ. ਕੈਮਰੇ ਇੰਸਟਾਲ ਕੀਤੇ ਗਏ ਹਨ।

ਇਸ ਹਮਲੇ ਨੂੰ ਦੇਖਦੇ ਹੋਏ ਪਾਕਿਸਤਾਨ ’ਚ ਵੀ ਮਾਹੌਲ ਤਣਾਅਪੂਰਨ ਬਣ ਗਿਆ ਹੈ ਤੇ ਦੱਸਿਆ ਜਾ ਰਿਹਾ ਹੈ ਕਿ ਪਾਕਿਸਤਾਨ ਨੇ ਹਵਾਈ ਅਤੇ ਜਲ ਸੈਨਾਵਾਂ ਨੂੰ ਹਾਈ ਅਲਰਟ ’ਤੇ ਰਹਿਣ ਦੇ ਆਦੇਸ਼ ਦੇ ਦਿੱਤੇ ਹਨ ਤੇ ਆਪਣੇ ਸਾਰੇ ਹਵਾਈ ਅੱਡਿਆਂ ਅਤੇ ਏਅਰਬੇਸਾਂ ਲਈ ‘ਰੈੱਡ ਅਲਰਟ’ ਜਾਰੀ ਕਰ ਦਿੱਤਾ ਹੈ। ਇਹੀ ਨਹੀਂ, ਪਾਕਿਸਤਾਨੀ ਪ੍ਰਸ਼ਾਸਨ ਨੇ 11 ਨਵੰਬਰ ਤੋਂ 12 ਨਵੰਬਰ ਤੱਕ ਇੱਕ **NOTAM (Notice to Airmen)** ਜਾਰੀ ਕੀਤਾ ਗਿਆ ਹੈ, ਜੋ ਤਣਾਅ ਵਾਲੇ ਸਰਹੱਦੀ ਖੇਤਰ ਵਿਚ ਹਵਾਈ ਆਵਾਜਾਈ ਪਾਬੰਦੀਆਂ ਅਤੇ ਸੁਰੱਖਿਆ ਪ੍ਰੋਟੋਕੋਲਾਂ ਨੂੰ ਦਰਸਾਉਂਦਾ ਹੈ। ਪਾਕਿਸਤਾਨ ਦੀ ਹਵਾਈ ਸੈਨਾ ਨੂੰ ਇਹ ਯਕੀਨੀ ਬਣਾਉਣ ਦਾ ਹੁਕਮ ਦਿੱਤਾ ਗਿਆ ਹੈ ਕਿ ਦੇਸ਼ ਦੇ ਫਾਰਵਰਡ ਬੈਸਿਸ ਤੋਂ ਜੈੱਟ ਤੁਰੰਤ ਉਡਾਣ ਲਈ ਤਿਆਰ ਰਹਿਣ। ਇਹ ਉੱਚ ਸੁਰੱਖਿਆ ਉਪਾਅ ਭਾਰਤ ਵੱਲੋਂ ਕਿਸੇ ਸੰਭਾਵਿਤ ਜਵਾਬੀ ਕਾਰਵਾਈ ਜਾਂ ਪ੍ਰੀ-ਐਂਪਟਿਵ ਹਮਲੇ ਦੇ ਡਰੋਂ ਚੁੱਕੇ ਗਏ ਹਨ। ਪਾਕਿਸਤਾਨ ਨੂੰ ਡਰ ਹੈ ਕਿ ਕਿਤੇ ਭਾਰਤ ਪਹਿਲਗਾਮ ਹਮਲੇ ਮਗਰੋਂ ਆਪਰੇਸ਼ਨ ਸਿੰਦੂਰ ਨੂੰ ਦੁਹਰਾਉਣ ਲਈ ਪਾਕਿਸਤਾਨ ’ਤੇ ਮੁੜ ਹਮਲਾ ਨਾ ਕਰ ਦੇਵੇ।

ਸੂਤਰਾਂ ਅਨੁਸਾਰ ਇਸ ਧਮਾਕੇ ਦਾ ਸਬੰਧ ਇੱਕ ਵੱਡੀ ਅੱਤਵਾਦੀ ਸਾਜ਼ਿਸ਼ ਨਾਲ ਜੁੜਿਆ ਹੋਇਆ ਹੈ, ਜਿਸ ਵਿਚ ਵੱਡੀ ਮਾਤਰਾ ਵਿਚ ਵਿਸਫੋਟਕ ਸਮੱਗਰੀ ਜ਼ਬਤ ਕਰਨ ਦੀ ਕਾਰਵਾਈ ਸ਼ਾਮਲ ਹੈ। ਇਸ ਹਮਲੇ ਦੇ ‘ਫਿਦਾਈਨ-ਸ਼ੈਲੀ ਦੇ ਅੱਤਵਾਦੀ ਹਮਲੇ’ ਹੋਣ ਦਾ ਸ਼ੱਕ ਹੈ, ਜਿਸਦੇ ਹਮਲਾਵਰ ਦੀ ਪਛਾਣ ਡਾ. ਮੁਹੰਮਦ ਉਮਰ ਵਜੋਂ ਕੀਤੀ ਗਈ ਹੈ, ਜੋ ਪਿਛਲੇ ਹਫ਼ਤੇ ਫਰੀਦਾਬਾਦ-ਆਧਾਰਿਤ ਇੱਕ ਅੱਤਵਾਦੀ ਮਾਡਿਊਲ ਦਾ ਮੁੱਖ ਮੈਂਬਰ ਸੀ।

ਡਾ. ਉਮਰ ਯੂ. ਨਬੀ ਮੂਲ ਰੂਪ ਵਿਚ ਜੰਮੂ ਕਸ਼ਮੀਰ ਦੇ ਪੁਲਵਾਮਾ ਦੇ ਕੋਇਲ ਦਾ ਰਹਿਣ ਵਾਲਾ ਹੈ ਤੇ ਉਸ ਨੇ ਐੱਮ.ਬੀ.ਬੀ.ਐੱਸ. ਅਤੇ ਐੱਮ.ਡੀ. ਦੀ ਪੜ੍ਹਾਈ ਕੀਤੀ ਸੀ।



# ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਵੜਿੰਗ ਖ਼ਿਲਾਫ਼ ਚੋਣ ਕਮਿਸ਼ਨ ਨੂੰ ਸ਼ਿਕਾਇਤ

**■ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਲਾਏ ਦੋਸ਼; ਪੁਲਿਸ ਨੇ ਜਾਂਚ ਆਰੰਭੀ**



ਰਾਜਾ ਵੜਿੰਗ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਉਂਦੇ ਹ ਏ ਸ਼੍ਰ ਮਣੀ ਕਮੇਟੀ ਮੈਂਬਰ।

**ਤਰਨ ਤਾਰਨ, (ਪੰਜਾਬ ਮੇਲ)**– ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਖ਼ਿਲਾਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚਾਰ ਮੈਂਬਰਾਂ ਨੇ ਧਾਰਮਿਕ ਭਾਵਨਾਵਾਂ ਨੂੰ ਕਥਿਤ ਤੌਰ 'ਤੇ ਠੇਸ ਪਹੁੰਚਾਉਣ ਦੇ ਦੋਸ਼ ਹੇਠ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੜਿੰਗ ਸਾਬਕਾ ਕੇਂਦਰੀ ਮੰਤਰੀ ਮਰਹੂਮ ਬੂਟਾ ਸਿੰਘ ਖ਼ਿਲਾਫ਼ ਕੀਤੀਆਂ ਟਿੱਪਣੀਆਂ ਕਰਕੇ ਵੀ ਵਿਰੋਧ ਦਾ ਸਾਹਮਣਾ ਕਰ ਚੁੱਕੇ ਹਨ। ਇਹ ਤਾਜ਼ਾ ਮਾਮਲਾ ਉਨ੍ਹਾਂ ਦੀਆਂ ਸਮੱਸਿਆਵਾਂ ਵਿਚ ਵਾਧਾ ਕਰ ਸਕਦਾ ਹੈ। ਇਸ ਸਬੰਧੀ ਐੱਸ.ਐੱਸ.ਪੀ. ਸੁਰਿੰਦਰ ਲਾਂਬਾ ਨੇ ਦੱਸਿਆ ਕਿ ਉਹ ਖ਼ੁਦ ਇਸ ਮਾਮਲੇ ਦੀ ਜਾਂਚ-ਪੜਤਾਲ ਕਰ ਰਹੇ ਹਨ ਅਤੇ ਛੇਤੀ ਹੀ ਇਸ ਸਬੰਧੀ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਸ਼ਿਕਾਇਤਕਰਤਾ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਗੁਰਚਰਨ ਸਿੰਘ ਗਰੇਵਾਲ, ਸੁਰਜੀਤ ਸਿੰਘ ਗੜ੍ਹੀ, ਹਰਜਿੰਦਰ ਕੌਰ ਅਤੇ ਅਵਤਾਰ ਸਿੰਘ ਰਿਆ ਨੇ ਦੱਸਿਆ ਕਿ ਚੋਣਾਂ ਦੇ ਪ੍ਰਚਾਰ ਦੌਰਾਨ ਰਾਜਾ ਵੜਿੰਗ ਨੇ ਪਿੰਡਾਂ ਵਿਚ ਦੌਰੇ ਕਰਦਿਆਂ ਦੋ ਸਿੱਖ ਨਾਲਾਬਾਗ ਲੜਕਿਆਂ ਦੇ ਜੂੜਿਆਂ ਨੂੰ ਆਪਣੇ ਹੱਥਾਂ ਵਿਚ ਫੜ ਕੇ ਉਨ੍ਹਾਂ ਦਾ ਕਥਿਤ ਤੌਰ 'ਤੇ ਮਜ਼ਾਕ ਉੱਡਾਇਆ ਸੀ। ਇਲਾਕੇ ਅੰਦਰ ਇਸ ਸਬੰਧੀ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵੀ ਵਾਇਰਲ ਹੋਈ ਸੀ। ਐੱਸ.ਐੱਸ.ਪੀ. ਸੁਰਿੰਦਰ ਲਾਂਬਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਖ਼ੁਦ ਇਸ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ।

# ਸਿੱਖ ਜਥੇ ਨਾਲ ਗਏ ਹਿੰਦੂ ਸ਼ਰਧਾਲੂ ਨੂੰ ਪਾਕਿਸਤਾਨੀ ਅਧਿਕਾਰੀਆਂ ਨੇ ਵਾਪਸ ਭੇਜਿਆ

**ਚੰਡੀਗੜ੍ਹ, (ਪੰਜਾਬ ਮੇਲ)**– ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸਮਾਗਮਾਂ ਲਈ ਲਗਭਗ 1,900 ਸਿੱਖ ਸ਼ਰਧਾਲੂਆਂ ਦਾ ਜਥਾ ਬੀਤੇ ਹਫਤੇ ਮੰਗਲਵਾਰ ਨੂੰ ਅਟਾਰੀ-ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਗਿਆ। ਇਨ੍ਹਾਂ 'ਚੋਂ ਕੁਝ ਸ਼ਰਧਾਲੂਆਂ ਨੂੰ ਪਾਕਿਸਤਾਨੀ ਅਧਿਕਾਰੀਆਂ ਨੇ ਪਾਕਿਸਤਾਨ ਜਾਣ ਤੋਂ ਰੋਕ ਦਿੱਤਾ।

ਅਮਰ ਚੰਦ ਨਾਂ ਦਾ ਸ਼ਖ਼ਸ ਵੀ ਇਨ੍ਹਾਂ 'ਚੋਂ ਇਕ ਸੀ, ਜੋ ਪ੍ਰਕਾਸ਼ ਪੁਰਬ ਦੇ ਸਮਾਗਮਾਂ 'ਚ ਸ਼ਾਮਲ ਹੋਣ ਦਾ ਚਾਹਵਾਨ ਸੀ। ਭਾਵੁਕ ਹੁੰਦਿਆਂ ਉਸ ਨੇ ਦੱਸਿਆ ਕਿ ਪਾਕਿਸਤਾਨੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਇਸ ਕਰਕੇ ਜਾਣ ਨਹੀਂ ਦਿੱਤਾ ਕਿਉਂਕਿ ਉਹ ਹਿੰਦੂ ਹੈ। ਉਨ੍ਹਾਂ ਕਿਹਾ, "ਪਾਕਿਸਤਾਨੀ ਅਧਿਕਾਰੀਆਂ ਨੇ ਸਾਨੂੰ ਕਿਹਾ ਕਿ ਤੁਸੀਂ ਹਿੰਦੂ ਹੋ, ਤੁਸੀਂ ਸਿੱਖ ਜਥੇ ਨਾਲ ਨਹੀਂ ਜਾ ਸਕਦੇ।" ਇਸ ਦੌਰਾਨ ਅਮਰ ਚੰਦ ਨੂੰ ਉਸ ਦੇ 6 ਪਰਿਵਾਰਕ ਮੈਂਬਰਾਂ ਸਮੇਤ ਪਾਕਿਸਤਾਨ ਵਿਚ ਦਾਖਲ ਹੋਣ ਤੋਂ ਬਾਅਦ ਵਾਪਸ ਭੇਜ ਦਿੱਤਾ ਗਿਆ। ਅਮਰ ਚੰਦ ਨੇ ਦਾਅਵਾ ਕੀਤਾ ਕਿ ਉਸ ਨੇ ਅਟਾਰੀ-ਵਾਹਗਾ ਦੇ ਜ਼ਮੀਨੀ ਰਸਤੇ ਰਾਹੀਂ ਪਾਕਿਸਤਾਨ ਵਿਚ ਦਾਖਲ ਹੋਣ ਦੀਆਂ ਸਾਰੀਆਂ ਰਸਮਾਂ ਪੂਰੀਆਂ ਕੀਤੀਆਂ। ਉਸ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਵਿਸ਼ੇਸ਼ ਬੱਸ ਵਿਚ ਬੈਠਣ ਲਈ ਕਿਹਾ ਗਿਆ, ਜਿਸ ਦੀ ਟਿਕਟ ਲਈ ਉਨ੍ਹਾਂ 95,000 ਰੁਪਏ (ਪਾਕਿਸਤਾਨੀ ਕਰੰਸੀ) ਖਰਚ ਕੀਤੇ ਸਨ। ਫਿਰ ਪਾਕਿਸਤਾਨ ਦੇ ਪੰਜ ਅਧਿਕਾਰੀ ਆਏ ਅਤੇ ਉਨ੍ਹਾਂ ਨੂੰ ਬੱਸ ਤੋਂ ਉਤਰਨ ਲਈ ਕਿਹਾ ਤੇ ਭਾਰਤ ਵਾਪਸ ਭੇਜ ਦਿੱਤਾ। ਦਿੱਲੀ ਦਾ ਰਹਿਣ ਵਾਲਾ ਅਮਰ ਚੰਦ ਜੋ ਪਹਿਲਾਂ ਪਾਕਿਸਤਾਨੀ ਨਾਗਰਿਕ ਸੀ ਪਰ 1999 'ਚ ਭਾਰਤ ਆਇਆ ਤੇ 2010 ਵਿਚ ਭਾਰਤੀ ਨਾਗਰਿਕਤਾ ਪ੍ਰਾਪਤ ਕੀਤੀ।

ਵਾਪਸ ਭੇਜੇ ਗਏ ਸ਼ਰਧਾਲੂਆਂ ਨੇ ਦੱਸਿਆ ਕਿ ਜੋ ਪੈਸਾ ਉਨ੍ਹਾਂ ਨੇ ਬੱਸ ਦੀਆਂ ਟਿਕਟਾਂ 'ਤੇ ਖਰਚ ਕੀਤਾ ਸੀ, ਉਹ ਵੀ ਵਾਪਸ ਨਹੀਂ ਕੀਤਾ ਗਿਆ। ਅਮਰ ਚੰਦ ਨੇ ਇਹ ਦਾਅਵਾ ਵੀ ਕੀਤਾ ਕਿ ਲਖਨਊ ਦੇ ਸੱਤ ਹੋਰ ਭਾਰਤੀਆਂ ਨੂੰ ਵੀ ਇਸੇ ਤਰ੍ਹਾਂ ਵਾਪਸ ਭੇਜਿਆ ਗਿਆ ਹੈ। ਦੱਸਣਯੋਗ ਹੈ ਕਿ ਪਹਿਲਾਂ ਕੇਂਦਰ ਸਰਕਾਰ ਨੇ ਗੁਆਂਢੀ ਦੇਸ਼ ਵਿਚ ਸੁਰੱਖਿਆ ਸਥਿਤੀ ਦਾ ਹਵਾਲਾ ਦਿੰਦੇ ਸ਼ਰਧਾਲੂਆਂ ਨੂੰ ਪਾਕਿਸਤਾਨ ਭੇਜਣ ਤੋਂ ਇਨਕਾਰ ਕਰ ਦਿੱਤਾ ਸੀ, ਪਰ ਬਾਅਦ 'ਚ ਕੇਂਦਰ ਸਰਕਾਰ ਨੇ ਸਿੱਖ ਜਥੇ ਨੂੰ ਪਾਕਿਸਤਾਨ 'ਚ ਗੁਰਦੁਆਰਿਆਂ ਦਾ ਦੌਰਾ ਕਰਨ ਦੀ ਇਜਾਜ਼ਤ ਦੇ ਦਿੱਤੀ ਸੀ।

## ਮੈਟਰੀਮੋਨੀਅਲ

ਜੱਟ ਸਿੱਖ ਗਰੇਵਾਲ ਲੜਕਾ, ਜਨਮ 1998, ਕੱਦ 6 ਫ਼ੁੱਟ 1 ਇੰਚ, Diploma in Designing Drafting, ਵਿਜ਼ਟਰ 'ਤੇ ਅਮਰੀਕਾ ਰਹਿ ਰਹੇ, ਸੋਹਣੇ-ਸੁਨੱਖੇ, ਨਸ਼ਿਆਂ ਤੋਂ ਰਹਿਤ ਲਈ ਅਮਰੀਕੀ ਜਾਂ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲੜਕੀ 'ਤੇ ਵੀ ਵਿਚਾਰ ਕੀਤਾ ਜਾਵੇਗਾ। ਜਾਣਕਾਰੀ ਲਈ : +1-604-749-2805 (whatsapp) 'ਤੇ ਸੰਪਰਕ ਕਰੋ। 871

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰ ਜਾਂ ਸਮਾਰਟ TV ਦੀ HDMI Port 'ਚ Google TV Dongle ਲਾ ਕੇ eBaba ਡਾਊਨਲੋਡ ਕਰਕੇ ਫਿਰ ਟੀਵੀ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖ ਅਤੇ ਰੇਡੀਓ 'ਚ ਸੁਣ, also eBaba Entertainment App available for your ਸਮਾਰਟ phone on app store and Play store.





Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹ।




ਇਸ ਲਈ ਜਲਦੀ ਤ 'ਜਲਦੀ ਇਹ App Download ਕਰ ਅਤੇ ਆਪਣੇ ਦ ਸਤਾਂ ਨਾਲ ਵੀ ਇਹ ਜਾਣਕਾਰੀ Share ਕਰ।

ਅਸੀਂ ਤੁਹਾਡਾ ਕ੍ਰੈਡਿਟ ਰਿਪੇਅਰ ਕਰਦੇ ਹਾਂ।

FREEMAN FINANCIAL SERVICES




ਆਪਣਾ ਕ੍ਰੈਡਿਟ ਠੀਕ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ।

CONTACT US
(916) 465-3200
(916) 471-5505

WHAT WE DO
BOOSTING YOUR CREDIT SCORE ...

ਅਸੀਂ ਤੁਹਾਡਾ ਕ੍ਰੈਡਿਟ ਸਕੋਰ ਵਧਾ ਸਕਦੇ ਹਾਂ।

WE CAN HELP WITH
- COLLECTIONS
- LATE PAYMENTS
- HARD INQUIRIES
- CHARGED OFF
- AND MORE.....

VISIT MORE
www.freemanfinsvcs.com

# ਹੁਣ ਬ੍ਰਿਟੇਨ ਵੱਲੋਂ ਵੀ ਪ੍ਰਵਾਸੀਆਂ ਖ਼ਿਲਾਫ਼ ਸਖ਼ਤ ਰੁਖ਼ ਕੀਤਾ ਅਖ਼ਤਿਆਰ

**ਲੰਡਨ, (ਪੰਜਾਬ ਮੇਲ)**– ਅਮਰੀਕਾ ਵੱਲੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਸਖ਼ਤ ਕਾਰਵਾਈ ਮਗਰੋਂ ਹੁਣ ਬ੍ਰਿਟੇਨ ਨੇ ਵੀ ਪ੍ਰਵਾਸੀਆਂ ਖ਼ਿਲਾਫ਼ ਸਖ਼ਤ ਰੁਖ਼ ਅਖ਼ਤਿਆਰ ਕਰ ਲਿਆ ਹੈ। ਪ੍ਰਧਾਨ ਮੰਤਰੀ ਕੀਅਰ ਸਟਾਰਮਰ ਪ੍ਰਸ਼ਾਸਨ ਦੇ ਨਵੇਂ ਆਦੇਸ਼ਾਂ ਤਹਿਤ ਲਗਭਗ 98,000 ਭਾਰਤੀ ਵਿਦਿਆਰਥੀਆਂ ਦੇ ਵੀਜ਼ਿਆਂ ਦੀ ਜਾਂਚ ਕੀਤੇ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਪ੍ਰਸ਼ਾਸਨ ਵੱਲੋਂ ਇਹ ਫੈਸਲਾ ਕਈ ਕੰਮ ਵਾਲੀਆਂ ਥਾਵਾਂ 'ਤੇ ਵਿਦਿਆਰਥੀਆਂ ਦੇ ਗ਼ੈਰ-ਕਾਨੂੰਨੀ ਤੌਰ 'ਤੇ ਕੰਮ ਕਰਦੇ ਫੜੇ ਜਾਣ ਤੋਂ ਬਾਅਦ ਲਿਆ ਗਿਆ ਹੈ।

ਇਸ ਫੈਸਲੇ ਮਗਰੋਂ ਲਗਭਗ 98 ਹਜ਼ਾਰ ਭਾਰਤੀ ਵਿਦਿਆਰਥੀ ਇਮੀਗ੍ਰੇਸ਼ਨ ਵਿਭਾਗ ਦੇ ਰਡਾਰ 'ਤੇ ਆ ਗਏ ਹਨ। ਜਾਂਚ ਏਜੰਸੀਆਂ ਨੂੰ

**■ 98,000 ਭਾਰਤੀ ਵਿਦਿਆਰਥੀਆਂ ਖ਼ਿਲਾਫ਼ ਵੱਡੀ ਕਾਰਵਾਈ ਦੀ ਕੀਤੀ ਤਿਆਰੀ!**

ਸਟੂਡੈਂਟ ਵੀਜ਼ੇ ਦੀ ਆੜ ਹੇਠ ਮਨੁੱਖੀ ਤਸਕਰੀ ਦੇ ਕਈ ਮਾਮਲੇ ਵੀ ਮਿਲੇ ਹਨ। ਇਹ ਲੋਕ ਏਜੰਟਾਂ ਰਾਹੀਂ ਸਟੂਡੈਂਟ ਵੀਜ਼ਾ 'ਤੇ ਬ੍ਰਿਟੇਨ ਆਉਂਦੇ ਹਨ ਤੇ ਕੁਝ ਮਹੀਨਿਆਂ ਬਾਅਦ ਹੀ ਪੜ੍ਹਾਈ ਛੱਡ ਦਿੰਦੇ ਹਨ ਤੇ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ। ਇਹ ਲੋਕ ਜਾਂਚ ਤੋਂ ਬਚਣ ਲਈ ਆਪਣੀ ਤਨਖਾਹ ਕੈਸ਼ ਲੈਂਦੇ ਹਨ।

ਅੰਕੜਿਆਂ ਮੁਤਾਬਕ 2020 ਵਿਚ 20 ਹਜ਼ਾਰ ਤੋਂ ਵੱਧ ਭਾਰਤੀ ਵਿਦਿਆਰਥੀ ਬ੍ਰਿਟੇਨ 'ਚ ਓਵਰਸਟੇਅ ਕਰ ਰਹੇ ਸਨ, ਜਿਨ੍ਹਾਂ ਵਿਚੋਂ ਵੱਡੀ ਗਿਣਤੀ 'ਚ ਹੁਣ 'ਲਾਪਤਾ' ਹੋ ਚੁੱਕੇ ਹਨ। ਇਮੀਗ੍ਰੇਸ਼ਨ ਯੂ.ਕੇ. ਮੁਤਾਬਕ, ਓਵਰਸਟੇਅ ਕਰਨ ਵਾਲਿਆਂ ਵਿਚ ਸਭ ਤੋਂ ਵੱਧ ਗਿਣਤੀ ਦੱਖਣੀ ਏਸ਼ੀਆਈ ਲੋਕਾਂ ਦੀ ਹੈ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਵਿਦਿਆਰਥੀ ਵੀਜ਼ੇ ਵਾਲੇ ਅਤੇ ਉਸ ਤੋਂ ਬਾਅਦ ਟੂਰਿਸਟ ਵੀਜ਼ਾ ਹੋਲਡਰ ਸ਼ਾਮਲ ਹਨ। ਦੇਸ਼ ਦੇ ਨਵੇਂ ਨਿਯਮਾਂ ਤਹਿਤ ਵਿਦਿਆਰਥੀ ਹੁਣ 24 ਮਹੀਨਿਆਂ ਦੀ ਬਜਾਏ ਸਿਰਫ਼ 18 ਮਹੀਨੇ ਹੀ ਬ੍ਰਿਟੇਨ ਵਿਚ ਰਹਿ ਸਕਣਗੇ। ਜੇਕਰ ਕਿਸੇ ਵਿਦਿਆਰਥੀ ਨੂੰ ਵੀਜ਼ਾ ਵਧਾਉਣਾ ਹੋਵੇ, ਤਾਂ ਉਸ ਨੂੰ ਸਬੰਧਤ ਕਾਲਜ ਤੋਂ ਇੱਕ ਲਾਜ਼ਮੀ ਪੱਤਰ ਦੇਣਾ ਪਵੇਗਾ।

ਇਸ ਤੋਂ ਇਲਾਵਾ ਮੌਜੂਦਾ ਸਮੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪੜ੍ਹਾਈ ਦੌਰਾਨ ਹਫ਼ਤੇ ਵਿਚ 20 ਘੰਟੇ ਅਤੇ ਛੁੱਟੀਆਂ ਦੌਰਾਨ 40 ਘੰਟੇ ਕੰਮ ਕਰਨ ਦੀ ਇਜਾਜ਼ਤ ਹੈ, ਪਰ ਇਸ ਦੀ ਵਿਆਪਕ ਉਲੰਘਣਾ ਦੇਖਣ ਨੂੰ ਮਿਲੀ ਹੈ, ਜਿਸ ਦੇ ਮੱਦੇਨਜ਼ਰ ਅਮਰੀਕਾ ਵਿਚ ਪ੍ਰਵਾਸੀਆਂ ਨੂੰ ਫੜਨ ਲਈ ਬਣਾਈ ਗਈ ਆਈ.ਸੀ.ਈ. ਟੀਮ ਦੀ ਤਰਜ਼ 'ਤੇ, ਸਟਾਰਮਰ ਸਰਕਾਰ ਨੇ ਵੀ ਇੱਕ ਵਿਸ਼ੇਸ਼ ਇਮੀਗ੍ਰੇਸ਼ਨ ਟੀਮ ਤਿਆਰ ਕੀਤੀ ਹੈ।

ਇਹ ਟੀਮਾਂ ਹਰ ਪੁਲਿਸ ਸਟੇਸ਼ਨ ਵਿਚ ਮੌਜੂਦ ਹਨ ਅਤੇ ਕਾਲਜਾਂ ਦੇ ਨਾਲ-ਨਾਲ ਕੰਮ ਵਾਲੀਆਂ ਥਾਵਾਂ 'ਤੇ ਵੀ ਅਚਾਨਕ ਛਾਪੇਮਾਰੀ ਕਰਦੀਆਂ ਹਨ। ਇਸ ਕਾਰਨ ਵਿਦਿਆਰਥੀਆਂ ਵਿਚ ਘਬਰਾਹਟ ਪੈਦਾ ਹੋ ਗਈ ਹੈ ਅਤੇ ਉਹ ਹੁਣ ਹਮੇਸ਼ਾ ਆਪਣੇ ਵੀਜ਼ਾ ਅਤੇ ਪਾਸਪੋਰਟ ਦਸਤਾਵੇਜ਼ ਨਾਲ ਰੱਖਦੇ ਹਨ, ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਪਰੇਸ਼ਾਨੀ ਨਾ ਹੋਵੇ।

# ਬ੍ਰਿਟੇਨ ਇਮੀਗ੍ਰੇਸ਼ਨ ਨਿਯਮਾਂ 'ਚ ਕਰੇਗਾ ਸਖਤੀ

**ਲੰਡਨ, (ਪੰਜਾਬ ਮੇਲ)**– ਬ੍ਰਿਟੇਨ ਦੇ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਵਧਦੀ ਇਮੀਗ੍ਰੇਸ਼ਨ ਨਾਲ ਨਜਿੱਠਣ ਲਈ 'ਡੈਨਮਾਰਕ ਮਾਡਲ' ਅਪਣਾਉਣ 'ਤੇ ਵਿਚਾਰ ਕਰ ਰਹੇ ਹਨ, ਜਿਸ 'ਚ ਸਖ਼ਤ ਕੰਟਰੋਲ ਅਤੇ ਪਨਾਹ ਲੈਣ ਦੀ ਪ੍ਰਣਾਲੀ 'ਚ ਮਾਮੂਲੀ ਤਬਦੀਲੀ ਕਰਨ ਦੀ ਯੋਜਨਾ ਸ਼ਾਮਲ ਹੈ।

ਡੈਨਮਾਰਕ ਨੂੰ ਯੂਰਪ 'ਚ ਇਮੀਗ੍ਰੇਸ਼ਨ ਦੇ ਮਾਮਲਿਆਂ 'ਚ ਸਭ ਤੋਂ ਸਖ਼ਤ ਦੇਸ਼ਾਂ 'ਚੋਂ ਇਕ ਮੰਨਿਆ ਜਾਂਦਾ ਹੈ। ਖ਼ਬਰ ਹੈ ਕਿ ਮਹਿਮੂਦ ਨੇ ਹਾਲ ਹੀ 'ਚ ਗ੍ਰਹਿ ਮੰਤਰਾਲਾ ਦੇ ਸੀਨੀਅਰ ਅਧਿਕਾਰੀਆਂ ਨੂੰ ਡੈਨਮਾਰਕ ਮਾਡਲ ਦਾ ਅਧਿਐਨ ਕਰਨ ਲਈ ਕੋਪੇਨਹੇਗਨ ਭੇਜਿਆ ਹੈ, ਤਾਂ ਕਿ ਉਸ ਮਾਡਲ ਨੂੰ ਬ੍ਰਿਟੇਨ 'ਚ ਵੀ ਲਾਗੂ ਕੀਤਾ ਜਾ ਸਕੇ।

ਡੈਨਮਾਰਕ ਸੰਘਰਸ਼ਸ਼ੀਲ ਖੇਤਰਾਂ ਤੋਂ ਆ ਕੇ ਸਫਲਤਾਪੂਰਵਕ ਪਨਾਹ ਹਾਸਲ ਕਰਨ ਵਾਲੇ ਜ਼ਿਆਦਾਤਰ ਲੋਕਾਂ ਨੂੰ ਸਿਰਫ ਅਸਥਾਈ ਤੌਰ 'ਤੇ ਉਦੋਂ ਤੱਕ ਹੀ ਰਹਿਣ ਦੀ ਇਜ਼ਾਜਤ ਦਿੰਦਾ ਹੈ, ਜਦੋਂ ਤੱਕ ਸਰਕਾਰ ਉਨ੍ਹਾਂ ਦੇ ਆਪਣੇ ਦੇਸ਼ਾਂ ਨੂੰ ਉਨ੍ਹਾਂ ਦੇ ਵਾਪਸ ਪਰਤਣ ਲਈ

**■ 'ਡੈਨਮਾਰਕ ਮਾਡਲ' ਅਪਣਾਉਣ ਦੀ ਚੱਲ ਰਹੀ ਤਿਆਰੀ**

ਸੁਰੱਖਿਅਤ ਐਲਾਨ ਨਹੀਂ ਕਰ ਦਿੰਦੀ। ਰਿਪੋਰਟ ਮੁਤਾਬਕ ਡੈਨਮਾਰਕ 'ਚ ਪਰਿਵਾਰ ਨਾਲ ਰਹਿਣ ਲਈ ਸਖਤ ਨਿਯਮਾਂ ਨੇ ਬ੍ਰਿਟੇਨ ਦੇ ਗ੍ਰਹਿ ਮੰਤਰਾਲਾ ਦੇ ਅਧਿਕਾਰੀਆਂ ਦਾ ਧਿਆਨ ਵੀ ਖਿੱਚਿਆ ਹੈ।

ਇਸ 'ਚ ਵਿੱਤੀ ਜ਼ਰੂਰਤਾਂ ਅਤੇ ਜਬਰੀ ਵਿਆਹ ਨੂੰ ਰੋਕਣ ਲਈ ਰਹਿਣ ਦੇ ਅਧਿਕਾਰ ਵਾਸਤੇ 24 ਸਾਲ ਤੋਂ ਵੱਧ ਦੀ ਉਮਰ ਹੱਦ ਅਤੇ ਦੇਸ਼ 'ਚ ਪ੍ਰਵਾਸੀ ਬਸਤੀਆਂ ਦੇ ਨਿਰਮਾਣ ਨੂੰ ਰੋਕਣ ਲਈ ਸਖ਼ਤ ਰਿਹਾਇਸ਼ੀ ਨਿਯਮ ਸ਼ਾਮਲ ਹਨ। ਬ੍ਰਿਟੇਨ 'ਚ ਰਹਿਣ ਦੀ ਇੱਛੁਕ ਸ਼ਰਣਾਰਥੀਆਂ ਨੂੰ ਉੱਚ ਪੱਧਰ ਦੀ ਅੰਗਰੇਜ਼ੀ ਸਿੱਖਣੀ ਹੋਵੇਗੀ ਅਤੇ ਉਨ੍ਹਾਂ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੋਣਾ ਚਾਹੀਦਾ ਹੈ। ਪਨਾਹ ਮਿਲਣ 'ਤੇ ਉਨ੍ਹਾਂ ਨੂੰ ਆਪਣੀ ਰਿਹਾਇਸ਼ ਅਤੇ ਹੋਰ ਸੁਵਿਧਾਵਾਂ ਦਾ ਖਰਚ ਵੀ ਭਰਨਾ ਪੈ ਸਕਦਾ ਹੈ।

# ਬਰਤਾਨਵੀ ਜਾਸੂਸਾਂ ਦੀ ਰਿਪੋਰਟ ਦੇ ਆਧਾਰ 'ਤੇ ਕੈਨੇਡਾ ਨੇ ਨਿੱਝਰ ਦੀ ਹੱਤਿਆ ਪਿੱਛੇ ਭਾਰਤ ਦਾ ਹੱਥ ਹੋਣ ਦੇ ਲਾਏ ਸਨ ਦੋਸ਼

**ਲੰਡਨ, (ਪੰਜਾਬ ਮੇਲ)**– ਬਰਤਾਨੀਆ ਦੇ ਜਾਸੂਸਾਂ ਦੀ ਰਿਪੋਰਟ ਦੇ ਆਧਾਰ 'ਤੇ ਕੈਨੇਡਾ ਦੇ ਅਧਿਕਾਰੀਆਂ ਨੇ ਖ਼ਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਪਿੱਛੇ ਭਾਰਤ ਦਾ ਹੱਥ ਹੋਣ ਦੇ ਦੋਸ਼ ਲਾਏ ਸਨ। ਇਸ ਹਫ਼ਤੇ ਜਾਰੀ ਨਵੀਂ ਦਸਤਾਵੇਜ਼ੀ 'ਚ ਇਹ ਦਾਅਵਾ ਕੀਤਾ ਗਿਆ ਹੈ। 'ਬਲੂਮਬਰਗ ਓਰੀਜਨਲਸ' ਦੀ ਭਾਰਤ ਦੇ ਪੱਛਮ ਨਾਲ ਵਿਗੜੇ ਸਬੰਧਾਂ ਬਾਰੇ ਰਿਪੋਰਟ 'ਚ ਕਿਹਾ ਗਿਆ ਹੈ ਕਿ ਬਰਤਾਨਵੀ ਖ਼ੁਫ਼ੀਆ ਏਜੰਸੀ ਨੇ ਕੁਝ ਗੁਪਤ ਕਾਲਾਂ ਨੂੰ ਸੁਣਿਆ ਸੀ, ਜਿਨ੍ਹਾਂ 'ਚ ਕੁਝ ਵਿਅਕਤੀ ਤਿੰਨ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਬਾਰੇ ਚਰਚਾ ਕਰ ਰਹੇ ਸਨ। ਬਰਤਾਨੀਆ ਨੇ ਅਮਰੀਕਾ, ਕੈਨੇਡਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿਚਾਲੇ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਨ ਸਬੰਧੀ ਹੋਏ ਸਮਝੌਤੇ ਤਹਿਤ ਕੈਨੇਡਾ ਦੇ ਅਧਿਕਾਰੀਆਂ ਨੂੰ ਤਿੰਨ ਆਗੂਆਂ ਦੇ ਨਾਮ ਸਾਂਝੇ ਕੀਤੇ ਸਨ, ਜਿਨ੍ਹਾਂ ਨੂੰ ਨਿਸ਼ਾਨਾ ਬਣਾਉਣ ਦੀ ਸੂਹ ਮਿਲੀ ਸੀ। ਵੀਡੀਓ ਦਸਤਾਵੇਜ਼ੀ 'ਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਸਰਕਾਰ ਤਰਫ਼ੋਂ ਕੰਮ ਕਰ ਰਹੇ ਕੁਝ

**■ ਬਰਤਾਨਵੀ ਖ਼ੁਫ਼ੀਆ ਦਸਤਾਵੇਜ਼ਾਂ 'ਚ ਖ਼ੁਲਾਸਾ**



ਬੰਦੇ ਆਪਸ 'ਚ ਗੱਲਬਾਤ ਕਰ ਰਹੇ ਸਨ, ਜਿਨ੍ਹਾਂ ਦੀ ਗੱਲ ਨੂੰ ਸੁਣ ਲਿਆ ਗਿਆ। ਦਸਤਾਵੇਜ਼ੀ ਮੁਤਾਬਕ ਉਹ ਤਿੰਨ ਸੰਭਾਵੀ ਨਿਸ਼ਾਨਿਆਂ ਨਿੱਝਰ, ਅਤਵਾਰ ਸਿੰਘ ਖੰਡਾ ਅਤੇ ਗੁਰਪਤਵੰਤ ਸਿੰਘ ਪੰਨੂ ਬਾਰੇ ਚਰਚਾ ਕਰ ਰਹੇ ਸਨ। ਬਾਅਦ 'ਚ ਇਕ ਹੋਰ ਗੱਲਬਾਤ ਸਾਹਮਣੇ ਆਈ ਕਿ ਕਿਵੇਂ ਨਿੱਝਰ ਨੂੰ ਸਫ਼ਲਤਾਪੂਰਵਕ ਮਾਰ ਮੁਕਾਇਆ ਗਿਆ ਹੈ। ਬਰਤਾਨਵੀ ਖ਼ਾਲਿਸਤਾਨੀ ਆਗੂ ਖੰਡਾ ਦੀ ਬਰਮਿੰਘਮ ਦੇ ਹਸਪਤਾਲ 'ਚ ਜੂਨ 2023 'ਚ ਮੌਤ ਹੋ ਗਈ ਸੀ। ਉਹ ਬਲੱਡ ਕੈਂਸਰ ਤੋਂ ਪੀੜਤ ਸੀ ਅਤੇ ਕੁਝ ਜਥੇਬੰਦੀਆਂ ਨੇ ਦੋਸ਼ ਲਾਏ ਸਨ ਕਿ ਉਸ ਨੂੰ ਜਾਨੋਂ ਮਾਰਿਆ ਗਿਆ ਹੈ ਪਰ ਬਰਤਾਨਵੀ ਅਧਿਕਾਰੀਆਂ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਸੀ। ਦਸਤਾਵੇਜ਼ੀ ਨਸ਼ਰ ਹੋਣ ਮਗਰੋਂ ਸਿੱਖ ਫੈਡਰੇਸ਼ਨ ਯੂ.ਕੇ. ਨੇ ਕਿਹਾ ਕਿ ਉਸ ਨੇ ਸੁਰੱਖਿਆ ਮੰਤਰੀ ਡੈਨ ਜਾਰਵਿਸ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ ਬਰਤਾਨੀਆ ਸਰਕਾਰ ਕੋਲ ਜੁਲਾਈ 2023 ਤੋਂ ਖ਼ੁਫ਼ੀਆ ਜਾਣਕਾਰੀ ਹੋਣ ਦੇ ਬਾਵਜੂਦ ਇਸ ਨੂੰ ਪਹਿਲਾਂ ਕਿਉਂ ਨਹੀਂ ਸਾਂਝਾ ਕੀਤਾ ਗਿਆ। ਦਸਤਾਵੇਜ਼ੀ 'ਚ ਅਮਰੀਕਾ ਅਧਾਰਿਤ ਪੰਨੂ, ਜਿਸ ਨੂੰ ਭਾਰਤ ਵੱਲੋਂ ਅੱਤਵਾਦੀ ਨਾਮਜ਼ਦ ਕੀਤਾ ਗਿਆ ਹੈ, ਦੀ ਇੰਟਰਵਿਊ ਵੀ ਹੈ, ਜਿਸ 'ਚ ਹਥਿਆਰਬੰਦ ਅੰਗ-ਰੱਖਿਅਕਾਂ ਨਾਲ ਘਿਰਿਆ ਹੋਇਆ ਉਹ ਆਖਦਾ ਹੈ ਕਿ ਉਸ ਦੀ ਜਾਨ ਨੂੰ ਖ਼ਤਰਾ ਹੈ। ਨਿੱਝਰ ਦੀ ਹੱਤਿਆ ਮਗਰੋਂ ਭਾਰਤ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਸੀ। ਇਸ ਤੋਂ ਬਾਅਦ ਭਾਰਤ ਅਤੇ ਕੈਨੇਡਾ ਦੇ ਸਬੰਧ ਵਿਗੜ ਗਏ ਸਨ ਅਤੇ ਦੋਵੇਂ ਮੁਲਕਾਂ ਨੇ ਆਪੋ-ਆਪਣੇ ਸਫ਼ੀਰ ਵੀ ਵਾਪਸ ਸੱਦ ਲਏ ਸਨ।

## ਅਮਰੀਕਾ 'ਚ ਪਾਕਿਸਤਾਨੀ ਨਾਗਰਿਕ ਨੂੰ ਈਰਾਨੀ ਹਥਿਆਰਾਂ ਦੀ ਤਸਕਰੀ ਦੇ ਦੋਸ਼ 'ਚ 40 ਸਾਲ ਦੀ ਕੈਦ

**ਨਿਊਯਾਰਕ, (ਪੰਜਾਬ ਮੇਲ)**– ਅਮਰੀਕਾ 'ਚ ਇਕ ਪਾਕਿਸਤਾਨੀ ਨਾਗਰਿਕ ਨੂੰ ਈਰਾਨ ਦੁਆਰਾ ਬਣਾਏ ਗਏ ਉੱਨਤ ਰਵਾਇਤੀ ਹਥਿਆਰਾਂ ਦੀ ਢੋਆ-ਢੁਆਈ ਦੇ ਦੋਸ਼ਾਂ 'ਚ 40 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮੁਹੰਮਦ ਪਹਿਲਵਾਨ ਨੂੰ ਇਸ ਸਾਲ ਜੂਨ 'ਚ ਇਕ ਸੰਘੀ ਜਿਊਰੀ ਨੇ ਅੱਤਵਾਦੀਆਂ ਨੂੰ ਸਮੱਗਰੀ ਸਹਾਇਤਾ ਅਤੇ ਸਰੋਤ ਪ੍ਰਦਾਨ ਕਰਨ, ਈਰਾਨ ਦੇ ਸਮੂਹਿਕ ਵਿਨਾਸ਼ ਦੇ ਹਥਿਆਰ ਪ੍ਰੋਗਰਾਮ ਨੂੰ ਸਮੱਗਰੀ ਸਹਾਇਤਾ ਅਤੇ ਸਰੋਤ ਪ੍ਰਦਾਨ ਕਰਨ, ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ ਦੇ ਸਮੂਹਿਕ ਵਿਨਾਸ਼ ਦੇ ਹਥਿਆਰ ਪ੍ਰੋਗਰਾਮ ਨੂੰ ਸਮੱਗਰੀ ਸਹਾਇਤਾ ਪ੍ਰਦਾਨ ਕਰਨ ਤੇ ਹੌਥੀ ਵਿਸਫੋਟਕ ਯੰਤਰਾਂ ਦੀ ਸਾਜਿਸ਼ ਰਚਣ ਅਤੇ ਆਵਾਜਾਈ ਕਰਨ ਦੇ ਦੋਸ਼ ਵਿਚ ਦੋਸ਼ੀ ਠਹਿਰਾਇਆ ਸੀ, ਇਹ ਜਾਣਦੇ ਹੋਏ ਕਿ ਉਨ੍ਹਾਂ ਵਿਸਫੋਟਕਾਂ ਦੀ ਵਰਤੋਂ ਨੁਕਸਾਨ ਪਹੁੰਚਾਉਣ ਤੇ ਉਸਦੇ ਅਮਲੇ ਨੂੰ ਧਮਕਾਉਣ ਲਈ ਕੀਤੀ ਜਾਵੇਗੀ। ਉਸਨੂੰ ਪਿਛਲੇ ਮਹੀਨੇ ਦੋਸ਼ਾਂ ਲਈ 40 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਪਹਿਲਵਾਨ ਦੀ ਜਨਵਰੀ 2024 ਦੀ ਯਾਤਰਾ ਇੱਕ ਵੱਡੇ ਆਪ੍ਰੇਸ਼ਨ ਦਾ ਹਿੱਸਾ ਸੀ।

# 'ਭਾਰਤ 'ਚ ਗ੍ਰੀਨਹਾਊਸ ਗੈਸਾਂ ਦਾ ਨਿਕਾਸ ਸਭ ਤੋਂ ਉੱਪਰ'

**ਚੰਡੀਗੜ੍ਹ, (ਪੰਜਾਬ ਮੇਲ)**– ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਦੀ ਐਮੀਸ਼ਨ ਗੈਪ ਰਿਪੋਰਟ 2025 'ਚ ਜਲਵਾਯੂ ਜ਼ੋਖਮਾਂ ਅਤੇ ਨੁਕਸਾਨਾਂ ਦੇ ਗੰਭੀਰ ਵਾਧੇ ਦੀ ਚਿਤਾਵਨੀ ਦਿੰਦੇ ਹੋਏ ਇਹ ਖੁਲਾਸਾ ਕੀਤਾ ਗਿਆ ਹੈ ਕਿ ਭਾਰਤ ਦੁਨੀਆਂ ਵਿਚ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਵਿਚ ਸਭ ਤੋਂ ਉੱਪਰ ਹੈ।



ਰਿਪੋਰਟ ਅਨੁਸਾਰ, ਗ੍ਰੀਨਹਾਊਸ ਗੈਸਾਂ ਦੇ ਕੁੱਲ ਪ੍ਰਦੂਸ਼ਣ ਵਿਚ ਸਭ ਤੋਂ ਵੱਡਾ ਵਾਧਾ ਭਾਰਤ ਅਤੇ ਚੀਨ ਵਿਚ ਦੇਖਿਆ ਗਿਆ ਹੈ। ਇੰਡੋਨੇਸ਼ੀਆ ਵਿਚ ਵੀ ਇਹ ਵਾਧਾ ਸਭ ਤੋਂ ਤੇਜ਼ੀ ਨਾਲ ਹੋਇਆ ਹੈ। ਦੁਨੀਆਂ ਦੇ ਕੁੱਲ ਪ੍ਰਦੂਸ਼ਣ ਦਾ 77 ਫੀਸਦੀ ਹਿੱਸਾ ਜੀ20 ਦੇਸ਼ਾਂ ਦਾ ਹੈ ਅਤੇ 2024 ਵਿਚ ਇਨ੍ਹਾਂ ਦਾ ਪ੍ਰਦੂਸ਼ਣ 0.7 ਫੀਸਦੀ ਵਧਿਆ ਹੈ। ਰਿਪੋਰਟ ਵਿਚ ਇਹ ਵੀ ਬਿਆਨ ਕੀਤਾ ਗਿਆ ਹੈ ਕਿ ਪ੍ਰਦੂਸ਼ਣ ਫੈਲਾਉਣ ਵਾਲੇ 6 ਸਭ ਤੋਂ ਵੱਡੇ ਦੇਸ਼ਾਂ (ਜਿਨ੍ਹਾਂ ਵਿਚ ਚੀਨ, ਅਮਰੀਕਾ ਅਤੇ ਰੂਸ ਸ਼ਾਮਲ ਹਨ) ਵਿਚੋਂ ਸਿਰਫ਼ ਯੂਰਪੀ ਸੰਘ ਨੇ ਹੀ 2024 ਵਿਚ ਪ੍ਰਦੂਸ਼ਣ ਘਟਾਇਆ ਹੈ। ਅੰਕੜਿਆਂ ਅਨੁਸਾਰ, ਪੈਰਿਸ ਸਮਝੌਤੇ ਦਾ ਟੀਚਾ ਦੁਨੀਆਂ ਦੇ ਤਾਪਮਾਨ ਨੂੰ 1.5 ਡਿਗਰੀ ਸੈਲਸੀਅਸ ਤੋਂ ਵੱਧ ਵਧਣ ਤੋਂ ਰੋਕਣਾ ਹੈ ਪਰ ਦੁਨੀਆਂ ਇਸ ਟੀਚੇ ਤੋਂ ਬਹੁਤ ਦੂਰ ਹੈ। ਮੌਜੂਦਾ ਯੋਜਨਾਵਾਂ ਦੇ ਮੁਤਾਬਕ, ਇਸ ਸਦੀ ਦੇ ਅੰਤ ਤੱਕ ਦੁਨੀਆਂ ਦਾ ਤਾਪਮਾਨ 2.3 ਤੋਂ 2.5 ਡਿਗਰੀ ਸੈਲਸੀਅਸ ਤੱਕ ਵਧਣ ਦੀ ਸੰਭਾਵਨਾ ਹੈ। ਪਿਛਲੇ ਸਾਲ ਇਹ ਅਨੁਮਾਨ 2.6 ਤੋਂ 2.8 ਡਿਗਰੀ ਸੀ, ਭਾਵੇਂ ਕਿ ਇਸ ਵਿਚ ਥੋੜ੍ਹਾ ਸੁਧਾਰ ਹੋਇਆ ਹੈ।







# ਕੈਨੇਡਾ 'ਚ ਵੀਜ਼ਾ ਤੇ ਪੱਕੀ ਇਮੀਗ੍ਰੇਸ਼ਨ 'ਚ ਕਟੌਤੀ ਦਾ ਐਲਾਨ

**■ ਅਗਲੇ ਤਿੰਨ ਸਾਲਾਂ 'ਚ ਸਿਰਫ਼ 33,000 ਵਿਦੇਸ਼ੀ ਕਾਮਿਆਂ ਨੂੰ ਪੱਕੇ ਹੋਣ ਦਾ ਮਿਲੇਗਾ ਮੌਕਾ**

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਦੀ ਸੰਸਦ 'ਚ ਵਿੱਤ ਮੰਤਰੀ ਫਰਾਂਸੁਆ ਫਿਲਿਪ ਸ਼ੈਂਪੇਨ ਵੱਲੋਂ 78 ਅਰਬ ਡਾਲਰ ਵਿੱਤੀ ਘਾਟੇ ਦਾ ਬਜਟ ਪੇਸ਼ ਕੀਤਾ ਗਿਆ, ਜਿਸ 'ਚ ਪੱਕੀ ਇਮੀਗ੍ਰੇਸ਼ਨ ਤੇ ਆਰਜ਼ੀ ਪਰਮਿਟ ਜਾਰੀ ਕਰਨ ਦੀ ਕਟੌਤੀ ਦਾ ਪ੍ਰਸਤਾਵ ਮੌਜੂਦ ਹੈ। 2026 ਤੋਂ 2028 ਤੱਕ ਸਰਕਾਰ ਵਲੋਂ ਇਮੀਗ੍ਰੇਸ਼ਨ ਯੋਜਨਾ 'ਚ ਅਗਲੇ ਦੋ ਸਾਲਾਂ ਦੌਰਾਨ 33 ਹਜ਼ਾਰ ਦੇ ਕਰੀਬ ਵਰਕ ਪਰਮਿਟ ਧਾਰਕ ਵਿਦੇਸ਼ੀ ਕਾਮਿਆਂ ਨੂੰ ਪੱਕੇ ਹੋਣ ਦਾ ਮੌਕਾ ਦੇਣ ਲਈ ਨਵਾਂ ਪ੍ਰੋਗਰਾਮ ਸ਼ਾਮਲ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਦੇਸ਼ 'ਚ ਆਰਜ਼ੀ ਵੀਜ਼ੇ ਤੇ ਪਰਮਿਟਾਂ ਨਾਲ ਦਾਖਲ ਕੀਤੇ ਜਾਣ ਵਾਲੇ ਵਿਦੇਸ਼ੀਆਂ ਦੀ ਗਿਣਤੀ, ਜੋ ਮੌਜੂਦਾ ਸਾਲ 'ਚ 673650 ਹੈ, ਤੋਂ ਘਟਾ ਕੇ 2026 'ਚ 385000 ਕਰਨ ਦਾ ਐਲਾਨ ਕੀਤਾ ਗਿਆ ਹੈ। ਸਟੱਡੀ ਪਰਮਿਟ ਜਾਰੀ ਕਰਨ ਦੀ ਗਿਣਤੀ ਕੱਟ ਕੇ ਅੱਧੀ (2026 ਲਈ 155000) ਕੀਤੀ ਜਾ ਰਹੀ ਹੈ, ਜੋ ਇਸ ਸਾਲ 2025 'ਚ 305900 ਸੀ। 2026 'ਚ ਵਰਕ ਪਰਮਿਟ ਵੀ 2025 ਦੇ ਮੁਕਾਬਲੇ 37 ਫੀਸਦੀ ਘੱਟ ਜਾਰੀ ਕੀਤੇ ਜਾਣਗੇ। 2025 'ਚ 367750 ਵਰਕ ਪਰਮਿਟ ਦੇਣ ਦੇ ਟੀਚੇ ਨੂੰ ਕੱਟ ਕੇ 2026 ਵਾਸਤੇ 230000 ਕੀਤਾ ਗਿਆ ਹੈ। ਕੈਨੇਡਾ 'ਚ ਆਰਥਿਕ ਮੰਦੀ ਤੇ ਵਧ ਰਹੀ ਬੇਰੁਜ਼ਗਾਰੀ ਨੂੰ ਧਿਆਨ 'ਚ ਰੱਖ ਕੇ ਸਰਕਾਰ ਵੱਲੋਂ ਵਿਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਦੀ ਗਿਣਤੀ ਘਟਾਉਣ ਤੇ ਦੇਸ਼ 'ਚ ਆਰਜ਼ੀ ਤੌਰ 'ਤੇ ਮੌਜੂਦ ਵਿਦੇਸ਼ੀਆਂ ਨੂੰ ਚਲੇ ਜਾਣ ਲਈ ਉਤਸ਼ਾਹਿਤ ਕਰਨ ਵੱਲ ਧਿਆਨ ਦਿੱਤਾ ਜਾ ਰਿਹਾ ਹੈ, ਜਿਸ ਨਾਲ ਦੇਸ਼ 'ਚ ਅਬਾਦੀ ਸਥਿਰ ਹੋਵੇਗੀ ਤੇ ਕੈਨੇਡੀਅਨ ਨੌਜਵਾਨਾਂ ਨੂੰ ਰੁਜ਼ਗਾਰ ਦੇ ਵੱਧ ਮੌਕੇ ਮਿਲ ਸਕਣਗੇ।

ਇਸੇ ਤਰ੍ਹਾਂ ਸਰਕਾਰ ਵੱਲੋਂ ਖਜ਼ਾਨੇ 'ਚ ਬੱਚਤ ਕਰਨ ਦੇ ਇਰਾਦੇ ਨਾਲ ਆਪਣੇ ਮਹਿਕਮਿਆਂ 'ਚ ਮੁਲਾਜ਼ਮਾਂ ਦੀ ਕਟੌਤੀ ਕਰਨ ਦਾ ਐਲਾਨ ਕੀਤਾ ਗਿਆ ਹੈ, ਜਿਸ ਨਾਲ ਲੋਕਾਂ ਨੂੰ ਦਫਤਰਾਂ 'ਚੋਂ ਕੰਮ ਕਰਵਾਉਣ ਤੇ ਜਾਣਕਾਰੀ ਲੈਣ ਲਈ ਹੋਰ ਲੰਬੇ ਇੰਤਜ਼ਾਰ ਕਰਨੇ ਪੈ ਸਕਦੇ ਹਨ। ਬਜਟ 'ਚ ਰਾਸ਼ਟਰੀ ਪੱਧਰ 'ਤੇ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਦੇ ਤੇ ਫੌਜ 'ਚ ਵੱਧ ਨਿਵੇਸ਼ ਕਰਨ ਦੇ ਟੀਚੇ ਮਿੱਥੇ ਗਏ ਹਨ। ਸਰਕਾਰ ਦੀ 2025 ਦੌਰਾਨ 16000 ਮੁਲਾਜ਼ਮ ਘਟਾਉਣ ਤੇ 2028-2029 ਤੱਕ 40000 ਮੁਲਾਜ਼ਮ ਘਟਾਉਣ ਦੀ ਯੋਜਨਾ ਹੈ।

ਇਮੀਗ੍ਰੇਸ਼ਨ ਮੰਤਰੀ ਲੀਨਾ ਮੈਟਲਿਜ ਡਿਆਬ ਨੇ ਆਪਣੀ ਸਾਲਾਨਾ ਇਮੀਗ੍ਰੇਸ਼ਨ ਰਿਪੋਰਟ ਅਗਲੇ ਦਿਨਾਂ 'ਚ ਪੇਸ਼ ਕਰਨੀ ਹੈ, ਜਿਸ 'ਚ ਵੀਜ਼ਿਆਂ 'ਚ ਕਟੌਤੀ ਦਾ ਜ਼ਿਕਰ ਹੋਣ ਦੀ ਸੰਭਾਵਨਾ ਹੈ। ਜਾਣਕਾਰੀ ਅਨੁਸਾਰ 2026 'ਚ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰਾਲੇ ਵਲੋਂ 380000 ਵਿਦੇਸ਼ੀਆਂ ਨੂੰ ਦੇਸ਼ 'ਚ ਪੱਕੇ ਤੌਰ 'ਤੇ ਵੱਸਣ ਦਾ ਮੌਕਾ ਦਿੱਤਾ ਜਾਵੇਗਾ, ਜਿਸ 64 ਫੀਸਦੀ ਵੀਜ਼ੇ ਕੈਨੇਡਾ 'ਚ ਰੋਜ਼ਗਾਰ ਮਾਰਕਿਟ ਦੀਆਂ ਲੋੜਾਂ ਅਨੁਸਾਰ ਯੋਗਤਾ ਪ੍ਰਾਪਤ ਵਿਦੇਸ਼ੀ ਨਾਗਰਿਕ ਸ਼ਾਮਲ ਹੋਣਗੇ। ਇਸ ਸਾਲ ਦੌਰਾਨ ਜਨਵਰੀ ਤੋਂ ਅਗਸਤ ਤੱਕ ਵਿਦੇਸ਼ਾਂ ਤੋਂ ਕੈਨੇਡਾ 'ਚ 154515 ਵਿਦੇਸ਼ੀ ਕਾਮਿਆਂ ਨੂੰ ਵਰਕ ਪਰਮਿਟ ਮਿਲੇ ਸਨ, ਜਦਕਿ 2025 ਸਾਰੇ ਸਾਲ ਦੌਰਾਨ ਸਰਕਾਰ ਵੱਲੋਂ 367750 ਵਰਕ ਪਰਮਿਟ ਜਾਰੀ ਕਰਨ ਦਾ ਟੀਚਾ ਰੱਖਿਆ ਗਿਆ ਸੀ। ਇਸ ਸਾਲ ਦੇ ਪਹਿਲੇ ਅੱਠ ਮਹੀਨਿਆਂ ਦੌਰਾਨ ਵਿਦੇਸ਼ੀ ਵਿਦਿਆਰਥੀ ਵੀ ਮਿੱਥੇ ਗਏ ਸਾਲਾਨਾ ਟੀਚੇ (305900) ਤੋਂ 29 ਫੀਸਦੀ ਘੱਟ (89430) ਦਾਖਲ ਕੀਤੇ ਗਏ। 2026 ਦੌਰਾਨ ਕੈਨੇਡਾ ਦੇ ਪੱਕੇ ਵਾਸੀਆਂ ਦੇ ਪਰਿਵਾਰਾਂ ਦੇ ਜੀਆਂ ਨੂੰ ਵੀਜ਼ੇ ਦੇਣ ਦੀ ਗਿਣਤੀ 'ਚ ਵੀ ਕਟੌਤੀ ਕਰ ਦਿੱਤੀ ਗਈ ਹੈ, ਜੋ 2025 'ਚ 88000 ਸੀ, ਪਰ 2026 ਲਈ ਇਹ ਗਿਣਤੀ 84000 ਹੋਵੇਗੀ। ਰਫਿਊਜੀ ਪੱਕੇ ਕਰਨ ਦੀ ਗਿਣਤੀ ਵੀ 62250 ਤੋਂ ਘਟਾ ਕੇ 56200 ਕੀਤੀ ਜਾ ਰਹੀ ਹੈ।

# ਟਰੰਪ ਨੇ ਸੁਪਰੀਮ ਕੋਰਟ ਨੂੰ ਜਿਨਸੀ ਸ਼ੋਸ਼ਣ ਮਾਮਲੇ 'ਤੇ ਮੁੜ ਵਿਚਾਰ ਕਰਨ ਲਈ ਕਿਹਾ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਸੁਪਰੀਮ ਕੋਰਟ ਨੂੰ ਕਿਹਾ ਹੈ ਕਿ ਉਹ 50 ਲੱਖ ਡਾਲਰ ਸਿਵਲ ਮਾਮਲੇ 'ਤੇ ਮੁੜ ਵਿਚਾਰ ਕਰੇ, ਜਿਸ ਵਿਚ ਉਸ ਉਪਰ ਮੈਗਜ਼ੀਨ ਕਾਲਮਨਵੀਸ ਈ ਜੀਨ ਕੈਰੋਲ ਨਾਲ ਜਿਨਸੀ ਸ਼ੋਸ਼ਣ ਕਰਨ ਤੇ ਉਸ ਨੂੰ ਬਦਨਾਮ ਕਰਨ ਦੇ ਦੋਸ਼ ਲਾਏ ਗਏ ਸਨ। ਪਿਛਲੇ ਸਾਲ ਸੰਘੀ ਅਪੀਲ ਕੋਰਟ ਨੇ ਟਰੰਪ ਵਿਰੁੱਧ 50 ਲੱਖ ਡਾਲਰ ਜੁਰਮਾਨਾ ਲਾਉਣ ਦੇ ਜਿਊਰੀ ਦੇ ਫੈਸਲੇ ਦੀ ਪੁਸ਼ਟੀ ਕਰ ਦਿੱਤੀ ਸੀ। ਟਰੰਪ ਨੇ ਦਾਅਵਾ ਕੀਤਾ ਸੀ ਕਿ ਜੱਜ ਲੇਵਿਸ ਕਪਲਾਨ ਨੇ ਜਿਊਰੀ ਨੂੰ ਕੈਰੋਲ ਸਮੇਤ 2 ਔਰਤਾਂ ਦੁਆਰਾ ਕਈ ਸਾਲ ਪਹਿਲਾਂ ਉਸ ਵਿਰੁੱਧ ਜਿਨਸੀ ਹਮਲੇ ਦੇ ਲਾਏ ਗਏ ਦੋਸ਼ਾਂ ਦੀ ਸੁਣਵਾਈ ਕਰਨ ਦੀ ਇਜਾਜ਼ਤ ਦੇਣ ਸਮੇਂ ਕਈ ਗਲਤੀਆਂ ਕੀਤੀਆਂ ਹਨ।

# ਨਿਠਾਰੀ ਹੱਤਿਆ ਕਾਂਡ; ਸੁਪਰੀਮ ਕੋਰਟ ਨੇ ਸੁਰੇਂਦਰ ਕੋਲੀ ਨੂੰ 13ਵੇਂ ਕੇਸ 'ਚ ਵੀ ਕੀਤਾ ਬਰੀ

ਨਵੀਂ ਦਿੱਲੀ, (ਪੰਜਾਬ ਮੇਲ)- ਨੋਇਡਾ ਦੇ ਨਿਠਾਰੀ ਹੱਤਿਆ ਤੇ ਜਬਰ ਜਨਾਹ ਕਾਂਡ 'ਚ ਦੋਸ਼ੀ ਠਹਿਰਾਏ ਗਏ ਸੁਰੇਂਦਰ ਕੋਲੀ ਨੂੰ ਸੁਪਰੀਮ ਕੋਰਟ ਨੇ ਆਖਰੀ 13ਵੇਂ ਕੇਸ 'ਚ ਵੀ ਬਰੀ ਕਰ ਦਿੱਤਾ ਹੈ। ਸੁਪਰੀਮ ਕੋਰਟ ਨੇ ਆਦੇਸ਼ 'ਚ ਕਿਹਾ ਕਿ ਜੇਕਰ ਕੋਲੀ ਕਿਸੇ ਹੋਰ ਕੇਸ 'ਚ ਲੁੜੀਂਦਾ ਨਹੀਂ ਹੈ, ਤਾਂ ਉਸਨੂੰ ਤਤਕਾਲ ਰਿਹਾਅ ਕੀਤਾ ਜਾਏ।

ਅਜਿਹੇ 'ਚ ਆਖਰੀ ਕੇਸ 'ਚ ਬਰੀ ਹੋਣ ਦੇ ਬਾਅਦ ਕੋਲੀ ਦਾ ਜੇਲ੍ਹ ਤੋਂ ਬਾਹਰ ਆਉਣਾ ਪੱਕਾ ਹੋ ਗਿਆ ਹੈ ਕਿਉਂਕਿ ਇਸ ਸਮੇਂ ਉਸ 'ਤੇ ਕੋਈ ਹੋਰ ਕੇਸ ਨਹੀਂ ਹੈ। ਸੁਪਰੀਮ ਕੋਰਟ ਨੇ ਇਹ ਫ਼ੈਸਲਾ ਕੋਲੀ ਦੀ ਕਿਊਰੇਟਿਵ ਪਟੀਸ਼ਨ 'ਤੇ ਸੁਣਾਇਆ ਹੈ। ਇਕ ਹੋਰ ਮੁਲਜ਼ਮ ਮੋਨਿੰਦਰ ਸਿੰਘ ਪੰਧੇਰ ਪਹਿਲਾਂ ਹੀ ਸਾਰੇ ਮਾਮਲਿਆਂ 'ਚ ਬਰੀ ਹੋ ਚੁੱਕਾ ਹੈ। ਸੁਰੇਂਦਰ ਕੋਲੀ, ਪੰਧੇਰ ਦਾ ਘਰੇਲੂ ਨੌਕਰ ਸੀ। ਵਿਰਲੇ ਮਾਮਲਿਆਂ 'ਚ ਹੀ ਹੁੰਦਾ ਹੈ ਕਿ ਸੁਪਰੀਮ ਕੋਰਟ ਕਿਊਰੇਟਿਵ ਪਟੀਸ਼ਨ ਸਵੀਕਾਰ ਕਰਦੀ ਹੈ। ਕਿਊਰੇਟਿਵ ਪਟੀਸ਼ਨ ਸਿਰਫ਼ ਤਦੇ ਸਵੀਕਾਰ ਕੀਤੀ ਜਾਂਦੀ ਹੈ, ਜਦੋਂ ਕੋਰਟ ਨੂੰ ਲੱਗਦਾ ਹੈ ਕਿ ਜੇਕਰ ਇਸਨੂੰ ਮਨਜ਼ੂਰ ਨਹੀਂ ਕੀਤਾ ਗਿਆ, ਤਾਂ ਅੰਨਿਆ ਹੋ ਸਕਦਾ ਹੈ।

ਚੀਫ ਜਸਟਿਸ ਬੀਆਰ ਗਵਈ, ਜਸਟਿਸ ਸੂਰਿਆਕਾਂਤ ਤੇ ਜਸਟਿਸ ਵਿਕਰਮ ਨਾਥ ਦੇ ਬੈਂਚ ਨੇ ਕੋਲੀ ਨੂੰ ਦੋਸ਼ੀ ਠਹਿਰਾਉਣ ਦਾ ਸੁਪਰੀਮ ਕੋਰਟ ਦਾ 15 ਫਰਵਰੀ 2011 ਦਾ ਫ਼ੈਸਲਾ ਤੇ ਉਸ ਫ਼ੈਸਲੇ ਨੂੰ ਸਹੀ ਠਹਿਰਾਉਣ ਤੇ ਰੀਵਿਊ ਪਟੀਸ਼ਨ ਖਾਰਜ ਕਰਨ ਦਾ 28 ਅਕਤੂਬਰ 2014 ਦਾ ਫ਼ੈਸਲਾ ਰੱਦ ਕਰ ਦਿੱਤਾ ਹੈ।

ਬੈਂਚ ਨੇ ਸੁਰੇਂਦਰ ਕੋਲੀ ਨੂੰ ਰਿੰਪਾ ਹਲਦਰ ਕੇਸ 'ਚ ਮੌਤ ਦੀ ਸਜ਼ਾ ਦਾ ਟਰਾਇਲ ਕੋਰਟ ਤੇ ਹਾਈ ਕੋਰਟ ਦਾ ਫ਼ੈਸਲਾ ਵੀ ਰੱਦ ਕਰ ਦਿੱਤਾ ਹੈ। ਬੈਂਚ ਨੇ ਸੁਰੇਂਦਰ ਕੋਲੀ ਨੂੰ ਰਿੰਪਾ ਹਲਦਰ ਕੇਸ 'ਚ ਮੌਤ ਦੀ ਸਜ਼ਾ ਦਾ ਟਰਾਇਲ ਕੋਰਟ ਤੇ ਹਾਈ ਕੋਰਟ ਦਾ ਫ਼ੈਸਲਾ ਵੀ ਰੱਦ ਕਰ ਦਿੱਤਾ ਹੈ।

ਬੈਂਚ ਨੇ ਕੋਲੀ ਨੂੰ ਰਿੰਪਾ ਹਲਦਰ ਕੇਸ 'ਚ ਬਰੀ ਕਰਦੇ ਹੋਏ ਕਿਹਾ ਕਿ ਉਸਨੂੰ ਆਈ.ਪੀ.ਸੀ. ਦੀ ਧਾਰਾ 302, 364, 376 ਤੇ 201 ਦੇ ਤਹਿਤ ਦੋਸ਼ਾਂ ਤੋਂ ਬਰੀ ਕੀਤਾ ਜਾਂਦਾ ਹੈ। ਉਸਨੂੰ ਦਿੱਤੀ ਗਈ ਸਜ਼ਾ ਤੇ ਜੁਰਮਾਨਾ ਵੀ ਰੱਦ ਕੀਤਾ ਜਾਂਦਾ ਹੈ। ਸੁਪਰੀਮ ਕੋਰਟ ਨੇ ਫ਼ੈਸਲੇ 'ਚ ਕਿਹਾ ਕਿ ਸੰਵਿਧਾਨ ਦੀ ਧਾਰਾ 21 ਨਿਰਪੱਖ, ਨਿਆਂਸੰਗਤ ਤੇ ਉਚਿਤ ਪ੍ਰਕਿਰਿਆ 'ਤੇ ਜ਼ੋਰ ਦਿੰਦੀ ਹੈ। ਇਹ ਗੱਲ ਤਦੋਂ ਹੋਰ ਮਹੱਤਵਪੂਰਣ ਹੋ ਜਾਂਦੀ ਹੈ, ਜਦੋਂ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ।

# ਸੁਪਰੀਮ ਕੋਰਟ ਵੱਲੋਂ ਅੰਮ੍ਰਿਤਪਾਲ ਦੀ ਨਜ਼ਰਬੰਦੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਤੋਂ ਇਨਕਾਰ

**■ ਹਾਈ ਕੋਰਟ ਜਾਣ ਲਈ ਕਿਹਾ**
**■ ਪੰਜਾਬ ਹਰਿਆਣਾ ਹਾਈ ਕੋਰਟ ਨੂੰ ਪਟੀਸ਼ਨ 'ਤੇ 6 ਹਫ਼ਤਿਆਂ 'ਚ ਫੈਸਲਾ ਲੈਣ ਦੀ ਹਦਾਇਤ**

ਨਵੀਂ ਦਿੱਲੀ, (ਪੰਜਾਬ ਮੇਲ)- ਸੁਪਰੀਮ ਕੋਰਟ ਨੇ ਸ੍ਰੀ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਵੱਲੋਂ ਕੌਮੀ ਸੁਰੱਖਿਆ ਐਕਟ (ਐੱਨ.ਐੱਸ.ਏ.) ਤਹਿਤ ਆਪਣੀ ਨਜ਼ਰਬੰਦੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਜਸਟਿਸ ਅਰਵਿੰਦ ਕੁਮਾਰ ਅਤੇ ਜਸਟਿਸ ਐੱਨ.ਵੀ. ਅੰਜਾਰੀਆ ਦੇ ਬੈਂਚ ਨੇ ਸਿੰਘ ਨੂੰ ਆਪਣੀ ਪਟੀਸ਼ਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਕਰਨ ਲਈ ਕਿਹਾ ਹੈ। ਸੁਪਰੀਮ ਕੋਰਟ ਨੇ ਹਾਈ ਕੋਰਟ ਨੂੰ ਅੰਮ੍ਰਿਤਪਾਲ ਦੀ ਪਟੀਸ਼ਨ 'ਤੇ 6 ਹਫ਼ਤਿਆਂ ਅੰਦਰ ਫੈਸਲਾ ਲੈਣ ਦੀ ਹਦਾਇਤ ਕੀਤੀ ਹੈ। 'ਵਾਰਿਸ ਪੰਜਾਬ ਦੇ' ਸੰਗਠਨ ਦਾ ਮੁਖੀ ਅੰਮ੍ਰਿਤਪਾਲ ਸਿੰਘ ਇਸ ਸਮੇਂ ਐੱਨ.ਐੱਸ.ਏ. ਅਧੀਨ 9 ਸਾਥੀਆਂ ਸਮੇਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ।

# ਬਿਹਾਰ ਚੋਣਾਂ ਖਤਮ ਹੁੰਦੇ ਹੀ ਸਾਬਕਾ ਕੇਂਦਰੀ ਮੰਤਰੀ ਵੱਲੋਂ ਕਾਂਗਰਸ ਤੋਂ ਅਸਤੀਫਾ

ਨਵੀਂ ਦਿੱਲੀ, (ਪੰਜਾਬ ਮੇਲ)- ਕਾਂਗਰਸ ਨੇਤਾ ਅਤੇ ਸਾਬਕਾ ਕੇਂਦਰੀ ਮੰਤਰੀ ਸ਼ਕੀਲ ਅਹਿਮਦ ਨੇ ਮੰਗਲਵਾਰ ਨੂੰ ਬਿਹਾਰ ਦੀ ਸਥਾਨਕ ਲੀਡਰਸ਼ਿਪ ਨਾਲ ਮਤਭੇਦਾਂ ਦਾ ਹਵਾਲਾ ਦਿੰਦੇ ਹੋਏ ਪਾਰਟੀ ਤੋਂ ਅਸਤੀਫਾ ਦੇ ਦਿੱਤਾ। ਸਾਬਕਾ ਕੇਂਦਰੀ ਗ੍ਰਹਿ ਰਾਜ ਮੰਤਰੀ ਅਤੇ ਕਾਂਗਰਸ ਦੇ ਸਾਬਕਾ ਜਨਰਲ ਸਕੱਤਰ ਅਹਿਮਦ ਨੇ ਆਪਣਾ ਅਸਤੀਫਾ ਪਾਰਟੀ ਪ੍ਰਧਾਨ ਮੱਲਿਕਾਰਜੁਨ ਖੜਗੇ ਨੂੰ ਭੇਜਿਆ।

ਉਨ੍ਹਾਂ ਕਿਹਾ ਕਿ ਉਹ ਕਾਂਗਰਸ ਪਾਰਟੀ ਦੀ ਵਿਚਾਰਧਾਰਾ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਕਿਸੇ ਹੋਰ ਪਾਰਟੀ ਵਿਚ ਸ਼ਾਮਲ ਨਹੀਂ ਹੋਣਗੇ। ਅਹਿਮਦ ਦਾ ਅਸਤੀਫਾ ਬਿਹਾਰ ਵਿਧਾਨ ਸਭਾ ਚੋਣਾਂ ਵਿਚ ਦੂਜੇ ਅਤੇ ਆਖਰੀ ਪੜਾਅ ਦੀ ਵੋਟਿੰਗ ਵਾਲੇ ਦਿਨ ਆਇਆ।

# ਮਜੀਠੀਆ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ

ਮੋਹਾਲੀ, (ਪੰਜਾਬ ਮੇਲ)- ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਹਰਦੀਪ ਸਿੰਘ ਦੀ ਅਦਾਲਤ 'ਚ ਪੇਸ਼ੀ ਹੋਈ।



ਮਜੀਠੀਆ ਨੂੰ ਨਾਭਾ ਜੇਲ੍ਹ ਪ੍ਰਸ਼ਾਸਨ ਵੱਲੋਂ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤਾ ਗਿਆ। ਇਸ ਦੌਰਾਨ ਅਦਾਲਤ 'ਚ ਸਰਕਾਰੀ ਧਿਰ ਵੱਲੋਂ ਪ੍ਰੀਤ ਇੰਦਰ ਪਾਲ ਸਿੰਘ ਵਿਸ਼ੇਸ਼ ਸਰਕਾਰੀ ਵਕੀਲ ਤੇ ਮਨਜੀਤ ਸਿੰਘ ਪੇਸ਼ ਹੋਏ, ਜਦੋਂਕਿ ਬਿਕਰਮ ਸਿੰਘ ਮਜੀਠੀਆ ਵੱਲੋਂ ਐਡਵੋਕੇਟ ਐੱਚ.ਐੱਸ. ਧਨੋਆ ਪੇਸ਼ ਹੋਏ। ਅਦਾਲਤ ਵੱਲੋਂ ਬਿਕਰਮ ਮਜੀਠੀਆ 'ਤੇ ਦੋਸ਼ ਤੈਅ ਕਰਨ ਲਈ 26 ਨਵੰਬਰ ਦੀ ਤਾਰੀਖ਼ ਤੈਅ ਕੀਤੀ ਗਈ ਹੈ। ਪਿਛਲੀ ਪੇਸ਼ੀ 'ਤੇ ਸਰਕਾਰ ਵੱਲੋਂ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਕੇਸ ਚਲਾਉਣ ਦੀ ਮਨਜ਼ੂਰੀ ਦਿੱਤੀ ਗਈ ਸੀ। ਬਿਕਰਮ ਸਿੰਘ ਮਜੀਠੀਆ ਨੂੰ ਪੰਜਾਬ ਵਿਜੀਲੈਂਸ ਨੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ 25 ਜੂਨ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਸੀ। ਮੁਹਾਲੀ ਦੀ ਅਦਾਲਤ ਵੱਲੋਂ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਰੱਦ ਕੀਤੇ ਜਾਣ ਮਗਰੋਂ ਹਾਈ ਕੋਰਟ ਵਿਚ ਉਨ੍ਹਾਂ ਦੀ ਜ਼ਮਾਨਤ ਲਈ ਲਗਾਤਾਰ ਸੁਣਵਾਈ ਚੱਲ ਰਹੀ ਹੈ। ਵਿਜੀਲੈਂਸ ਵੱਲੋਂ 22 ਅਗਸਤ ਨੂੰ ਚਾਰਜਸ਼ੀਟ ਦਾਇਰ ਕੀਤੀ ਗਈ ਸੀ। ਉਪਰੰਤ ਵਿਜੀਲੈਂਸ ਪੂਰਕ ਚਲਾਨ ਵੀ ਪੇਸ਼ ਕਰ ਚੁੱਕੀ ਹੈ।

# ਕਾਂਗਰਸ ਵੱਲੋਂ ਪੰਜਾਬ ਦੇ 27 ਨਵੇਂ ਜ਼ਿਲ੍ਹਾ ਪ੍ਰਧਾਨਾਂ ਦੀ ਸੂਚੀ ਜਾਰੀ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਕਾਂਗਰਸ ਨੇ ਸਾਲ 2027 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਆਪਣੀਆਂ ਤਿਆਰੀਆਂ ਹੁਣੇ ਤੋਂ ਹੀ ਸ਼ੁਰੂ ਕਰ ਦਿੱਤੀਆਂ ਹਨ। ਇਸ ਸਬੰਧ ਵਿਚ ਕਾਂਗਰਸ ਵਲੋਂ 27 ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੇ ਗਏ ਹਨ, ਜਿਸ ਵਿਚ ਕਈ ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਨੂੰ ਮੁੱਖ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਮਿਲੀ ਜਾਣਕਾਰੀ ਮੁਤਾਬਕ ਇਹ ਸੂਚੀ ਆਲ ਇੰਡੀਆ ਕਾਂਗਰਸ ਕਮੇਟੀ (ਏ.ਆਈ.ਸੀ.ਸੀ.) ਦੁਆਰਾ ਜਾਰੀ ਕੀਤੀ ਗਈ।

ਦੱਸ ਦੇਈਏ ਕਿ ਬੀਤੇ ਦਿਨੀਂ ਹੀ ਤਰਨਤਾਰਨ ਵਿਧਾਨ ਸਭਾ ਉਪ ਚੋਣ ਲਈ ਵੋਟਿੰਗ ਹੋਈ ਹੈ, ਜਿਸ ਦੇ ਨਤੀਜੇ 14 ਨਵੰਬਰ ਨੂੰ ਆਉਣੇ ਹਨ। ਵੋਟਿੰਗ ਤੋਂ ਤੁਰੰਤ ਬਾਅਦ ਹੀ ਕਾਂਗਰਸ ਨੇ ਆਪਣੇ 27 ਜ਼ਿਲ੍ਹਾ ਪ੍ਰਧਾਨਾਂ ਦੀ ਸੂਚੀ ਜਾਰੀ ਕਰ ਦਿੱਤੀ। ਸਾਲ 2027 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨਵੇਂ ਸਾਲ ਦੀ ਸ਼ੁਰੂਆਤ ਵਿਚ ਹੋ ਸਕਦੀਆਂ ਹਨ। ਇਸ ਨੂੰ ਲੈ ਕੇ ਕਾਂਗਰਸ ਨੇ ਹੁਣ ਤੋਂ ਆਪਣੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ।

# ਬੇਅਦਬੀ ਮਾਮਲਾ ਹੱਲ ਨਾ ਹੋਣ ਕਾਰਨ ਜਾਂਚ ਕਮਿਸ਼ਨ ਮਾਯੂਸ

ਪਟਿਆਲਾ, (ਪੰਜਾਬ ਮੇਲ)- ਬਾਦਲ ਸਰਕਾਰ ਦੇ ਕਾਰਜਕਾਲ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨਾਲ ਸਬੰਧਤ ਮਾਮਲਿਆਂ ਦਾ ਨਿਬੇੜਾ ਨਾ ਹੋਣ ਕਾਰਨ ਇਸ ਸਬੰਧੀ ਕਾਇਮ ਜਾਂਚ ਕਮਿਸ਼ਨ ਦੇ ਮੁਖੀ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਨੇ ਨਿਰਾਸ਼ਾ ਜ਼ਾਹਰ ਕੀਤੀ ਹੈ।

ਬੀਤੇ ਦਿਨੀਂ ਪਟਿਆਲਾ 'ਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਚੈਰੀਟੇਬਲ ਟਰੱਸਟ ਦੇ ਮੁਖੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ ਦੀ ਅਗਵਾਈ ਹੇਠ ਕਰਵਾਏ ਸੈਮੀਨਾਰ 'ਚ ਹਿੱਸਾ ਲੈਣ ਪੁੱਜੇ ਜਸਟਿਸ ਰਣਜੀਤ ਸਿੰਘ ਨੇ ਮੀਡੀਆ ਅਤੇ ਹੋਰ ਲੋਕਾਂ ਨਾਲ ਗੈਰ ਰਸਮੀ ਗੱਲਬਾਤ ਦੌਰਾਨ ਬੇਅਦਬੀ ਮਾਮਲੇ 'ਚ ਸੱਚ ਸਾਹਮਣੇ ਨਾ ਆ ਸਕਣ 'ਤੇ ਦੁੱਖ ਜ਼ਾਹਰ ਕੀਤਾ। ਜਾਂਚ ਕਮਿਸ਼ਨ ਨਾਲ ਜੁੜਿਆ ਹੋਣ ਕਰ ਕੇ ਇਸ ਸਮੁੱਚੇ ਘਟਨਾਕ੍ਰਮ ਨੂੰ ਉਨ੍ਹਾਂ ਬਹੁਤ ਨੇੜਿਓਂ ਦੇਖਿਆ ਹੈ, ਜਿਸ ਕਰ ਕੇ ਉਨ੍ਹਾਂ ਨੂੰ ਤਿਆਰ ਰਿਪੋਰਟ ਦੀ ਹੋ ਰਹੀ ਦੁਰਗਤੀ ਬਾਰੇ ਅਫਸੋਸ ਹੋਣਾ ਸੁਭਾਵਿਕ ਹੈ। ਉਹ ਇਸ ਅਤਿ ਗੰਭੀਰ ਤੇ ਸੰਜੀਦਾ ਮਸਲੇ 'ਤੇ ਇਨਸਾਫ਼ ਦੀ ਕੋਈ ਕਿਰਨ ਨਜ਼ਰ ਨਾ ਆਉਂਦੀ ਹੋਣ ਦੀ ਗੱਲ ਵੀ ਬੇਬਾਕੀ ਨਾਲ ਆਖਦੇ ਹਨ।

# ਤਰਨਤਾਰਨ ਜ਼ਿਮਨੀ ਚੋਣ; ਅਕਾਲੀ ਉਮੀਦਵਾਰ ਦੀ ਧੀ 'ਤੇ ਪਰਚਾ ਦਰਜ

ਤਰਨਤਾਰਨ, (ਪੰਜਾਬ ਮੇਲ)- ਵਿਧਾਨ ਸਭਾ ਹਲਕਾ ਤਰਨਤਾਰਨ ਦੀ ਜ਼ਿਮਨੀ ਚੋਣ 'ਚ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ ਦੀ ਬੇਟੀ ਅਤੇ ਇਕ ਹੋਰ ਵਿਅਕਤੀ ਖ਼ਿਲਾਫ਼ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਲਈ ਉਲੰਘਣਾ ਕਰਨ ਦੇ ਮਾਮਲੇ ਵਿਚ ਥਾਣਾ ਸਰਾਏ ਅਮਾਨਤ ਖਾਂ ਵਿਖੇ ਪਰਚਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਵਿਚ ਪੁਲਸ ਵੱਲੋਂ ਦੋਵਾਂ ਨੂੰ ਗ੍ਰਿਫਤਾਰ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਬੀਤੇ ਮੰਗਲਵਾਰ ਵਿਧਾਨ ਸਭਾ ਹਲਕਾ ਤਰਨਤਾਰਨ ਵਿਚ ਹੋਈ ਜ਼ਿਮਨੀ ਚੋਣ ਵਿਚ ਅਕਾਲੀ ਦਲ ਬਾਦਲ ਦੇ ਉਮੀਦਵਾਰ ਪ੍ਰਿੰਸੀਪਲ ਸੁਖਵਿੰਦਰ ਕੌਰ ਅਤੇ ਉਨ੍ਹਾਂ ਦੀ ਧੀ ਕੰਚਨਪ੍ਰੀਤ ਕੌਰ ਜੋ ਕਵਰਿੰਗ ਉਮੀਦਵਾਰ ਵੀ ਹਨ, ਰੋਜ਼ਾਨਾ ਸੁਰਖੀਆਂ ਵਿਚ ਨਜ਼ਰ ਆਉਂਦੇ ਰਹੇ।

ਬੀਤੇ ਮੰਗਲਵਾਰ ਸੋਸ਼ਲ ਮੀਡੀਆ ਦੀ ਮਦਦ ਲੈਂਦੇ ਹੋਏ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ ਦੀ ਬੇਟੀ ਕੰਚਨਪ੍ਰੀਤ ਕੌਰ ਨਿਵਾਸੀ ਪਿੰਡ ਮੀਆਂਪੁਰ ਅਤੇ ਕਰਨ ਗਿੱਲ ਨਿਵਾਸੀ ਮੀਆਂਪੁਰ ਵੱਲੋਂ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਉਲੰਘਣਾ ਕਰਨ ਦਾ ਮਾਮਲਾ ਸਾਹਮਣੇ ਆਇਆ, ਜਿਸ ਦੇ ਚੱਲਦਿਆਂ ਇਨ੍ਹਾਂ ਵੱਲੋਂ ਚੋਣ ਪ੍ਰਚਾਰ ਨਾਲ ਸੰਬੰਧਤ ਵੀਡੀਓ ਸੋਸ਼ਲ ਮੀਡੀਆ ਉੱਪਰ ਸਾਂਝੀਆਂ ਕੀਤੀਆਂ ਗਈਆਂ ਸਨ। ਜਿਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਰਿਟਰਨਿੰਗ ਅਧਿਕਾਰੀ-ਕਮ-ਐੱਸ.ਡੀ.ਐੱਮ. ਤਰਨਤਾਰਨ ਗੁਰਮੀਤ ਸਿੰਘ ਦੇ ਬਿਆਨਾਂ ਹੇਠ ਪਰਚਾ ਦਰਜ ਕਰ ਲਿਆ ਗਿਆ ਹੈ।

ਇੱਥੇ ਦੱਸਣਯੋਗ ਹੈ ਕਿ ਕੰਚਨਪ੍ਰੀਤ ਕੌਰ ਵੱਲੋਂ ਮੀਡੀਆ ਦੇ ਸਾਹਮਣੇ ਜਾਣਕਾਰੀ ਸਾਂਝੀ ਕੀਤੀ ਗਈ ਸੀ ਕਿ ਪੁਲਿਸ ਵੱਲੋਂ ਉਨ੍ਹਾਂ ਦੇ ਬੂਥਾਂ ਨੂੰ ਟਾਰਗੇਟ ਬਣਾਉਂਦੇ ਹੋਏ ਅਕਾਲੀ ਵਰਕਰਾਂ ਉਪਰ ਦਬਾਅ ਬਣਾਇਆ ਜਾ ਰਿਹਾ ਹੈ। ਕੰਚਨਪ੍ਰੀਤ ਕੌਰ ਵੱਲੋਂ ਇਹ ਖਦਸ਼ਾ ਵੀ ਜਿਤਾਇਆ ਗਿਆ ਸੀ ਕਿ ਪੁਲਿਸ ਕਿਸੇ ਵੇਲੇ ਵੀ ਉਨ੍ਹਾਂ ਨੂੰ ਗ੍ਰਿਫਤਾਰ ਕਰ ਸਕਦੀ ਹੈ ਕਿਉਂਕਿ ਪੁਲਿਸ ਸਿਵਲ ਵਰਦੀ ਵਿਚ ਉਨ੍ਹਾਂ ਦੇ ਪਿੱਛੇ ਲੱਗੀ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ. ਸਿਟੀ ਰਾਜੇਸ਼ ਕੱਕੜ ਨੇ ਦੱਸਿਆ ਕਿ ਰਿਟਰਨਿੰਗ ਅਧਿਕਾਰੀ ਗੁਰਮੀਤ ਸਿੰਘ ਵੱਲੋਂ ਦਿੱਤੇ ਗਏ ਬਿਆਨਾਂ ਤਹਿਤ ਥਾਣਾ ਸਰਾਏ ਅਮਾਨਤ ਖਾਂ ਵਿਖੇ ਕੰਚਨਪ੍ਰੀਤ ਕੌਰ ਨਿਵਾਸੀ ਮੀਆਂਪੁਰ ਅਤੇ ਕਰਨ ਗਿੱਲ ਨਿਵਾਸੀ ਮੀਆਂਪੁਰ ਜ਼ਿਲ੍ਹਾ ਤਰਨਤਾਰਨ ਖ਼ਿਲਾਫ ਪਰਚਾ ਦਰਜ ਕਰਦੇ ਹੋਏ ਗ੍ਰਿਫਤਾਰੀ ਦੀ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

# PUNJAB MAIL USA

## TV Channel, Newspaper, Radio

## All over America, Canada, Australia & Europe

**All over America, Canada, Australia & Europe**

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**




# ਵਿਸ਼ਵ ਰਾਜਨੀਤੀ - ਭਾਰਤੀ ਹਿੱਸੇਦਾਰੀ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA






ਜਦੋਂ ਵਿਸ਼ਵ ਭਰ ਵਿਚ ਪ੍ਰਵਾਸੀਆਂ ਬਾਰੇ ਇੱਕ ਵੱਡੀ ਚਰਚਾ ਛਿੜੀ ਹੋਈ ਹੈ, ਸੌੜੀ ਸੋਚ ਵਾਲੇ ਰਾਸ਼ਟਰਵਾਦੀ ਲੋਕ ਬ੍ਰਹਿਮੰਡੀ ਅਤੇ ਮਨੁੱਖੀ ਸਾਂਝੀਵਾਲਤਾ ਦੀ ਧਾਰਨਾ ਅਤੇ ਸੋਚ ਨਕਾਰ ਕੇ "ਆਪਣੇ ਲੋਕਾਂ" ਅਤੇ ਆਪੋ-ਆਪਣੇ ਹਿੱਤ ਸਾਧਣ ਦੇ ਰਾਹ ਤੁਰੇ ਹੋਏ ਹਨ। ਉਸ ਵੇਲੇ ਪ੍ਰਵਾਸੀ ਲੋਕਾਂ ਦੀਆਂ ਵੱਖੋ-ਵੱਖਰੇ ਦੇਸ਼ਾਂ 'ਚ ਜਾਕੇ ਕੀਤੀਆਂ ਪ੍ਰਾਪਤੀਆਂ ਬਾਰੇ ਵੱਡਾ ਜ਼ਿਕਰ ਕਰਨਾ ਬਣਦਾ ਹੈ।

ਇਸ ਦੇ ਨਾਲ-ਨਾਲ ਇਹ ਗੱਲ ਵੀ ਵਿਚਾਰੀ ਜਾਣੀ ਬਣਦੀ ਹੈ ਕਿ ਸੌੜੀ ਸੋਚ ਵਾਲੇ ਲੋਕ ਜਿਹੜੇ ਮਨੁੱਖ ਨੂੰ ਨਸਲ, ਦੇਸ਼, ਧਰਮ ਦੇ ਆਧਾਰ 'ਤੇ ਵੰਡਣਾ ਚਾਹੁੰਦੇ ਹਨ, ਆਮ ਲੋਕ, ਅਜਿਹੀ ਸੌੜੀ ਸੋਚ ਰੱਖਣ ਵਾਲੇ ਲੋਕਾਂ ਨੂੰ ਨਕਾਰ ਰਹੇ ਹਨ।

ਅਮਰੀਕਾ 'ਚ ਨਿਊਯਾਰਕ ਦੇ ਵੋਟਰਾਂ ਨੇ 34 ਵਰ੍ਹਿਆਂ ਦੇ ਜ਼ੋਹਰਾਨ ਮਮਦਾਨੀ ਨੂੰ 50 ਫ਼ੀਸਦੀ ਤੋਂ ਵੱਧ ਵੋਟਾਂ ਦੇ ਕੇ ਨਿਊਯਾਰਕ ਦਾ ਮੇਅਰ ਚੁਣ ਲਿਆ। ਜ਼ੋਹਰਾਨ ਮਮਦਾਨੀ 34 ਵਰ੍ਹਿਆਂ ਦਾ ਹੈ, ਉਸਦੀ ਮਾਂ ਮੀਰਾ ਨਾਇਰ ਭਾਰਤੀ ਹੈ, ਉਸਦਾ ਪਿਤਾ ਮਹਿਮੂਦ ਮਮਦਾਨੀ ਯੁਗਾਂਡਾ 'ਚ ਜਨਮਿਆ ਵਿਦਵਾਨ ਹੈ। ਮਮਦਾਨੀ ਲਗਭਗ 7 ਵਰ੍ਹੇ ਪਹਿਲਾਂ ਅਮਰੀਕਾ ਪੁੱਜਿਆ। ਉਸਨੇ ਥੋੜ੍ਹੇ ਸਮੇਂ 'ਚ ਹੀ ਆਪਣੀ ਮਜ਼ਬੂਤ ਸਥਿਤੀ ਦਰਜ ਕੀਤੀ ਅਤੇ ਦੇਸ਼ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਉਮੀਦਵਾਰ ਨੂੰ ਹਰਾਕੇ ਇੱਕ ਡੈਮੋਕ੍ਰੇਟਿਕ ਉਮੀਦਵਾਰ ਦੇ ਤੌਰ 'ਤੇ ਮੇਅਰ ਦਾ ਅਹੁਦਾ ਹੀ ਪ੍ਰਾਪਤ ਨਹੀਂ ਕੀਤਾ, ਸਗੋਂ ਟਰੰਪ ਦੀ ਰਾਸ਼ਟਰਵਾਦੀ ਸੋਚ ਨੂੰ ਚੈਲਿੰਜ ਕੀਤਾ ਅਤੇ ਇੱਕ ਨਵੇਂ ਰਾਸ਼ਟਰ ਦੇ ਪੁਨਰ ਜਨਮ ਦੀ ਗੱਲ ਕੀਤੀ।

ਜ਼ੋਹਰਾਨ ਮਮਦਾਨੀ ਵਾਂਗਰ ਦੁਨੀਆਂ ਭਰ ਦੇ 29 ਦੇਸ਼ਾਂ ਵਿਚ 260 ਤੋਂ ਜ਼ਿਆਦਾ ਭਾਰਤਵੰਸ਼ੀ ਜਨ ਪ੍ਰਤੀਨਿਧਤਾ ਨਿਭਾਅ ਚੁੱਕੇ ਹਨ ਜਾਂ ਨਿਭਾ ਰਹੇ ਹਨ। ਇਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਬਰਤਾਨੀਆ, ਮਾਰੀਸ਼ਸ, ਫਰਾਂਸ, ਅਮਰੀਕਾ, ਕੈਨੇਡਾ ਆਦਿ ਮੁੱਖ ਤੌਰ 'ਤੇ ਜਾਣੇ ਜਾਂਦੇ ਹਨ ਅਤੇ ਲੋਕਤੰਤਰਿਕ ਪ੍ਰਕਿਰਿਆ ਵਿਚ ਇਹ ਭਾਰਤੀ ਸਿਖ਼ਰਾਂ 'ਤੇ ਪੁੱਜੇ ਨਜ਼ਰ ਆਉਂਦੇ ਹਨ।

ਦੁਨੀਆਂ ਦੇ ਹੋਰ ਦੇਸ਼ਾਂ ਵਿਚ 3.43 ਕਰੋੜ ਤੋਂ ਵੱਧ ਭਾਰਤੀ ਰਹਿੰਦੇ ਹਨ। ਹੁਣੇ ਜਿਹੇ ਸਰਕਾਰ ਨੇ 29 ਦੇਸ਼ਾਂ ਦੀ ਸੂਚੀ ਦਿੱਤੀ ਹੈ, ਜਿਨ੍ਹਾਂ ਵਿਚ ਭਾਰਤੀ ਮੂਲ ਦੇ ਜਨ ਪ੍ਰਤੀਨਿਧੀਆਂ ਦੀ ਸੰਖਿਆ ਅਤੇ ਸੂਚੀ ਦਿੱਤੀ ਗਈ ਹੈ।

ਮਾਰੀਸ਼ਸ ਵਿਚ ਸਭ ਤੋਂ ਜ਼ਿਆਦਾ 45 ਭਾਰਤੀ ਮੂਲ ਦੇ ਲੋਕ, ਲੋਕ-ਪ੍ਰਤੀਨਿਧਾਂ ਵਜੋਂ ਚੁਣੇ ਗਏ। ਭਾਰਤੀ ਮੂਲ ਦੇ ਨਵੀਨ ਰਾਮ ਗੁਲਾਮ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਹਨ। ਇਸੇ ਤਰ੍ਹਾਂ ਗੁਆਨਾ ਵਿਚ ਭਾਰਤੀ ਮੂਲ ਦੇ 33 ਲੋਕ ਜਨ ਪ੍ਰਤੀਨਿਧ ਚੁਣੇ ਗਏ। ਬਰਤਾਨੀਆ ਵਿਚ 31, ਫਰਾਂਸ ਵਿਚ 24, ਸੂਰੀਨਾਮ ਵਿਚ 21, ਫਿਜ਼ੀ ਅਤੇ ਮਲੇਸ਼ੀਆ 'ਚ 17-17 ਹਨ। ਅਮਰੀਕਾ ਵਿਚ ਭਾਰਤੀ ਮੂਲ ਦੇ 6 ਲੋਕ ਉੱਚ ਅਹੁਦਿਆਂ 'ਤੇ ਜਨ ਪ੍ਰਤੀਨਿਧ ਹਨ।

ਕਮਲਾ ਸੁਸ਼ੀਲਾ ਪ੍ਰਸਾਦ ਵਿਸੇਸਰ ਭਾਰਤੀ ਮੂਲ ਦੀ ਪ੍ਰਤੀਨਿਧ ਤ੍ਰਿਨਿਦਾਦ ਅਤੇ ਟੋਬੈਗੋ 'ਚ ਪ੍ਰਧਾਨ ਮੰਤਰੀ 2010 ਤੋਂ 2015 ਤੱਕ ਚੁਣੀ ਗਈ। ਹੁਣ ਫਿਰ 2025 ਵਿਚ ਤ੍ਰਿਨਿਦਾਦ ਦੀ ਪ੍ਰਧਾਨ ਮੰਤਰੀ ਹੈ।

ਮਾਰੀਸ਼ਸ ਵਿਚ ਸਭ ਤੋਂ ਜ਼ਿਆਦਾ 45 ਭਾਰਤੀ ਮੂਲ ਦੇ ਲੋਕ, ਲੋਕ-ਪ੍ਰਤੀਨਿਧਾਂ ਵਜੋਂ ਚੁਣੇ ਗਏ। ਭਾਰਤੀ ਮੂਲ ਦੇ ਨਵੀਨ ਰਾਮ ਗੁਲਾਮ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਹਨ। ਇਸੇ ਤਰ੍ਹਾਂ ਗੁਆਨਾ ਵਿਚ ਭਾਰਤੀ ਮੂਲ ਦੇ 33 ਲੋਕ ਜਨ ਪ੍ਰਤੀਨਿਧ ਚੁਣੇ ਗਏ। ਬਰਤਾਨੀਆ ਵਿਚ 31, ਫਰਾਂਸ ਵਿਚ 24, ਸੂਰੀਨਾਮ ਵਿਚ 21, ਫਿਜ਼ੀ ਅਤੇ ਮਲੇਸ਼ੀਆ 'ਚ 17-17 ਹਨ। ਅਮਰੀਕਾ ਵਿਚ ਭਾਰਤੀ ਮੂਲ ਦੇ 6 ਲੋਕ ਉੱਚ ਅਹੁਦਿਆਂ 'ਤੇ ਜਨ ਪ੍ਰਤੀਨਿਧ ਹਨ। ਕਮਲਾ ਸੁਸ਼ੀਲਾ ਪ੍ਰਸਾਦ ਵਿਸੇਸਰ ਭਾਰਤੀ ਮੂਲ ਦੀ ਪ੍ਰਤੀਨਿਧ ਤ੍ਰਿਨਿਦਾਦ ਅਤੇ ਟੋਬੈਗੋ 'ਚ ਪ੍ਰਧਾਨ ਮੰਤਰੀ 2010 ਤੋਂ 2015 ਤੱਕ ਚੁਣੀ ਗਈ। ਹੁਣ ਫਿਰ 2025 ਵਿਚ ਤ੍ਰਿਨਿਦਾਦ ਦੀ ਪ੍ਰਧਾਨ ਮੰਤਰੀ ਹੈ।

ਸਿੰਗਾਪੁਰ ਵਿਚ 2023 ਵਿਚ ਹੋਈਆਂ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਭਾਰਤੀ ਮੂਲ ਦੇ ਥਰਮਨ ਸ਼ਾਨਮੁਗਰਥਨਮ ਨੇ ਜਿੱਤ ਹਾਸਲ ਕੀਤੀ ਤੇ ਸਿੰਗਾਪੁਰ ਦੇ 9ਵੇਂ ਰਾਸ਼ਟਰਪਤੀ ਬਣੇ। ਇਸ ਚੋਣਾਂ 'ਚ ਉਨ੍ਹਾਂ ਨੇ 70.4 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ। ਭਾਰਤੀ ਥਰਮਨ ਦਾ ਜਨਮ 25 ਫਰਵਰੀ, 1957 ਵਿਚ ਸਿੰਗਾਪੁਰ 'ਚ ਹੋਇਆ ਅਤੇ ਉਨ੍ਹਾਂ ਦੇ ਦਾਦਾ ਤਾਮਿਲਨਡੂ ਦੇ ਮੂਲ ਨਿਵਾਸੀ ਸਨ। ਪਿਤਾ ਵਿਗਿਆਨੀ ਸਨ। ਉਨ੍ਹਾਂ ਨੇ ਕੈਂਬਰਿਜ ਯੂਨੀਵਰਸਿਟੀ ਲੰਦਨ ਤੋਂ ਪੜ੍ਹਾਈ ਕੀਤੀ। ਇਸ ਤੋਂ ਪਹਿਲਾਂ ਵੀ ਭਾਰਤੀ ਮੂਲ ਦੇ ਦੇਵੇਨ ਨਾਗਰ ਅਤੇ ਐੱਸ.ਆਰ. ਨਾਥਨ ਸਿੰਘਾਪੁਰ ਦੇ ਰਾਸ਼ਟਰਪਤੀ ਰਹੇ।

42 ਦੇਸ਼ ਵਿਸ਼ਵ ਵਿਚ ਇਹੋ ਜਿਹੇ ਹਨ, ਜਿਥੇ ਸਰਕਾਰ ਵਿਚ ਜਾਂ ਵਿਰੋਧੀ ਧਿਰਾਂ 'ਚ ਭਾਰਤੀਵੰਸ਼ੀ ਲੋਕ ਪ੍ਰਤੀਨਿਧੀ ਬਣੇ ਹਨ। ਕੈਨੇਡਾ 'ਚ ਸਭ ਤੋਂ ਜ਼ਿਆਦਾ ਪਾਰਲੀਮੈਂਟ ਮੈਂਬਰ ਹਨ। ਇਨ੍ਹਾਂ ਵਿਚ ਤਿੰਨ ਕੈਬਨਿਟ ਮੰਤਰੀ ਭਾਰਤੀ ਮੂਲ ਦੇ ਹਨ। ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਭਾਰਤੀ ਮੂਲ ਦੀ ਸੀ। ਰਿਸ਼ੀ ਸੂਨਕ ਬਰਤਾਨੀਆ ਦੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਸਨ ਅਤੇ 200 ਸਾਲ ਵਿਚ ਸਭ ਤੋਂ ਘੱਟ ਉਮਰ ਦੇ ਪ੍ਰਧਾਨ ਮੰਤਰੀ ਬਣੇ ਸਨ।

ਇਸ ਵੇਲੇ ਗੁਆਨਾ ਦੇਸ਼ ਦੀ ਨੁਮਾਇੰਦਗੀ ਵੀ ਭਾਰਤੀ ਮੂਲ ਦੇ ਮੁਹੰਮਦ ਇਰਫਾਨ ਅਲੀ ਕੋਲ ਹੈ ਅਤੇ ਉਹ ਰਾਸ਼ਟਰਪਤੀ ਹਨ। ਭਾਰਤਵੰਸ਼ੀ ਰਾਜਨੇਤਾ ਪਰਵਿੰਦਰ ਕੁਮਾਰ 2017-18 ਤੋਂ 2024 ਤੱਕ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਰਹੇ। ਆਇਰਲੈਂਡ ਦੇ ਮੁਖੀ ਵੀ 2022 ਤੋਂ 2024 ਤੱਕ ਭਾਰਤੀ ਮੂਲ ਦੇ ਨੇਤਾ ਏਰਿਕ ਬਰਾਡਕਰ ਨੇ ਕੀਤਾ। ਪ੍ਰਿਥਵੀਰਾਜ ਸਿੰਘ 2019 ਤੋਂ 2024 ਤੱਕ ਮਾਰੀਸ਼ਸ ਦੇ ਸਤਵੇਂ ਰਾਸ਼ਟਰਪਤੀ ਰਹੇ। ਵਿਕਾਸਸ਼ੀਲ ਦੇਸ਼ਾਂ ਅਮਰੀਕਾ, ਕੈਨੇਡਾ, ਬਰਤਾਨੀਆ, ਆਸਟਰੇਲੀਆ, ਨਿਊਜ਼ੀਲੈਂਡ ਸਮੇਤ 15 ਮੁਲਕਾਂ ਵਿਚ 200 ਤੋਂ ਜ਼ਿਆਦਾ ਭਾਰਤੀ ਮੂਲ ਦੇ 200 ਤੋਂ ਵੱਧ ਵਿਅਕਤੀ ਅਗਵਾਈ ਵਾਲੇ ਅਹੁਦਿਆਂ 'ਤੇ ਕਾਬਜ਼ ਹਨ। ਇਹ ਰਿਪੋਰਟ ਭਾਰਤੀ ਭਾਈਚਾਰੇ ਦਰਮਿਆਨ ਕੰਮ ਕਰ ਰਹੇ ਅਮਰੀਕੀ ਸੰਗਠਨ ਦੀ ਹੈ, ਜੋ ਪਹਿਲੀ ਵਾਰ ਛਾਪੀ ਗਈ ਹੈ। ਇਨ੍ਹਾਂ 100 ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਵਿਚੋਂ 60 ਵਿਅਕਤੀ ਕੈਬਨਿਟ ਰੈਂਕ ਦੇ ਅਹੁਦਿਆਂ ਉੱਤੇ ਬਿਰਾਜਮਾਨ ਹਨ। ਦੁਨੀਆਂ ਦੇ ਸਭ ਤੋਂ ਪੁਰਾਣੇ ਲੋਕਤੰਤਰ ਦੇ ਉਪ ਰਾਸ਼ਟਰਪਤੀ ਦੇ ਰੂਪ 'ਚ ਪਹਿਲੀ ਸ਼ਖ਼ਸੀਅਤ ਭਾਰਤੀ ਵਿਰਾਸਤ ਤੋਂ ਕਿਸੇ ਦਾ ਹੋਣਾ ਵੱਡੇ ਮਾਣ ਵਾਲੀ ਗੱਲ ਹੈ। ਕਮਲਾ ਹੈਰਿਸ ਅਮਰੀਕਾ ਦੀ ਸਾਬਕਾ ਉਪ ਰਾਸ਼ਟਰਪਤੀ ਹੈ। ਇਸੇ ਤਰ੍ਹਾਂ ਟਾਈਮ ਪੱਤ੍ਰਿਕਾ ਨੇ 100 ਉਭਰਦੀਆਂ ਸ਼ਕਤੀਸ਼ਾਲੀ ਨੇਤਾਵਾਂ ਦੀ ਸੂਚੀ ਜਾਰੀ ਕੀਤੀ ਹੈ, ਜਿਸ ਵਿਚ ਅਨੇਕਾਂ ਭਾਰਤੀ ਮੂਲ ਦੇ ਸਿਆਸਤਦਾਨ, ਕਾਰੋਬਾਰੀ ਟੈਕਨੋਕਰੇਟ ਹਨ।

ਇੱਥੇ ਹੀ ਬਸ ਨਹੀਂ, ਅਮਰੀਕਾ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਸਰਕਾਰ ਵਿਚ ਪ੍ਰਤੀਨਿਧਤਾ ਵੱਧ ਰਹੀ ਹੈ। ਵਰਜੀਨੀਆ ਸਟੇਟ 'ਚ ਇਨ੍ਹੀਂ ਦਿਨੀਂ ਡੈਮੋਕਰੇਟ ਗ਼ਜ਼ਾਲਾ ਹਾਸ਼ਮੀ ਗਵਰਨਰ ਚੁਣੀ ਗਈ।

ਸਾਬਕਾ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਰਾਜ-ਭਾਗ ਵਿਚ 130 ਤੋਂ ਜ਼ਿਆਦਾ ਭਾਰਤੀ ਚੰਗੇ ਅਹੁਦਿਆਂ 'ਤੇ ਸਨ ਅਤੇ ਟਰੰਪ ਦੀ ਪ੍ਰਧਾਨਗੀ ਵਿਚ 80 ਤੋਂ ਵੱਧ ਲੋਕ ਚੰਗੇ ਰਾਜਨੀਤਿਕ ਪ੍ਰਬੰਧਕੀ ਅਹੁਦਿਆਂ 'ਤੇ ਕੰਮ ਕਰ ਰਹੇ ਸਨ।

ਬਰਤਾਨੀਆ 'ਚ ਰਿਸ਼ੀ ਸੂਨਕ ਤੋਂ ਬਿਨ੍ਹਾਂ ਪ੍ਰੀਤੀ ਪਟੇਲ, ਗਗਨ ਮਹਿੰਦਰਾ, ਸੀਮਾ ਮਲਹੋਤਰਾ, ਤਨਮਨਜੀਤ ਸਿੰਘ ਢੇਸੀ, ਵਰਿੰਦਰ ਸ਼ਰਮਾ, ਸੋਜਨ ਜੋਸੇਫ ਲੋਕ-ਪ੍ਰਤੀਨਿਧੀ ਵਜੋਂ ਸੇਵਾ ਨਿਭਾ ਰਹੇ ਹਨ। ਭਾਰਤ ਵਿਚੋਂ ਪ੍ਰਵਾਸ 18-19ਵੀਂ ਸਦੀ 'ਚ ਵਿਸ਼ੇਸ਼ ਤੌਰ 'ਤੇ ਗਿਣਿਆ ਜਾਂਦਾ ਹੈ, ਜਦੋਂ ਭਾਰਤੀ ਲੋਕ ਆਪਣਾ ਚੰਗੇਰੇ ਭਵਿੱਖ ਲਈ ਦੇਸ਼ ਛੱਡਕੇ ਵਿਦੇਸ਼ ਗਏ। ਇਨ੍ਹਾਂ ਪ੍ਰਵਾਸੀਆਂ ਨੇ ਮਿਹਨਤ ਕਰਕੇ ਓਪਰੇ ਸੱਭਿਆਚਾਰ ਵਿਚ ਆਪਣੀ ਥਾਂ ਬਣਾਈ ਅਤੇ ਫਿਰ ਮੋਹਰੀ ਬਣਕੇ ਨਾਮਣਾ ਖੱਟਿਆ। ਖੇਤਰ ਭਾਵੇਂ ਖੇਤੀਬਾੜੀ ਦਾ ਸੀ ਜਾਂ ਇੰਜੀਨਿਅਰਿੰਗ ਦਾ, ਲੇਖਣੀ ਦਾ ਸੀ, ਜਾਂ ਪੱਤਰਕਾਰੀ ਦਾ, ਕਾਰੋਬਾਰ ਦਾ ਸੀ ਜਾਂ ਸਿਆਸਤ ਦਾ, ਪ੍ਰਵਾਸੀਆਂ ਨੇ ਨਵੀਆਂ ਪੈੜਾਂ ਪਾਈਆਂ ਅਤੇ ਹੋਰ ਲੋਕਾਂ ਲਈ ਰਾਹ ਦਸੇਰਾ ਬਣੇ। ਅੱਜ ਵੀ ਜਦੋਂ ਪੂਰਾ ਬ੍ਰਹਿਮੰਡ, ਇੱਕ ਪਿੰਡ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ, ਭਾਰਤੀ ਪ੍ਰਭਾਵਸ਼ਾਲੀ ਲੋਕ ਇਸ ਵਿਸ਼ਵ ਪਿੰਡ ਵਿਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੇ ਹਨ।

ਪਰਵਾਸ ਹੰਢਾ ਰਹੇ ਭਾਰਤੀਆਂ ਦਾ ਇਤਿਹਾਸ ਪੁਰਾਣਾ ਹੈ। ਅਮਰੀਕਾ, ਕੈਨੇਡਾ, ਬਰਤਾਨੀਆ ਵਰਗੇ ਮੁਲਕਾਂ 'ਚ ਵਸੇ ਪਰਵਾਸੀਆਂ ਦੀਆਂ ਪਹਿਲੀਆਂ ਪੀੜ੍ਹੀਆਂ ਆਮ ਤੌਰ 'ਤੇ ਅਨਪੜ੍ਹ ਜਾਂ ਬਹੁਤੀਆਂ ਪੜ੍ਹੀਆਂ-ਲਿਖੀਆਂ ਨਹੀਂ ਸਨ, ਪਰ ਇਨ੍ਹਾਂ ਪਰਵਾਸੀ ਭਾਰਤੀਆਂ ਨੇ ਵੱਡੀ ਮਿਹਨਤ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਾਇਆ ਅਤੇ ਉੱਥੋਂ ਦੀ ਸਭਿਅਤਾ ਵਿਚ ਵਿਚਰਨ ਦਾ ਮੌਕਾ ਦਿੱਤਾ।

ਬਿਨ੍ਹਾਂ ਸ਼ੱਕ ਅੱਜ ਪ੍ਰਵਾਸੀਆਂ ਦੇ ਵਿਰੋਧ ਵਿਚ ਅਮਰੀਕਾ, ਕੈਨੇਡਾ, ਬਰਤਾਨੀਆ 'ਚ ਉੱਥੋਂ ਦੇ ਕੁਝ ਨਾਗਰਿਕਾਂ ਵੱਲੋਂ ਪ੍ਰਦਰਸ਼ਨ ਹੋ ਰਹੇ ਹਨ, ਪ੍ਰਵਾਸੀਆਂ ਨੂੰ ਦੇਸ਼ੋਂ ਕੱਢਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਨਸਲੀ ਟਿੱਪਣੀਆਂ ਵੀ ਹੋ ਰਹੀਆਂ ਹਨ, ਉਨ੍ਹਾਂ ਖ਼ਿਲਾਫ਼ ਵੱਡੇ ਗਰੁੱਪ ਬਣ ਰਹੇ ਹਨ।

ਅਮਰੀਕਾ, ਕੈਨੇਡਾ, ਯੂ.ਕੇ. ਪ੍ਰਸ਼ਾਸਨ ਵੱਲੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉੱਥੋਂ ਕੱਢਿਆ ਵੀ ਜਾ ਰਿਹਾ ਹੈ ਅਤੇ ਇਸ ਵਰਤਾਰੇ ਨਾਲ ਪ੍ਰਵਾਸੀਆਂ ਵਿਚ ਡਰ ਦੀ ਭਾਵਨਾ ਬਣੀ ਹੋਈ ਹੈ। ਖ਼ਾਸ ਤੌਰ 'ਤੇ ਉਨ੍ਹਾਂ ਪ੍ਰਵਾਸੀਆਂ ਲਈ ਜਿਹੜੇ ਵਿੰਗੇ-ਟੇਡੇ ਢੰਗ ਨਾਲ, ਜਾਂ ਸਿਆਸੀ ਸ਼ਰਨ ਲੈਕੇ ਉੱਥੇ ਪੁੱਜੇ। ਗ਼ਲਤ ਬਿਆਨੀ ਕਰਕੇ ਉੱਥੇ ਦੇ ਕਾਨੂੰਨੀ ਦਸਤਾਵੇਜ ਹਾਸਲ ਕੀਤੇ।

ਪਰ ਵੇਖਣਾ ਹੋਏਗਾ ਕਿ ਪ੍ਰਵਾਸੀਆਂ ਤੋਂ ਬਿਨ੍ਹਾਂ ਇਹ ਦੇਸ਼ ਤਰੱਕੀ ਕਰਨ ਦੇ ਸਮਰੱਥ ਰਹਿਣਗੇ? ਸਵਾਲ ਉੱਠਦਾ ਹੈ ਕਿ ਵਪਾਰ ਨੂੰ ਸਭਨਾਂ ਮੁਲਕਾਂ ਤੱਕ ਪਹੁੰਚਾਉਣ ਦੀ ਤਰਜੀਹ ਦੇਣਾ ਪਰ ਉੱਥੋਂ ਦੀ ਮਨੁੱਖੀ ਸ਼ਕਤੀ ਨੂੰ ਨਕਾਰਨਾ ਕਿੱਥੋਂ ਤੱਕ ਸਹੀ ਹੈ।

ਅਸਲ 'ਚ ਸਮੇਂ-ਸਮੇਂ ਰੂੜੀਵਾਦੀ ਸੋਚ ਵਾਲੇ ਲੋਕ ਮਨੁੱਖੀ ਅਧਿਕਾਰਾਂ ਦਾ ਹਨਨ ਕਰਦਿਆਂ, ਕੁਝ ਇਹੋ ਜਿਹੇ ਕਾਰਜ ਕਰਦੇ ਹਨ, ਜਿਹੜੇ ਕਿਸੇ ਵੀ ਹਾਲਤ ਵਿਚ ਲੋਕ-ਹਿਤੈਸ਼ੀ ਨਹੀਂ ਹੁੰਦੇ। ਦੌਰ ਭਾਵੇਂ ਡਿਕਟੇਟਰਾਨ ਸੋਚ ਵਾਲੇ ਲੋਕਾਂ ਦਾ ਕਦੇ ਉਭਰਦਾ ਰਿਹਾ ਹੋਵੇ, ਪਰ ਅੰਤ ਜਿੱਤ ਹੱਥੀਂ ਕੰਮ ਕਰਨ ਵਾਲਿਆਂ, ਸੂਝਵਾਨ ਲੋਕਾਂ ਦੀ ਹੁੰਦੀ ਹੈ, ਜੋ ਧਰਮ, ਨਸਲ, ਜਾਤ, ਦੇਸ਼ ਦੇ ਪਾੜ ਨੂੰ ਨਕਾਰਦੇ ਹਨ। ਭਾਰਤੀ ਪ੍ਰਵਾਸੀਆਂ ਦੀ ਤੂਤੀ ਦੇਸ਼-ਵਿਦੇਸ਼ ਵਿਚ ਇਸ ਕਰਕੇ ਬੋਲਦੀ ਹੈ, ਕਿਉਂਕਿ ਉਹ ਲੋਕ-ਭਲਾਈ ਹਿੱਤ ਕਾਰਜ ਕਰਨ ਨੂੰ ਸਦਾ ਤਰਜੀਹ ਦਿੰਦੇ ਰਹੇ ਹਨ ਅਤੇ ਜਿੱਥੇ-ਜਿੱਥੇ ਵੀ ਜਾਕੇ ਉਹ ਵਸੇ, ਉਨ੍ਹਾਂ ਉੱਥੋਂ ਦੇ ਲੋਕਾਂ ਨਾਲ ਡੂੰਘੀ ਸਾਂਝ ਪਾਕੇ ਉਸ ਖਿੱਤੇ ਦੀ ਤਰੱਕੀ ਲਈ ਜੀਊਣਾ-ਮਰਨਾ ਆਪਣਾ ਫ਼ਰਜ਼ ਸਮਝਿਆ। ਇਹ ਗੱਲ ਵੀ ਵਰਨਣਯੋਗ ਹੈ ਕਿ ਵਿਸ਼ਵ ਰਾਜਨੀਤੀ ਵਿਚ ਕਈ ਥਾਵਾਂ ਉੱਥੇ ਭਾਰਤਵੰਸ਼ੀ ਸਿਆਸਤਦਾਨਾਂ ਨੇ ਉੱਥੋਂ ਦੇ ਸਿਆਸੀ ਮਾਹੌਲ ਨੂੰ ਹੀ ਬਦਲਕੇ ਰੱਖ ਦਿੱਤਾ ਅਤੇ ਉੱਥੋਂ ਦੇ ਰਾਸ਼ਟਰ ਦੇ ਨਿਰਮਾਣ ਜਾਂ ਪੁਨਰਗਠਨ ਵਿਚ ਬਣਦਾ ਯੋਗਦਾਨ ਪਾਇਆ।

# ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 102ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



16 ਨਵੰਬਰ 2017 ਨੂੰ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦਾ ਰੱਸਾ ਚੁੰਮੇ ਪੂਰੇ 102 ਸਾਲ ਹੋ ਜਾਣੇ ਹਨ। ਭਾਰਤ ਵਿਚ ਸੈਂਕੜੇ ਬਹਾਦਰ ਕ੍ਰਾਂਤੀਕਾਰੀਆਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ, ਪਰ ਜੋ ਦਰਜ਼ਾ ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਨੂੰ ਪ੍ਰਾਪਤ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ। ਸਰਾਭਾ ਦੇ ਜੀਵਨ ਉੱਪਰ ਸੈਂਕੜੇ ਕਿਤਾਬਾਂ, ਲੇਖ, ਡਰਾਮੇ ਅਤੇ ਡਾਕੂਮੈਂਟਰੀਆਂ ਆਦਿ ਬਣ ਚੁੱਕੀਆਂ ਹਨ। ਉਸ ਨੇ ਛੋਟੀ ਜਿਹੀ ਉਮਰ ਵਿਚ ਹੀ ਭਾਰਤ ਦੇ ਰਾਜਨੀਤਿਕ ਖੇਤਰ ਵਿਚ ਤੂਫਾਨ ਲਿਆ ਦਿੱਤਾ ਸੀ। ਕਰਤਾਰ ਸਿੰਘ ਸਰਾਭਾ ਦਾ ਕ੍ਰਾਂਤੀਕਾਰੀਆਂ 'ਤੇ ਐਨਾ ਜ਼ਬਰਦਸਤ ਪ੍ਰਭਾਵ ਸੀ ਕਿ ਭਗਤ ਸਿੰਘ ਵੀ ਉਸ ਨੂੰ ਆਪਣਾ ਆਦਰਸ਼ ਅਤੇ ਗੁਰੂ ਮੰਨਦਾ ਸੀ ਤੇ ਉਸ ਦੀ ਫੋਟੋ ਹਮੇਸ਼ਾਂ ਆਪਣੇ ਕੋਲ ਰੱਖਦਾ ਸੀ।

ਅਜਿਹੇ ਸੂਰਮੇ ਦਾ ਜਨਮ 24 ਮਈ, 1896 ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਰਾਭਾ ਵਿਚ ਗਰੇਵਾਲ ਪਰਿਵਾਰ ਵਿਚ ਹੋਇਆ। ਉਹ ਪਿਤਾ ਸ. ਮੰਗਲ ਸਿੰਘ ਅਤੇ ਮਾਤਾ ਸਾਹਿਬ ਕੌਰ ਦਾ ਇਕਲੌਤਾ ਬੱਚਾ ਸੀ। ਛੋਟੀ ਉਮਰ ਵਿਚ ਹੀ ਉਸ ਦੇ ਪਿਤਾ ਦੀ ਮੌਤ ਹੋ ਗਈ ਤੇ ਉਸ ਦਾ ਪਾਲਣ-ਪੋਸ਼ਣ ਉਸ ਦੇ ਦਾਦਾ ਜੀ ਨੇ ਕੀਤਾ ਸੀ। ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਹਾਸਲ ਕਰਨ ਤੋਂ ਬਾਅਦ ਉਸ ਨੇ ਨੌਵੀਂ ਜ਼ਮਾਤ ਮਾਲਵਾ ਹਾਈ ਸਕੂਲ ਲੁਧਿਆਣਾ ਤੋਂ ਕੀਤੀ। ਇਸ ਤੋਂ ਬਾਅਦ ਉਹ ਆਪਣੇ ਇੱਕ ਰਿਸ਼ਤੇਦਾਰ ਕੋਲ ਉੜੀਸਾ ਚਲਾ ਗਿਆ। ਉਥੇ ਦਸਵੀਂ ਕਰਨ ਤੋਂ ਬਾਅਦ ਉਹ ਕਾਲਜ ਦੀ ਪੜ੍ਹਾਈ ਕਰਨ ਲੱਗਾ। ਉਹ ਸਾਹਿਤ ਪੜ੍ਹਨ ਦਾ ਬਹੁਤ ਸ਼ੌਕੀਨ ਸੀ। ਇਸ ਨਾਲ ਉਸ ਦੇ ਗਿਆਨ ਦਾ ਦਾਇਰਾ ਬਹੁਤ ਵਿਸ਼ਾਲ ਹੋ ਗਿਆ। ਜਦੋਂ ਉਹ ਪੰਦਰਾਂ ਸਾਲ ਦਾ ਸੀ, ਤਾਂ ਕੰਮਕਾਰ ਦੀ ਭਾਲ ਵਿਚ ਜਨਵਰੀ 1912 ਨੂੰ ਸਾਨ ਫਰਾਂਸਿਸਕੋ ਅਮਰੀਕਾ ਪਹੁੰਚ ਗਿਆ। ਉਥੇ ਉਸ ਨੇ ਵੇਖਿਆ ਕਿ ਇੰਮੀਗ੍ਰੇਸ਼ਨ ਵਾਲੇ ਭਾਰਤੀਆਂ ਨਾਲ ਬਹੁਤ ਸਖਤੀ ਕਰਦੇ ਸਨ। ਜਦ ਉਸ ਨੇ ਆਪਣੇ ਸਾਥੀ ਯਾਤਰੀ ਤੋਂ ਇਸ ਬਾਰੇ ਪੁੱਛਿਆ, ਤਾਂ ਉਸ ਨੇ ਦੱਸਿਆ ਕਿ ਆਪਾਂ ਗੁਲਾਮ ਦੇਸ਼ ਦੇ ਵਾਸੀ ਹਾਂ, ਇਸ ਲਈ ਸਾਡੇ ਨਾਲ ਅਜਿਹਾ ਮਾੜਾ ਸਲੂਕ ਹੁੰਦਾ ਹੈ। ਇਹ ਗੱਲ ਸਰਾਭੇ ਦਾ ਕਲੇਜਾ ਚੀਰ ਗਈ। ਉਸ ਵੇਲੇ ਅਮਰੀਕਾ ਵਿਚ ਨਸਲਵਾਦ ਜ਼ੋਰਾਂ 'ਤੇ ਸੀ। ਭਾਰਤੀਆਂ ਨੂੰ ਬਲੈਕ ਮੈਨ ਕਹਿ ਕੇ ਪੁਕਾਰਿਆ ਜਾਂਦਾ ਸੀ। ਕਈ ਥਾਈਂ ਰੋਜ਼ਗਾਰ ਖੁੱਸਣ ਦੇ ਡਰੋਂ ਗੋਰਿਆਂ ਵੱਲੋਂ ਭਾਰਤੀ ਮਜ਼ਦੂਰਾਂ ਦੀ ਕੁੱਟਮਾਰ ਕੀਤੀ ਗਈ। ਸਰਾਭੇ ਦੇ ਮਨ ਵਿਚ ਇਹ ਗੱਲ ਘਰ ਕਰ ਗਈ ਕਿ ਜੇ ਅਸੀਂ ਗੁਲਾਮ ਨਾ ਹੁੰਦੇ, ਤਾਂ ਥਾਂ-ਥਾਂ 'ਤੇ ਸਾਡੀ ਬੇਇੱਜ਼ਤੀ ਨਹੀਂ ਸੀ ਹੋਣੀ। ਸਰਾਭੇ ਨੇ ਕੈਲੀਫੋਰਨੀਆਂ ਯੂਨੀਵਰਸਿਟੀ, ਬਰਕਲੇ ਵਿਚ ਕੈਮਿਸਟਰੀ ਦੀ ਡਿਗਰੀ ਲੈਣ ਲਈ ਦਾਖਲਾ ਲੈ ਲਿਆ। ਉਹ ਆਪਣਾ ਖਰਚਾ ਚਲਾਉਣ ਲਈ ਖੇਤਾਂ ਅਤੇ ਬਾਗਾਂ ਵਿਚ ਮਜ਼ਦੂਰੀ ਕਰਦਾ ਸੀ।

21 ਅਪ੍ਰੈਲ, 1913 ਨੂੰ ਅਮਰੀਕਾ ਵਿਚ ਵੱਸਦੇ ਕ੍ਰਾਂਤੀਕਾਰੀਆਂ ਨੇ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਹਥਿਆਰਬੰਦ ਘੋਲ ਰਾਹੀਂ ਆਜ਼ਾਦ ਕਰਾਉਣ ਲਈ ਲਾਲਾ ਹਰਦਿਆਲ ਦੀ ਅਗਵਾਈ ਹੇਠ ਗਦਰ ਪਾਰਟੀ ਦੀ ਸਥਾਪਨਾ ਕੀਤੀ। ਬਾਬਾ ਸੋਹਣ ਸਿੰਘ ਭਕਨਾ ਇਸ ਦਾ ਪਹਿਲਾ ਪ੍ਰਧਾਨ ਬਣਿਆ ਤੇ ਸਰਾਭਾ ਮੁੱਢਲਾ ਮੈਂਬਰ। ਗਦਰ ਦਾ ਸੁਨੇਹਾ ਘਰ-ਘਰ ਪਹੁੰਚਾਉਣ ਲਈ ਪਾਰਟੀ ਨੇ ਗਦਰ ਦੀ ਗੂੰਜ ਨਾਮਕ ਅਖਬਾਰ ਕੱਢਿਆ ਜੋ ਪੰਜਾਬੀ, ਹਿੰਦੀ, ਉਰਦੂ, ਬੰਗਾਲੀ, ਗੁਜਰਾਤੀ ਅਤੇ ਪਸ਼ਤੋ ਭਾਸ਼ਾ ਵਿਚ ਛਪਦਾ ਸੀ। ਕਰਤਾਰ ਸਿੰਘ ਸਰਾਭਾ ਇਸ ਅਖਬਾਰ ਦਾ ਸਾਰਾ ਕੰਮਕਾਰ ਸੰਭਾਲਦਾ ਸੀ। ਇਸ ਵਿਚ ਅੰਗਰੇਜ਼ਾਂ ਵੱਲੋਂ ਭਾਰਤੀਆਂ 'ਤੇ ਕੀਤੇ ਜਾ ਰਹੇ ਜ਼ੁਲਮਾਂ ਦਾ ਭਾਂਡਾ ਭੰਨਿਆ ਜਾਂਦਾ ਸੀ। ਇਹ ਡਾਕ ਰਾਹੀਂ ਭਾਰਤ ਸਮੇਤ ਅਨੇਕਾਂ ਦੇਸ਼ਾਂ ਵਿਚ ਪਹੁੰਚਦਾ ਸੀ। ਇਸ ਅਖਬਾਰ ਰਾਹੀਂ ਦੇਸ਼ ਭਗਤਾਂ ਨੂੰ ਬਗਾਵਤ ਕਰਨ ਲਈ ਹਥਿਆਰ ਚਲਾਉਣ ਅਤੇ ਬੰਬ ਬਣਾਉਣ ਦੇ ਤਰੀਕੇ ਵੀ ਸਿਖਾਏ ਜਾਂਦੇ ਸਨ। ਕੁਝ ਹੀ ਸਮੇਂ ਵਿਚ ਗਦਰ ਪਾਰਟੀ ਭਾਰਤੀਆਂ ਵਿਚ ਮਸ਼ਹੂਰ ਹੋ ਗਈ। ਸੈਂਕੜੇ ਨੌਜਵਾਨ ਇਸ ਵੱਲ ਖਿੱਚੇ ਗਏ।

1914 ਵਿਚ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਗਈ ਤੇ ਇੰਗਲੈਂਡ ਜੰਗ ਵਿਚ ਬੁਰੀ ਤਰ੍ਹਾਂ ਉਲਝ ਗਿਆ। ਗਦਰ ਪਾਰਟੀ ਨੇ ਸੋਚਿਆ ਕਿ ਭਾਰਤ ਨੂੰ ਆਜ਼ਾਦ ਕਰਾਉਣ ਦਾ ਇਹ ਸੁਨਹਿਰੀ ਮੌਕਾ ਹੈ। ਗਦਰ ਅਖਬਾਰ ਨੇ ਆਪਣੇ 5 ਅਗਸਤ, 1914 ਦੇ ਅੰਕ ਵਿਚ ਅੰਗਰੇਜ਼ੀ ਸ਼ਾਸਨ ਦੇ ਖਿਲਾਫ ਜੰਗ ਦਾ ਐਲਾਨ ਕਰ ਦਿੱਤਾ। ਇਸ ਅਖਬਾਰ ਦੀਆਂ ਹਜ਼ਾਰਾਂ ਕਾਪੀਆਂ ਪਿੰਡਾਂ, ਸ਼ਹਿਰਾਂ ਅਤੇ ਫੌਜੀ ਛਾਉਣੀਆਂ ਵਿਚ ਵੰਡੀਆਂ ਗਈਆਂ। ਪਾਰਟੀ ਦੇ ਹੁਕਮ ਅਨੁਸਾਰ ਕਰਤਾਰ ਸਿੰਘ ਸਰਾਭਾ, ਸਤਿਅਮ ਸੇਨ ਤੇ ਵਿਸ਼ਣੂ ਗਣੇਸ਼ ਪਿੰਗਲੇ ਅਨੇਕਾਂ ਸਾਥੀਆਂ ਸਮੇਤ ਸਮੁੰਦਰ ਰਸਤੇ ਕਲਕੱਤਾ ਆਣ ਪਹੁੰਚੇ। ਵੱਖ-ਵੱਖ ਰਸਤਿਆਂ ਰਾਹੀਂ ਹੋਰ ਵੀ ਸੈਂਕੜੇ ਗਦਰੀ ਭਾਰਤ ਆ ਗਏ। ਜਤਿਨ ਮੁਖਰਜੀ ਦੀ ਚਿੱਠੀ ਲੈ ਕੇ ਸਰਾਭਾ ਅਤੇ ਪਿੰਗਲੇ ਯੁਗਾਂਤਰ ਪਾਰਟੀ ਦੇ ਨੇਤਾ ਰਾਸ ਬਿਹਾਰੀ ਬੋਸ ਨੂੰ ਬਨਾਰਸ ਜਾ ਕੇ ਮਿਲੇ। ਉਨ੍ਹਾਂ ਨੇ ਉਸ ਨੂੰ ਦੱਸਿਆ ਕਿ 20000 ਹੋਰ ਗਦਰੀ ਬਹੁਤ ਜਲਦੀ ਭਾਰਤ ਪਹੁੰਚ ਜਾਣਗੇ। ਪਰ ਅਮਰੀਕਨ ਖੁਫੀਆ ਵਿਭਾਗ ਵੱਲੋਂ ਗਦਰੀਆਂ ਦੀਆਂ ਸਰਗਰਮੀਆਂ ਬਾਰੇ ਖਬਰਾਂ ਲਗਾਤਾਰ ਅੰਗਰੇਜ਼ ਹਕੂਮਤ ਨੂੰ ਭੇਜਣ ਕਾਰਨ ਬਹੁਤੇ ਗਦਰੀ ਬੰਦਰਗਾਹਾਂ 'ਤੇ ਹੀ ਪਕੜੇ ਗਏ।

ਕਰਤਾਰ ਸਿੰਘ ਸਰਾਭਾ ਨੇ ਭਾਰਤ ਪਹੁੰਚ ਕੇ ਪਾਰਟੀ ਵਾਸਤੇ ਬਹੁਤ ਮਿਹਨਤ ਕੀਤੀ। ਕਦੀ ਉਹ ਬਗਾਵਤ ਲਈ ਫੌਜੀਆਂ ਨੂੰ ਮਿਲਣ ਛਾਉਣੀਆਂ ਵਿਚ ਜਾਂਦਾ ਤੇ ਕਦੇ ਹਥਿਆਰ ਖਰੀਦਣ ਲਈ ਕਲਕੱਤਾ ਪਹੁੰਚ ਜਾਂਦਾ। ਪਰ ਸਭ ਤੋਂ ਵੱਡੀ ਮੁਸ਼ਕਲ ਪੈਸੇ ਦੀ ਆ ਰਹੀ ਸੀ। ਇਸ ਦਾ ਹੱਲ ਕਰਨ ਵਾਸਤੇ ਗਦਰ ਪਾਰਟੀ ਦੀ ਇੱਕ ਮੀਟਿੰਗ ਲੁਧਿਆਣੇ ਨੇੜੇ ਲਾਡੋਵਾਲ ਪਿੰਡ ਵਿਚ ਹੋਈ। ਪੈਸੇ ਦੀ ਕਮੀ ਦੂਰ ਕਰਨ ਲਈ ਅਮੀਰਾਂ ਅਤੇ ਸਰਕਾਰੀ ਝੋਲੀ ਚੁੱਕਾਂ ਕੋਲੋਂ ਜ਼ਬਰਦਸਤੀ ਪੈਸੇ ਉਗਰਾਹੁਣ ਦਾ ਮਤਾ ਉਲੀਕਿਆ ਗਿਆ। ਇਸ ਕੰਮ ਨਾਲ ਗਦਰ ਪਾਰਟੀ ਨੂੰ ਉਲਟਾ ਨੁਕਸਾਨ ਹੀ ਹੋਇਆ। ਸਰਕਾਰ ਨੇ ਉਨ੍ਹਾਂ ਨੂੰ ਡਾਕੂ ਲੁਟੇਰੇ ਕਹਿ ਕੇ ਬਦਨਾਮ ਕਰ ਦਿੱਤਾ। ਸਾਰੇ ਅਮੀਰ, ਜ਼ੈਲਦਾਰ, ਸਫੈਦਪੋਸ਼ ਅਤੇ ਪੁਲਿਸ ਹੱਥ ਧੋ ਕੇ ਗਦਰੀਆਂ ਪਿੱਛੇ ਪੈ ਗਏ। 25 ਜਨਵਰੀ, 1915 ਨੂੰ ਰਾਸ ਬਿਹਾਰੀ ਬੋਸ ਅੰਮ੍ਰਿਤਸਰ ਪਹੁੰਚ ਗਿਆ। ਸਰਾਭਾ ਆਪਣੇ ਸਾਥੀਆਂ ਸਮੇਤ ਉਸ ਨੂੰ ਜਾ ਕੇ ਮਿਲਿਆ। 12 ਫਰਵਰੀ ਨੂੰ ਹੋਈ ਮੀਟਿੰਗ ਵਿਚ ਸਲਾਹ ਕੀਤੀ ਗਈ ਕਿ 21 ਫਰਵਰੀ ਨੂੰ ਬਗਾਵਤ ਕੀਤੀ ਜਾਵੇ। ਇਹ ਫੈਸਲਾ ਕੀਤਾ ਗਿਆ ਕਿ ਫਿਰੋਜ਼ਪੁਰ ਅਤੇ ਮੀਆਂ ਮੀਰ ਛਾਉਣੀਆਂ 'ਤੇ ਕਬਜ਼ਾ ਕਰਨ ਤੋਂ ਬਾਅਦ ਦਿੱਲੀ ਅਤੇ ਅੰਬਾਲੇ ਦੀਆਂ ਛਾਉਣੀਆਂ ਵਿਚ ਬਗਾਵਤ ਕਰਵਾਈ ਜਾਵੇਗੀ। ਸਰਾਭੇ ਨੂੰ ਗੱਦਾਰ ਕਿਰਪਾਲ ਸਿੰਘ ਦੀਆਂ ਸਰਗਰਮੀਆਂ 'ਤੇ ਸ਼ੱਕ ਹੋ ਗਿਆ ਸੀ। ਇਸ ਲਈ ਰਾਸ ਬਿਹਾਰੀ ਬੋਸ ਨਾਲ ਸਲਾਹ ਕਰਕੇ ਉਸ ਨੇ ਗਦਰ ਦੀ ਤਾਰੀਖ 19 ਫਰਵਰੀ ਕਰ ਦਿੱਤੀ।

**ਕਰਤਾਰ ਸਿੰਘ ਸਰਾਭਾ ਨੇ ਭਾਰਤ ਪਹੁੰਚ ਕੇ ਪਾਰਟੀ ਵਾਸਤੇ ਬਹੁਤ ਮਿਹਨਤ ਕੀਤੀ। ਕਦੀ ਉਹ ਬਗਾਵਤ ਲਈ ਫੌਜੀਆਂ ਨੂੰ ਮਿਲਣ ਛਾਉਣੀਆਂ ਵਿਚ ਜਾਂਦਾ ਤੇ ਕਦੇ ਹਥਿਆਰ ਖਰੀਦਣ ਲਈ ਕਲਕੱਤਾ ਪਹੁੰਚ ਜਾਂਦਾ। ਪਰ ਸਭ ਤੋਂ ਵੱਡੀ ਮੁਸ਼ਕਲ ਪੈਸੇ ਦੀ ਆ ਰਹੀ ਸੀ। ਇਸ ਦਾ ਹੱਲ ਕਰਨ ਵਾਸਤੇ ਗਦਰ ਪਾਰਟੀ ਦੀ ਇੱਕ ਮੀਟਿੰਗ ਲੁਧਿਆਣੇ ਨੇੜੇ ਲਾਡੋਵਾਲ ਪਿੰਡ ਵਿਚ ਹੋਈ। ਪੈਸੇ ਦੀ ਕਮੀ ਦੂਰ ਕਰਨ ਲਈ ਅਮੀਰਾਂ ਅਤੇ ਸਰਕਾਰੀ ਝੋਲੀ ਚੁੱਕਾਂ ਕੋਲੋਂ ਜ਼ਬਰਦਸਤੀ ਪੈਸੇ ਉਗਰਾਹੁਣ ਦਾ ਮਤਾ ਉਲੀਕਿਆ ਗਿਆ। ਇਸ ਕੰਮ ਨਾਲ ਗਦਰ ਪਾਰਟੀ ਨੂੰ ਉਲਟਾ ਨੁਕਸਾਨ ਹੀ ਹੋਇਆ।**

ਪਰ ਘਰ ਦੇ ਭੇਤੀ ਕਿਰਪਾਲ ਸਿੰਘ ਨੇ ਸਰਕਾਰ ਨੂੰ ਸਾਰੀ ਗੱਲ ਜਾ ਦੱਸੀ ਤੇ ਗਦਰ ਅਸਫਲ ਹੋ ਗਿਆ। ਕਰਤਾਰ ਸਿੰਘ ਸਰਾਭਾ ਮਿੱਥੇ ਸਮੇਂ 'ਤੇ 50-60 ਸਾਥੀਆਂ ਸਮੇਤ ਫਿਰੋਜ਼ਪੁਰ ਛਾਉਣੀ ਪਹੁੰਚ ਗਿਆ ਤੇ ਆਪਣੇ ਫੌਜੀ ਸਾਥੀਆਂ ਨੂੰ ਬਗਾਵਤ ਕਰਨ ਵਾਸਤੇ ਕਿਹਾ। ਪਰ 19 ਫਰਵਰੀ ਤੋਂ ਪਹਿਲਾਂ ਹੀ ਅਨੇਕਾਂ ਗਦਰੀ ਗ੍ਰਿਫਤਾਰ ਕਰ ਲਏ ਗਏ ਸਨ ਤੇ ਸਾਰੀਆਂ ਸ਼ੱਕੀ ਦੇਸੀ ਪਲਟਣਾਂ ਨੂੰ ਹਥਿਆਰ ਰਹਿਤ ਕਰ ਦਿੱਤਾ ਗਿਆ ਸੀ। ਇਸ ਲਈ ਫੌਜੀਆਂ ਨੇ ਬਗਾਵਤ ਕਰਨ ਤੋਂ ਇਨਕਾਰ ਕਰ ਦਿੱਤਾ। ਟੁੱਟੇ ਦਿਲ ਨਾਲ ਬੜੀ ਮੁਸ਼ਕਲ ਬਚ ਕੇ ਸਰਾਭਾ ਰਾਸ ਬਿਹਾਰੀ ਬੋਸ ਕੋਲ ਲਾਹੌਰ ਪਹੁੰਚਿਆ। ਇਸ ਦੁੱਖ ਦਾ ਮਾਰਿਆ ਉਹ ਕਈ ਦਿਨ ਮੰਜੇ ਤੋਂ ਨਾ ਉੱਠ ਸਕਿਆ। ਜਿਹੜੇ ਗਦਰੀ ਗ੍ਰਿਫਤਾਰੀ ਤੋਂ ਬਚ ਗਏ, ਉਨ੍ਹਾਂ ਨੂੰ ਹੁਕਮ ਹੋਇਆ ਕਿ ਉਹ ਦੇਸ਼ ਛੱਡ ਦੇਣ। ਸਰਾਭਾ, ਜਗਤ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਅਫਗਾਨਿਸਤਾਨ ਨੂੰ ਚੱਲ ਪਏ। ਪਰ ਰਸਤੇ ਵਿਚ ਸਰਾਭੇ ਦਾ ਮਨ ਬਦਲ ਗਿਆ। ਸਾਥੀਆਂ ਨੂੰ ਜੇਲ੍ਹਾਂ ਵਿਚ ਸੜਨ ਲਈ ਛੱਡ ਕੇ ਭੱਜਣ ਨੂੰ ਉਸ ਦਾ ਮਨ ਨਾ ਮੰਨਿਆਂ ਤੇ ਉਹ ਵਾਪਸ ਮੁੜ ਆਇਆ। 2 ਮਾਰਚ, 1915 ਨੂੰ ਸਾਥੀਆਂ ਸਮੇਤ ਗਦਰ ਦਾ ਪ੍ਰਚਾਰ ਕਰਨ ਲਈ ਉਹ ਸਰਗੋਧਾ ਛਾਉਣੀ ਪਹੁੰਚ ਗਿਆ। ਰਸਾਲਦਾਰ ਗੰਡਾ ਸਿੰਘ ਦੀ ਮੁਖਬਰੀ 'ਤੇ ਸਰਾਭਾ, ਜਗਤ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਗ੍ਰਿਫਤਾਰ ਕਰ ਲਏ ਗਏ।

ਜਦੋਂ ਮੁਕੱਦਮਾ ਚੱਲਿਆ ਤਾਂ ਜੱਜ ਉਸ ਦੀ ਵਿਦਵਤਾ ਤੋਂ ਬਹੁਤ ਪ੍ਰਭਾਵਿਤ ਹੋਇਆ। 13 ਸਤੰਬਰ, 1915 ਨੂੰ ਸੈਂਟਰਲ ਜੇਲ੍ਹ ਲਾਹੌਰ ਵਿਖੇ ਲੱਗੀ ਸਪੈਸ਼ਲ ਅਦਾਲਤ ਨੇ ਲਾਹੌਰ ਸਾਜਿਸ਼ ਕੇਸ ਵਿਚ 63 ਗਦਰੀਆਂ ਦਾ ਫੈਸਲਾ ਸੁਣਾਇਆ। ਸਰਾਭਾ ਸਾਰੇ ਗਦਰੀਆਂ ਨਾਲੋਂ ਛੋਟੀ ਉਮਰ ਦਾ ਸੀ। ਉਸ ਸਮੇਤ 24 ਗਦਰੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਜੱਜ ਨੇ ਆਪਣੇ ਫੈਸਲੇ ਵਿਚ ਲਿਖਿਆ, "ਸਾਰੇ ਗਦਰੀਆਂ ਵਿਚ ਕਰਤਾਰ ਸਿੰਘ ਸਰਾਭਾ ਸਭ ਤੋਂ ਜ਼ਿਆਦਾ ਖਤਰਨਾਕ ਹੈ। ਇਸ ਨੂੰ ਆਪਣੇ ਕੀਤੇ ਕੰਮਾਂ 'ਤੇ ਸਭ ਨਾਲੋਂ ਜ਼ਿਆਦਾ ਮਾਣ ਹੈ। ਇਸ 'ਤੇ ਕਿਸੇ ਵੀ ਤਰ੍ਹਾਂ ਦਾ ਕੋਈ ਰਹਿਮ ਨਾ ਕੀਤਾ ਜਾਵੇ। ਅਮਰੀਕਾ ਤੋਂ ਲੈ ਕੇ ਭਾਰਤ ਤੱਕ ਸਾਜ਼ਿਸ਼ ਦਾ ਕੋਈ ਅਜਿਹਾ ਭਾਗ ਨਹੀਂ, ਜਿਸ ਵਿਚ ਇਸ ਨੇ ਹਿੱਸਾ ਨਾ ਲਿਆ ਹੋਵੇ।" ਮੁਕੱਦਮੇ ਦੌਰਾਨ ਕਰਤਾਰ ਸਿੰਘ ਸਰਾਭਾ ਨੇ ਆਪਣੇ ਬਿਆਨ ਵਿਚ ਗਦਰ ਦੀ ਯੋਜਨਾ ਦੇ ਹਰ ਪਹਿਲੂ 'ਤੇ ਚਾਨਣਾ ਪਾਇਆ ਅਤੇ ਆਪਣੀ ਸ਼ਮੂਲੀਅਤ ਬਾਰੇ ਖੁਦ ਇਕਬਾਲ ਕੀਤਾ। ਉਸ ਨੇ ਜੱਜ ਦੇ ਪੁੱਛਣ 'ਤੇ ਕਿ ਕੀ ਉਹ ਜਾਣਦਾ ਹੈ ਕਿ ਇਸ ਇਕਬਾਲੀਆ ਬਿਆਨ ਦਾ ਫੈਸਲੇ 'ਤੇ ਕੀ ਅਸਰ ਹੋਵੇਗਾ? ਕਰਤਾਰ ਸਿੰਘ ਨੇ ਹੱਸ ਕੇ ਕਿਹਾ, "ਤੁਸੀਂ ਮੈਨੂੰ ਵੱਧ ਤੋਂ ਵੱਧ ਫਾਂਸੀ ਲਗਾ ਸਕਦੇ ਹੋ। ਜਿੰਨੀ ਜਲਦੀ ਮੈਨੂੰ ਫਾਂਸੀ ਲੱਗੇਗੀ, ਉਨੀਂ ਜਲਦੀ ਮੈਂ ਦੁਬਾਰਾ ਜਨਮ ਲੈ ਕੇ ਦੇਸ਼ ਦੀ ਸੇਵਾ ਲਈ ਵਾਪਸ ਆਵਾਂਗਾ।" 16 ਨਵੰਬਰ, 1915 ਨੂੰ 19 ਸਾਲ ਦੀ ਛੋਟੀ ਜਿਹੀ ਉਮਰ ਵਿਚ ਉਸ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ 'ਤੇ ਲਟਕਾ ਦਿੱਤਾ ਗਿਆ।

ਉਹ ਬਹੁਤ ਵਧੀਆ ਲਿਖਾਰੀ ਸੀ। ਉਸ ਨੇ ਗਦਰ ਦਾ ਪ੍ਰਚਾਰ ਕਰਨ ਲਈ ਸੈਂਕੜੇ ਲੇਖ ਲਿਖੇ। ਇਹ ਵਿਸ਼ਵ ਪ੍ਰਸਿੱਧ ਕ੍ਰਾਂਤੀਕਾਰੀ ਗੀਤ ਉਸ ਦਾ ਹੀ ਲਿਖਿਆ ਹੋਇਆ ਹੈ,

"ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ, ਜਿਨ੍ਹਾਂ ਦੇਸ਼ ਦੀ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ"

ਇਹ ਗੀਤ ਕ੍ਰਾਂਤੀਕਾਰੀਆਂ ਲਈ ਕੁਰਬਾਨੀ ਅਤੇ ਦੇਸ਼ ਭਗਤੀ ਦਾ ਰਾਹ ਦਸੇਰਾ ਬਣ ਗਿਆ ਸੀ। ਨਾਨਕ ਸਿੰਘ ਨੇ ਸਰਾਭਾ ਦੀ ਜ਼ਿੰਦਗੀ 'ਤੇ ਨਾਵਲ 'ਇੱਕ ਮਿਆਨ ਦੋ ਤਲਵਾਰਾਂ' ਲਿਖਿਆ ਹੈ। ਪਿੰਡ ਸਰਾਭੇ ਵਿਚ ਸ਼ਹੀਦ ਦਾ ਜੱਦੀ ਘਰ ਅਜੇ ਵੀ ਮੌਜੂਦ ਹੈ। ਪਰਿਵਾਰ ਵੱਲੋਂ ਇਸ ਮਕਾਨ ਨੂੰ ਕੌਮੀ ਸਮਾਰਕ ਦਾ ਦਰਜ਼ਾ ਦਵਾਉਣ ਲਈ ਸੰਘਰਸ਼ ਕੀਤਾ ਜਾ ਰਿਹਾ ਹੈ। ਸ਼ਹੀਦ ਦੀ ਯਾਦ ਵਿਚ ਪਿੰਡ ਵਿਖੇ ਦੋ ਏਕੜ ਜਗ੍ਹਾ ਵਿਚ ਉਸ ਦਾ ਸ਼ਾਨਦਾਰ ਬੁੱਤ, ਆਧੁਨਿਕ ਲਾਇਬ੍ਰੇਰੀ ਅਤੇ ਪਾਰਕ ਬਣਿਆ ਹੋਇਆ ਹੈ।



ਜਸਵਿੰਦਰ ਸਿੰਘ
"ਰੁਪਾਲ"
98147-15796
ਪੰਜਾਬ ਮੇਲ USA



# ਦਿਲ ਅਤੇ ਜਜ਼ਬਾਤ ਮਰਦ ਵੀ ਰੱਖਦਾ ਹੈ...

## ਅੰਤਰਰਾਸ਼ਟਰੀ ਮਰਦ ਦਿਵਸ 19 ਨਵੰਬਰ 'ਤੇ ਵਿਸ਼ੇਸ਼



ਪ੍ਰਮਾਤਮਾ ਨੇ ਮਰਦ ਅਤੇ ਔਰਤ ਸਾਜ ਕੇ ਸ੍ਰਿਸ਼ਟੀ ਦਾ ਮੁੱਢ ਬੰਨ੍ਹਿਆ ਸੀ। ਇਨ੍ਹਾਂ ਦੋਵਾਂ ਨੇ ਮਿਲ-ਜੁਲ ਕੇ ਰਹਿਣਾ ਸੀ, ਕੁਦਰਤੀ ਸਾਧਨਾਂ ਦੀ ਵਰਤੋਂ ਕਰਨੀ ਸੀ ਅਤੇ ਪੂਰੀ ਸਮਰੱਥਾ ਵਰਤਦੇ ਹੋਏ ਆਪਣਾ ਅਤੇ ਸਮਾਜ ਦਾ ਵਿਕਾਸ ਕਰਨਾ ਸੀ। ਪਹਿਲਾਂ ਮਰਦ ਨੇ ਔਖੇ ਕੰਮ ਕੀਤੇ, ਆਰਥਿਕਤਾ ਦਾ ਮੋਢੀ ਰਿਹਾ ਅਤੇ ਕਾਫੀ ਪੱਖ ਤੋਂ ਇਸਤਰੀ ਨੂੰ ਦਬਾ ਕੇ ਰੱਖਿਆ। ਜਾਗ੍ਰਤੀ ਆਈ, ਸਿੱਖਿਆ ਪ੍ਰਾਪਤੀ ਅਤੇ ਆਰਥਿਕਤਾ ਵਿਚ ਆਪਣੇ ਪੈਰਾਂ 'ਤੇ ਹੋ ਕੇ ਔਰਤ ਨੇ ਮਰਦ ਦੀ ਸਮਾਨਤਾ ਹਾਸਲ ਕਰਨ ਲਈ ਸੰਘਰਸ਼ ਨਿੱਜੀ ਰੂਪ ਵਿਚ ਵੀ ਅਤੇ ਸੰਸਥਾਗਤ ਰੂਪ ਵਿਚ ਵੀ ਕੀਤਾ। ਅਜੋਕੇ ਹਾਲਾਤ ਵੱਲ ਝਾਤੀ ਮਾਰੀਏ, ਤਾਂ ਅਜੇ ਵੀ ਪੱਖਪਾਤ ਜਾਰੀ ਹੈ, ਕਿਤੇ ਓਹੀ ਰੂੜ੍ਹੀਵਾਦੀ ਸੋਚ ਅਨੁਸਾਰ ਅਤੇ ਕਿਤੇ ਔਰਤ ਨੇ ਉਲਟਾ ਮਰਦ 'ਤੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ (ਹੈਰਾਨੀ ਵਾਲੀ ਗੱਲ ਲੱਗਦੀ ਹੈ ਨਾ ?) ...ਅੱਜ ਅਸੀਂ ਮਰਦਾਂ ਤੇ ਕੇਂਦਰਿਤ ਰਹਾਂਗੇ ਕਿਉਂਕਿ ਅੱਜ ਮਰਦਾਂ ਦਾ ਦਿਨ ਹੈ ਅਤੇ ਇਸ ਜਾਤੀ ਬਾਰੇ ਗੱਲ ਕਰਾਂਗੇ।

ਹਰ ਸਾਲ 19 ਨਵੰਬਰ ਦਾ ਦਿਨ ਅੰਤਰਰਾਸ਼ਟਰੀ ਮਰਦ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਸਭ ਤੋਂ ਪਹਿਲਾਂ ਇਹ ਟ੍ਰਿਨੀਡਾਡ ਅਤੇ ਟੋਬੈਗੋ ਵਿਚ 1990 ਵਿਚ ਮਨਾਉਣਾ ਸ਼ੁਰੂ ਹੋਇਆ ਸੀ। ਇਸ ਨੂੰ ਆਸਟ੍ਰੇਲੀਆ, ਕੈਰੇਬੀਅਨ, ਉੱਤਰੀ ਅਮਰੀਕਾ, ਏਸ਼ੀਆ, ਯੂਰਪ ਅਤੇ ਅਫਰੀਕਾ ਵਿਚ ਵੱਖ-ਵੱਖ ਵਿਅਕਤੀਆਂ ਅਤੇ ਸੰਸਥਾਵਾਂ ਵੱਲੋਂ ਹੁੰਗਾਰਾ ਮਿਲਿਆ। ਯੂਨੈਸਕੋ ਵੱਲੋਂ ਬੋਲਦਿਆਂ ਉਸ ਸਮੇਂ ਦੀ ਔਰਤਾਂ ਅਤੇ ਸ਼ਾਂਤੀ-ਸੱਭਿਆਚਾਰ ਦੀ ਡਾਇਰੈਕਟਰ ਇੰਗੀਬੋਰਗ ਬਰੀਨਜ਼ ਨੇ ਅੰਤਰਰਾਸ਼ਟਰੀ ਮਰਦ ਦਿਵਸ ਬਾਰੇ ਕਿਹਾ, "ਇਹ ਇੱਕ ਬਹੁਤ ਹੀ ਖ਼ੂਬਸੂਰਤ ਵਿਚਾਰ ਹੈ। ਇਸ ਨਾਲ ਲਿੰਗ-ਸੰਤੁਲਨ ਪੈਦਾ ਹੋਵੇਗਾ। ਉਸ ਨੇ ਅੱਗੇ ਕਿਹਾ ਕਿ ਯੂਨੈਸਕੋ ਇਸ ਦੇ ਪ੍ਰਬੰਧਕਾਂ ਨੂੰ ਪੂਰਨ ਸਹਿਯੋਗ ਦੇਵੇਗਾ।

ਅੰਤਰਰਾਸ਼ਟਰੀ ਮਰਦ ਦਿਵਸ ਮਨਾਉਣ ਦੇ ਉਦੇਸ਼ :-

ਅੰਤਰਰਾਸ਼ਟਰੀ ਮਰਦ ਦਿਵਸ ਦੇ ਬਾਨੀ ਸੰਸਥਾਪਕ ਡਾ. ਜੀਰੋਮ ਟੀਲੌਕ ਸਿੰਘ ਅਨੁਸਾਰ ਇਸ ਦੇ ਉਦੇਸ਼ ਹਨ-

ਆਦਮੀਆਂ ਦੀ ਜੀਵਨ-ਆਸ਼ਾ ਵਿਚ ਸੁਧਾਰ ਕਰਨਾ।

ਮਰਦਾਂ ਨੂੰ ਸਹਾਇਤਾ ਪ੍ਰਦਾਨ ਕਰਨਾ।

ਲੜਕਿਆਂ ਦੀ ਸਿੱਖਿਆ ਵਿਚ ਸੁਧਾਰ ਕਰਨਾ।

ਮਰਦਾਂ ਅਤੇ ਲੜਕਿਆਂ ਪ੍ਰਤੀ ਹਿੰਸਾ ਵਿਰੁੱਧ ਸਹਿਣਸ਼ੀਲਤਾ ਦੀ ਗੱਲ ਕਰਨੀ।

ਪਿਤਾ ਦੇ ਅਤੇ ਮਰਦ ਦੇ ਉਸਾਰੂ ਰੋਲ ਦੀ ਸ਼ਲਾਘਾ ਕਰਨੀ।

ਆਸਟਰੇਲੀਆ ਤੋਂ ਵਾਰਵਿਕ ਮਾਰਸ਼ ਅਤੇ ਇੰਟਰਨੈਸ਼ਨਲ ਮੈਨਜ ਡੇ ਵੈਬਸਾਈਟ ਦੇ ਸੰਚਾਲਕ ਅਨੁਸਾਰ ਵੀ ਮਰਦਾਂ ਅਤੇ ਲੜਕਿਆਂ ਦੀ ਸਿਹਤ ਤੇ ਕੇਂਦਰਿਤ ਹੋਣਾ, ਲਿੰਗ-ਸਮਾਨਤਾ ਵਿੱਚ ਸੁਧਾਰ ਲਿਆਉਣਾ,ਮਰਦਾਂ ਅਤੇ ਲੜਕਿਆਂ ਵਿਰੁੱਧ ਹੋ ਰਹੀ ਵਿਤਕਰੇਬਾਜੀ ਨੂੰ ਪ੍ਰਗਟ ਕਰਨ ਦਾ ਇੱਕ ਮੌਕਾ ਦੇਣਾ,ਮਰਦਾਂ ਦੀਆਂ ਪ੍ਰਾਪਤੀਆਂ ਖਾਸ ਕਰਕੇ ਆਪਣੇ ਵਰਗ, ਪਰਿਵਾਰ, ਵਿਆਹ ਅਤੇ ਬੱਚਿਆਂ ਦੀ ਸੰਭਾਲ ਵਿੱਚ ਉਹਨਾਂ ਦੇ ਯੋਗਦਾਨ ਦੀ ਸ਼ਲਾਘਾ ਕਰਨੀ ਅਤੇ ਵਿਸਾਲ ਅਰਥਾਂ ਵਿੱਚ ਮਨੁੱਖਤਾ ਦੀਆਂ ਕਦਰਾਂ-ਕੀਮਤਾਂ ਉਤਸਾਹਿਤ ਕਰਨੀਆਂ ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮੰਤਵ ਕਿਹਾ ਜਾ ਸਕਦਾ ਹੈ।

ਅੰਤਰਰਾਸ਼ਟਰੀ ਮਰਦ ਦਿਵਸ ਦੇ ਵਿਸ਼ਾਲ ਉਦੇਸ਼ਾਂ ਦੇ ਹੇਠ ਲਿਖੇ 6 ਸਤੰਭ ਹਨ, ਜਿਹਨਾਂ ਤੇ ਇਸ ਦਿਨ ਦੀ ਮਹੱਤਤਾ ਟਿਕੀ ਹੋਈ ਹੈ।

1. ਮਰਦਾਂ ਦੇ ਸਕਾਰਾਤਮਕ ਰੋਲ ਨੂੰ ਉਤਸ਼ਾਹਿਤ ਕਰਨਾ। ਸਿਰਫ ਮੂਵੀ ਸਟਾਰ ਅਤੇ ਖਿਡਾਰੀ ਹੀ ਨਹੀਂ, ਸਗੋਂ ਹਰ ਰੋਜ ਮਿਹਕਤਕਸ਼ ਮਰਦ ਜਿਹੜੇ ਇਮਾਨਦਾਰੀ ਨਾਲ ਅਤੇ ਹੱਕ ਸੱਚ ਨਾਲ ਆਪਣੀ ਜ਼ਿੰਦਗੀ ਜਿਉ ਰਹੇ ਹਨ।
2. ਮਰਦਾਂ ਦੀ ਸਮਾਜ, ਕਮਿਊਨਿਟੀ, ਪਰਿਵਾਰ, ਬੱਚਿਆਂ ਦੀ ਸੰਭਾਲ ਅਤੇ ਵਾਤਾਵਰਣ ਸੰਭਾਲ ਵਿਚ ਸਕਾਰਾਤਮਕ ਦੇਣ ਨੂੰ ਮਨਾਉਣਾ ।
3. ਮਰਦਾਂ ਦੀ ਸਿਹਤ ਅਤੇ ਖੁਸ਼ ਰਹਿਣ 'ਤੇ ਕੇਂਦਰਿਤ ਹੋਣਾ - ਸਮਾਜਿਕ, ਭਾਵਨਾਤਮਕ, ਸਰੀਰਕ ਅਤੇ ਅਧਿਆਤਮਕ ਤੌਰ 'ਤੇ।
4. ਸਮਾਜਿਕ ਸੇਵਾਵਾਂ, ਸਮਾਜਿਕ ਦ੍ਰਿਸ਼ਟੀਕੋਣ ਅਤੇ ਆਸ਼ਾਵਾਂ ਦੇ ਖੇਤਰ ਵਿਚ ਮਰਦਾਂ ਵਿਰੁੱਧ ਪੱਖਪਾਤ ਨੂੰ ਜ਼ਾਹਰ ਕਰਨਾ।
5. ਲਿੰਗਕ ਸੰਬੰਧਾਂ ਵਿਚ ਸੁਧਾਰ ਕਰਨਾ ਅਤੇ ਲਿੰਗਕ-ਸਮਾਨਤਾ ਨੂੰ ਉਤਸ਼ਾਹਿਤ ਕਰਨਾ।
6. ਇੱਕ ਸੁਰੱਖਿਅਤ ਅਤੇ ਹੋਰ ਚੰਗੇਰੇ ਸੰਸਾਰ ਦੀ ਸਿਰਜਣਾ ਕਰਨੀ ਜਿੱਥੇ ਲੋਕ ਸੁਰੱਖਿਅਤ ਹੋਣ ਅਤੇ ਆਪਣੀ ਵੱਧ ਤੋਂ ਵੱਧ ਸਮਰੱਥਾ ਅਨੁਸਾਰ ਜੀਵਨ ਜਿਊਣ।

ਮਰਦ ਦਿਵਸ ਅੱਜ 80 ਤੋਂ ਵੀ ਵੱਧ ਦੇਸ਼ਾਂ ਵਿਚ ਮਨਾਇਆ ਜਾਂਦਾ ਹੈ, ਜਿਸ ਵਿਚ ਆਸਟ੍ਰੇਲੀਆ, ਭਾਰਤ, ਪਾਕਿਸਤਾਨ, ਚੀਨ, ਅਮਰੀਕਾ, ਰੋਮਾਨੀਆ, ਸਿੰਘਾਪੁਰ, ਯੂ.ਕੇ., ਅਫਰੀਕਾ, ਡੈਨਮਾਰਕ, ਕੈਨੇਡਾ, ਫਰਾਂਸ ਅਤੇ ਇਟਲੀ ਆਦਿ ਸ਼ਾਮਲ ਹਨ। ਪਹਿਲਾਂ 1960 ਵਿਚ ਇਹ ਦਿਵਸ 23 ਫਰਵਰੀ ਨੂੰ ਮਨਾਉਣ ਦਾ ਸੱਦਾ ਦਿੱਤਾ ਗਿਆ ਸੀ। ਫਿਰ 1968 ਵਿਚ ਅਮਰੀਕੀ ਪੱਤਰਕਾਰ ਜੌਹਨ ਪੀ.ਹੈਰਿਸ ਨੇ ਸਾਲਾਨਾ ਜਨਰਲ ਵਿਚ ਸੰਪਾਦਕੀ ਲਿਖੀ ਅਤੇ ਸੋਵੀਅਤ ਵੱਲੋਂ ਮਰਦ ਦਿਵਸ ਸ਼ੁਰੂ ਕੀਤੇ ਜਾਣ ਤੋਂ ਬਿਨਾਂ ਹੀ ਅੰਤਰਰਾਸ਼ਟਰੀ ਮਹਿਲਾ ਦਿਵਸ ਸ਼ੁਰੂ ਕੀਤੇ ਜਾਣ ਦੀ ਵਿਰੋਧਤਾ ਕੀਤੀ। ਉਸ ਅਨੁਸਾਰ ਲਿੰਗ ਸਮਾਨਤਾ ਜ਼ਰੂਰੀ ਹੈ। ਉਦੋਂ ਤੋਂ ਇਸ ਨੂੰ ਮਨਾਉਣ ਲਈ 19 ਨਵੰਬਰ ਦਾ ਦਿਨ ਨਿਸ਼ਚਿਤ ਹੋਇਆ।

ਅੰਤਰਰਾਸ਼ਟਰੀ ਮਰਦ ਦਿਵਸ ਦਾ ਥੀਮ:- ਹਰ ਸਾਲ ਇਸ ਦਿਨ ਇੱਕ ਵਿਸ਼ਾ ਜਾਂ ਥੀਮ ਰੱਖਿਆ ਜਾਂਦਾ ਹੈ ਅਤੇ ਬਾਕੀ ਸਾਰਾ ਸਾਲ ਉਸ ਵਿਸ਼ੇ ਨਾਲ ਸੰਬੰਧਤ ਕਿਰਿਆਵਾਂ ਕਰਵਾਈਆਂ ਜਾਂਦੀਆਂ ਹਨ।

ਸਾਲ 2024 ਦਾ ਥੀਮ ਸੀ ਮਰਦਾਂ ਅਤੇ ਲੜਕਿਆਂ ਦੀ ਸਿਹਤ॥

ਇੰਟਰਨੈਸ਼ਨਲ ਮੈਨਸ ਡੇ 2025 ਦਾ ਅਧਿਕਾਰਕ ਵਿਸ਼ਾ "ਮਰਦਾਂ ਅਤੇ ਲੜਕਿਆਂ ਨੂੰ ਸਹਿਯੋਗ ਦੇਣਾ" "Supporting Men and Boys" ਹੈ। ਇਹ ਵਿਸ਼ਾ ਮਰਦਾਂ ਅਤੇ ਮੁੰਡਿਆਂ ਦੇ ਸਕਾਰਾਤਮਕ ਪ੍ਰਭਾਵ ਨੂੰ ਪ੍ਰਮੋਟ ਕਰਨ ਦੇ ਨਾਲ-ਨਾਲ ਉਨ੍ਹਾਂ ਦੀ ਸਿਹਤ, ਮਨੋਵਿਗਿਆਨਿਕ ਅਤੇ ਭਾਵਨਾਤਮਕ ਮੁੱਦੇ ਹੱਲ ਕਰਨ, ਦੂਸ਼ਣਬਾਜ਼ੀ ਨੂੰ ਖਤਮ ਕਰਨ ਅਤੇ ਖੁੱਲ੍ਹਕੇ ਗੱਲਬਾਤ ਕਰਨ ਦੀ ਜ਼ਰੂਰਤ ਉਤੇ ਜ਼ੋਰ ਦਿੰਦਾ ਹੈ।

ਮੁੱਖ ਅੰਸ਼ ਸਿਹਤ ਤੇ ਧਿਆਨ: ਮਰਦਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਦੀ ਸਮਝਦਾਰੀ ਵਧਾਉਣ ਅਤੇ ਪ੍ਰਾਥਮਿਕਤਾ ਦੇਣ ਦੀ ਅਹਿਮੀਅਤ।

ਸਕਾਰਾਤਮਕ ਪ੍ਰਭਾਵ: ਪਰਿਵਾਰ, ਸਮਾਜ ਅਤੇ ਕਮਿਊਨਿਟੀ ਉੱਤੇ ਮਰਦਾਂ ਅਤੇ ਮੁੰਡਿਆਂ ਦੀ ਚੰਗੀ ਪ੍ਰਭਾਵਤਾ ਨੂੰ ਮਨਾਇਆ ਜਾਣਾ, ਮਰਦਾਂ 'ਤੇ ਲੱਗੀ ਦੂਸ਼ਣਬਾਜ਼ੀ ਮਿਟਾਉਣਾ, ਮਰਦਾਂ ਦੀ ਸਿਹਤ ਅਤੇ ਸਾਂਭ-ਸੰਭਾਲ ਨਾਲ ਜੁੜੇ ਰੂਪ-ਰਿਵਾਜ਼ਾਂ, ਲਿੰਗ-ਭੇਦ ਨੂੰ ਦੂਰ ਕਰਨ ਲਈ ਖੋਲ੍ਹੇ ਹੋਏ ਵਾਕ-ਵਾਦ ਅਤੇ ਸਮਾਜਿਕ ਸੰਵਾਦਾਂ ਦੀ ਪ੍ਰਵੇਸ਼ਤਾ ਵਧਾਈ ਜਾਵੇ।

ਖੁੱਲ੍ਹੀ ਗੱਲਬਾਤ: ਮਨ, ਦਿਲ, ਜ਼ਿੰਦਗੀ ਅਤੇ ਭਾਵਨਾਵਾਂ ਬਾਰੇ ਖੁੱਲ੍ਹੇ ਅਤੇ ਸਹਾਇਤਾਪੂਰਵਕ ਸੰਵਾਦਾਂ ਨੂੰ ਉਤਸ਼ਾਹਿਤ ਕੀਤਾ ਜਾਵੇ। ਉਪਰੋਕਤ ਵਿਚਾਰਾਂ ਨੂੰ ਵਰਤਦੇ ਹੋਏ ਤੁਹਾਡੇ ਲਾਇਫ-ਪ੍ਰਸੰਗਾਂ ਲਈ ਇਸ ਤਰ੍ਹਾਂ ਦੇ ਉਪਯੋਗੀ ਕਦਮ ਲਏ ਜਾ ਸਕਦੇ ਹਨ: ਮੈਨਸ ਡੇ ਲਈ ਸਿੱਧੇ ਅਕੈਡਮਿਕ/ਸਮਾਜਿਕ ਕਤਾਰੇ ਲਿਖੋ, ਜਿਨ੍ਹਾਂ ਵਿਚ ਮਰਦਾਂ ਦੀ ਸਿਹਤ ਸਿਸਟਮ, ਮਾਨਸਿਕ ਸਿਹਤ ਅਤੇ ਭਾਵਨਾਤਮਕ ਭਲਾਈ ਦਿੱਖੇ ਸਿੱਖਿਆਕ ਅਤੇ ਕਮਿਊਨਿਟੀ ਕਾਰਜਕ੍ਰਮਾਂ ਦੀ ਰਾਹਦਰੀ ਰਚਨਾ ਕਰੋ, ਜੋ ਸਟੀਗਮਾ ਤੋੜਨ ਅਤੇ ਖੁੱਲ੍ਹੇ ਦਿਲ ਨਾਲ ਗੱਲ-ਬਾਤ ਦੀ ਸ਼ੁਰੂਆਤ ਕਰੇ। ਸਾਧਾਰਨ, ਸਵੀਕਾਰਿਤ, ਰੂਪਾਂਤਰ ਅਤੇ ਤਸਵੀਰੀ ਉਤਪਾਦ ਜਿਵੇਂ ਲੇਖ, ਸੋਸ਼ਲ ਮੀਡੀਆ ਪੋਸਟਾਂ ਅਤੇ ਪਾਡਕਾਸਟ ਸੰਗ੍ਰਹਿਣ ਕੀਤੇ ਜਾਣ।

ਸੰਸਾਰ ਸਿਹਤ ਸੰਸਥਾ ਦੇ ਅੰਕੜਿਆਂ ਅਨੁਸਾਰ ਸਾਰੇ ਸੰਸਾਰ ਵਿਚ ਮਰਦ ਹਿੰਸਾ ਵਿਚ ਵੱਧ ਮਰਦੇ ਹਨ ਅਤੇ ਜ਼ਖਮੀ ਹੁੰਦੇ ਹਨ। ਇਸੇ ਤਰ੍ਹਾਂ ਐਕਸੀਡੈਂਟ ਮਰਦਾਂ ਦੇ ਵੱਧ ਹੁੰਦੇ ਹਨ ਅਤੇ ਬਹੁਤ ਸਾਰੇ ਜ਼ੋਖਮ ਵਾਲੇ ਕੰਮ ਮਰਦਾਂ ਦੁਆਰਾ ਕੀਤੇ ਜਾਣ ਕਰਕੇ ਮਰਦ ਬਹੁਤ ਸਾਰੀਆਂ ਖਾਸ ਬੀਮਾਰੀਆਂ ਦੇ ਸ਼ਿਕਾਰ ਹੁੰਦੇ ਹਨ।

ਇੱਕ ਝਲਕ ਅੰਕੜਿਆਂ ਵੱਲ ਵੀ ਮਾਰ ਲਈਏ:—

ਬਿਨਾਂ ਛੱਤ ਤੋਂ ਬਾਹਰ ਖੁੱਲ੍ਹੇ ਵਿਚ ਸੌਣ ਵਾਲਿਆਂ ਵਿਚੋਂ 87% ਮਰਦ ਸਨ।

ਲਾਪਤਾ ਲੋਕਾਂ ਵਿਚੋਂ 73% ਮਰਦ ਸਨ।

ਆਤਮ-ਹੱਤਿਆ ਕਰਨ ਵਾਲਿਆਂ ਵਿਚੋਂ 76% ਮਰਦ ਸਨ।

8.7% ਮਰਦ ਅਲਕੋਹਲ 'ਤੇ ਨਿਰਭਰ ਕਰਦੇ ਸਨ।

ਮਾਨਸਿਕ ਸਿਹਤ ਸਮੱਸਿਆਵਾਂ ਵਾਲੇ 22% ਮਰਦ ਸਨ।

ਹੁਣੇ-ਹੁਣੇ ਹੋਈਆਂ ਤਾਜ਼ਾ ਖੋਜਾਂ ਤੋਂ ਸਾਹਮਣੇ ਆਇਆ ਹੈ ਕਿ:-

ਮਰਦਾਂ ਦੀ ਔਰਤਾਂ ਦੇ ਮੁਕਾਬਲੇ ਖੁਦਕੁਸ਼ੀ-ਦਰ ਤਿੰਨ ਗੁਣਾ ਜ਼ਿਆਦਾ ਹੈ। ਹਰ ਤਿੰਨ ਪਿੱਛੇ ਇੱਕ ਮਰਦ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦਾ ਹੈ।

ਮਰਦ, ਔਸਤਨ ਔਰਤਾਂ ਨਾਲੋਂ 4-5 ਸਾਲ ਪਹਿਲਾਂ ਮਰ ਜਾਂਦੇ ਹਨ। ਮਰਦਾਂ ਨੂੰ ਫੇਫੜਿਆਂ ਦਾ ਕੈਂਸਰ ਔਰਤਾਂ ਦੇ ਮੁਕਾਬਲੇ ਦੁੱਗਣਾ ਹੁੰਦਾ ਹੈ।

ਦਿਲ ਦੀਆਂ ਬੀਮਾਰੀਆਂ ਮਰਦਾਂ ਨੂੰ ਔਰਤਾਂ ਦੇ ਮੁਕਾਬਲੇ ਦੁੱਗਣੀਆਂ ਹਨ।

ਇਸ ਲਈ ਇਸ ਦਿਵਸ 'ਤੇ ਅਜਿਹੀਆਂ ਸਾਰੀਆਂ ਸਮੱਸਿਆਵਾਂ ਨੂੰ ਵਿਚਾਰਿਆ ਜਾਂਦਾ ਹੈ ਅਤੇ ਹੱਲ ਲੱਭ ਕੇ ਸਾਰਾ ਸਾਲ ਕਾਰਵਾਈਆਂ ਚੱਲਦੀਆਂ ਹਨ।

ਇਸ ਦਾ ਗਲੋਬਲ ਹੈੱਡਕੁਆਰਟਰ ਯੂ.ਕੇ. ਵਿਚ ਹੈ ਅਤੇ ਏਸ਼ੀਆ ਦੇ ਦਫਤਰ ਭਾਰਤ ਅਤੇ ਫਿਲੀਪਾਈਨਜ਼ ਵਿਚ ਹਨ। ਇਸ ਦਿਨ ਲਈ ਇਹ ਕਿਰਿਆਵਾਂ ਆਉਂਦੀਆਂ ਹਨ:-

ਦਿਵਸ ਨਾਲ ਸੰਬੰਧਤ ਸਮਾਗਮ ਰਚਾਉਣੇ।

ਅੰਤਰਰਾਸਟਰੀ ਮਰਦ ਦਿਵਸ ਲੋਗੋਜ਼ ਪੋਸਟਰ।

ਪ੍ਰਸ਼ੰਸਾ ਪੱਤਰ ਜਾਰੀ ਕਰਨੇ।

ਭਾਰਤ ਵਿਚ ਮਰਦਾਂ ਦੇ ਅਧਿਕਾਰਾ ਦੀ ਸੰਸਥਾ ਸੇਵ-ਇੰਡੀਅਨ ਫੈਮਿਲੀ ਹੈ, ਜੋ 2007 ਤੋਂ ਕੰਮ ਕਰ ਰਹੀ ਹੈ। ਇੰਟਰਨੈਸ਼ਨਲ ਮੈਨਜ਼ ਡੇ ਮਾਰਫਤ ਡੈਡਜ਼ ਫਾਰ ਕਿਡਜ਼ ਫਾਊਂਡੇਸ਼ਨ ਇਸ ਦੀ ਸੰਚਾਲਕ ਹੈ। ਇਸ ਸਾਲ ਮਰਦਾਂ ਦੀ ਹਰ ਖੇਤਰ ਵਿਚ ਮਦਦ ਕਰਨੀ ਮੁੱਖ ਵਿਸ਼ਾ ਹੈ। ਖਾਸ ਕਰਕੇ ਉਨ੍ਹਾਂ ਖੇਤਰਾਂ ਵਿਚ ਜਿਨ੍ਹਾਂ ਵਿਚ ਔਰਤ ਉਸਤੋਂ ਅੱਗੇ ਹੈ। ਸਾਡੇ ਦੇਸ਼ ਵਿਚ ਜਿਸ ਤਰ੍ਹਾਂ ਮੁੰਡਿਆਂ ਨਾਲੋਂ ਕੁੜੀਆਂ ਅੱਜ ਪੜ੍ਹਾਈ ਵਿਚ ਹੁਸ਼ਿਆਰ ਹਨ, ਕੰਪਿਊਟਰ ਵਿਚ ਤੇਜ਼ ਹਨ, ਸਾਫਟ ਸਕਿੱਲਜ਼ ਵਿਚ ਅੱਗੇ ਹਨ। ਇਨ੍ਹਾਂ ਅਤੇ ਹੋਰ ਅਜਿਹੇ ਖੇਤਰਾਂ ਵਿਚ ਮਰਦਾਂ ਅਤੇ ਲੜਕਿਆਂ ਨੂੰ ਵਧੇਰੇ ਨਿਪੁੰਨ ਕੀਤੇ ਜਾਣ ਦੀ ਲੋੜ ਹੈ। ਉਸ ਦੇ ਮਨ ਵਿਚ ਬੈਠਾ 'ਮਰਦਾਨਗੀ' ਦਾ ਭੂਤ ਕੱਢ ਕੇ ਉਸ ਨੂੰ ਵਧੇਰੇ ਮਿਹਨਤੀ ਅਤੇ ਕੁਸ਼ਲ ਬਣਾਏ ਜਾਣ ਲਈ ਹੋਰ ਯਤਨ ਕੀਤੇ ਜਾਣੇ ਲੋੜੀਂਦੇ ਹਨ। ਉਸ ਨੂੰ "ਸਿਰਫ ਔਰਤਾਂ ਵਾਲੇ ਸਮਝੇ ਜਾਣ ਵਾਲੇ ਕੰਮ" ਜਿਵੇਂ ਖਾਣਾ ਬਣਾਉਣਾ, ਕੱਪੜਿਆਂ ਦਾ ਧੋਣਾ, ਸਫਾਈ ਆਦਿ ਵੀ ਸਿੱਖਾਏ ਜਾਣੇ ਚਾਹੀਦੇ ਹਨ, ਤਾਂ ਕਿ ਹਰ ਖੇਤਰ ਵਿਚ ਮਰਦ-ਔਰਤਾਂ ਸਾਂਝੇ ਤੌਰ 'ਤੇ ਕੰਮ ਕਰ ਸਕਣ। ਉਸ ਨੂੰ ਉੱਚ ਆਚਰਣ ਸਿਖਾਉਣ ਦੀ ਲੋੜ ਹੈ। ਖਾਸ ਕਰਕੇ ਭਾਰਤ ਵਿਚ ਮਰਦ ਅਤੇ ਔਰਤਾਂ ਦੋਵਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਹ ਸਮਾਜ ਵਿਚ ਇੱਕ ਵਧੀਆ ਸਾਥੀ ਅਤੇ ਦੋਸਤ ਵਾਂਗ ਵੀ ਵਿਚਰ ਸਕਦੇ ਹਨ। ਵਿਦੇਸ਼ਾਂ ਵਿਚ ਇਹ ਸਮਾਨਤਾ ਕਾਫੀ ਹੱਦ ਤੱਕ ਹੈ, ਪਰ ਸਾਡੇ ਦੇਸ਼ ਵਿਚ ਇਸ ਪਾਸੇ ਅਜੇ ਬਹੁਤ ਕੁਝ ਕਰਨ ਦੀ ਲੋੜ ਹੈ।

ਮਰਦਾਂ ਦੇ ਵੀ ਜਜ਼ਬਾਤ ਹੁੰਦੇ ਹਨ:- ਹਰ ਸਾਲ ਮਰਦ-ਦਿਵਸ ਨੂੰ ਮਨਾਉਣ ਵਾਲਿਆਂ ਦੀ ਗਿਣਤੀ ਵਧ ਰਹੀ ਹੈ। ਅਸਲ ਵਿਚ ਔਰਤ ਨੂੰ ਮਿਲੇ ਵੱਧ ਅਧਿਕਾਰਾਂ ਦਾ ਫਾਇਦਾ ਲੈਂਦਿਆਂ ਕਈ ਥਾਵਾਂ 'ਤੇ ਮਰਦਾਂ 'ਤੇ ਝੂਠੇ ਕੇਸ ਪਾਉਣ ਜਾਂ ਉਨ੍ਹਾਂ ਦੇ ਸ਼ੋਸ਼ਣ ਦੀਆਂ ਖਬਰਾਂ ਵੀ ਆ ਰਹੀਆਂ ਹਨ। ਮਰਦਾਂ ਦੇ ਜਜ਼ਬਾਤ ਦੀ ਕਿਧਰੇ ਗੱਲ ਨਹੀਂ ਹੋ ਰਹੀ। ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਵੀ ਉਠਾਉਣਾ ਅਤੇ ਹੱਲ ਕਰਨਾ ਸਮੇਂ ਦੀ ਲੋੜ ਹੈ। ਅੱਜ ਸਿਰਫ ਔਰਤ-ਅਧਿਕਾਰਾਂ ਦੀ ਗੱਲ ਹੋ ਰਹੀ ਹੈ। ਉਨ੍ਹਾਂ ਨੂੰ ਸਿਰਫ ਸਮਾਨਤਾ ਹੀ ਨਹੀਂ, ਸਗੋਂ ਵੱਧ ਸਹੂਲਤਾਂ ਅਤੇ ਸਨਮਾਨ ਦਿੱਤਾ ਜਾ ਰਿਹਾ ਹੈ। ਹਰ ਥਾਂ 'ਤੇ ਜੇ ਕਿਧਰੇ ਮਰਦ-ਔਰਤ ਵਿਵਾਦ ਜਾਂ ਤਕਰਾਰ ਹੋਵੇ, ਪਰਿਵਾਰ, ਸਮਾਜ ਅਤੇ ਕਾਨੂੰਨ ਵੀ ਔਰਤ ਦੇ ਹੱਕ ਵਿਚ ਜਾ ਖੜ੍ਹਦਾ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਗੁਣ-ਔਗੁਣ ਕਿਸੇ ਵੀ ਇਨਸਾਨ ਵਿਚ ਬਰਾਬਰ ਹੁੰਦੇ ਹਨ, ਨਾ ਹੀ ਕੋਈ ਇੱਕ ਵਰਗ, ਦੇਵਤਾ ਹੈ ਅਤੇ ਨਾ ਹੀ ਦੂਜਾ ਵਰਗ ਸਿਰਫ ਸ਼ੈਤਾਨ। ਨਾ ਸਾਰੀਆਂ ਔਰਤਾਂ ਸੁਸ਼ੀਲ, ਸਾਊ, ਕੁਰਬਾਨੀ ਵਾਲੀਆਂ ਜਾਂ ਪਿਆਰ ਦੀ ਮੂਰਤ ਹੁੰਦੀਆਂ ਹਨ, ਤੇ ਨਾ ਹੀ ਸਾਰੇ ਮਰਦ ਕਾਮੀ, ਸਵਾਰਥੀ ਜਾਂ ਜ਼ਾਲਮ ਹੁੰਦੇ ਹਨ। ਮਰਦ-ਔਰਤ ਸੰਬੰਧਾਂ 'ਤੇ ਇੱਕ ਵੱਖਰਾ ਲੇਖ ਲਿਖਿਆ ਜਾ ਸਕਦਾ ਹੈ। ਅਸੀਂ ਇੱਥੇ ਸਿਰਫ ਇੰਨਾ ਹੀ ਆਖਾਂਗੇ ਕਿ ਲੋੜ ਸਮਾਨਤਾ ਦੀ ਹੈ। ਜੇ ਔਰਤ 'ਤੇ ਹੁੰਦਾ ਜ਼ੁਲਮ ਗਲਤ ਸੀ, ਤਾਂ ਜ਼ੁਲਮ ਮਰਦ 'ਤੇ ਵੀ ਉਤਨਾ ਹੀ ਗਲਤ ਹੈ। ਸਮਾਜ ਦਾ ਦੁਖਾਂਤ ਇਹ ਹੈ ਕਿ ਮਰਦ ਨੂੰ ਫੋਕੀ 'ਮਰਦਾਨਗੀ' ਦਾ ਲੇਬਲ ਲੱਗਿਆ ਹੋਇਆ ਹੈ। ਉਸ ਨੂੰ ਕਦੇ ਵੀ ਮਨੋਵਿਗਿਆਨਕ ਪੱਖ ਤੋਂ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਇਹ ਧਾਰਨਾ ਪੱਕੀ ਹੀ ਹੈ ਕਿ "ਸਾਰੇ ਮਰਦ ਵਾਸ਼ਨਾ ਵਿਚ ਖਚਿਤ ਹਨ। ਇੱਕ ਪੰਜਾਬੀ ਕਵੀ ਨੇ ਉਸ ਦੀ ਹਾਲਤ ਬਿਆਨ ਕਰਦਿਆਂ ਕਿਹਾ ਹੈ:-

"ਭੈਣ ਕਹਾਂ ਤਾਂ ਦੱਸਣਾ ਪੈਂਦੈ, ਨੀਅਤ ਦਾ ਸਿਰਨਾਵਾਂ"।

ਸਪੱਸ਼ਟ ਹੈ ਕਿ ਉਸ ਦੇ ਔਰਤ ਨੂੰ ਭੈਣ ਕਹਿਣ 'ਤੇ ਵੀ ਸ਼ੱਕ ਕੀਤਾ ਜਾਂਦਾ ਹੈ। ਕੋਈ ਵੀ ਗੁਣ ਜਾਂ ਔਗੁਣ ਕਿਸੇ ਵੀ ਵਰਗ ਲਈ ਰਾਖਵਾਂ ਕਰ ਦੇਣਾ ਠੀਕ ਨਹੀਂ ਹੈ। ਮਰਦ ਆਪਣੀ ਜ਼ਿੰਮੇਵਾਰੀਆਂ ਨਿਭਾਉਂਦਾ ਹੋਇਆ ਕਈ ਵਾਰ ਅੰਦਰੋਂ ਟੁੱਟ ਜਾਦਾ ਹੈ, ਤਾਂ ਉਸਦਾ ਕੋਈ ਦਰਦ ਵੀ ਨਹੀਂ ਵੰਡਾਉਂਦਾ। ਆਪਣੀਆਂ ਅਤੇ ਪਰਿਵਾਰ ਦੀਆਂ ਤਕਲੀਫਾਂ ਨੂੰ ਆਪ ਹੀ ਸਹਿੰਦਾ ਹੈ। ਦੁੱਖ, ਨੁਕਸਾਨ, ਵਿਛੋੜਾ ਆਦਿ ਦਾ ਉਸ 'ਤੇ ਵੀ ਉਸੇ ਤਰ੍ਹਾਂ ਦਾ ਅਸਰ ਪੈਂਦਾ ਹੈ, ਜਿਸ ਤਰ੍ਹਾਂ ਔਰਤ 'ਤੇ। ਉਸ ਦੀ ਖ਼ੂਬੀ (ਜਾਂ ਖਾਮੀ) ਇਹ ਰਹੀ ਹੈ ਕਿ ਉਸ ਨੇ ਆਪਣੇ ਜਜ਼ਬਿਆਂ ਦਾ ਪ੍ਰਗਟਾਵਾ ਖੁੱਲ੍ਹ ਕੇ ਨਹੀਂ ਕੀਤਾ ਅਤੇ ਬਹੁਤ ਸਾਰੀਆਂ ਗੱਲਾਂ ਨੂੰ ਦੂਰ-ਦ੍ਰਿਸ਼ਟੀ ਕਰਕੇ ਮਨ ਅੰਦਰ ਹੀ ਦੱਬ ਲਈਆਂ ਹਨ। ਚੰਦਰਾ ਖੁੱਲ੍ਹ ਕੇ ਰੋਣਾ ਵੀ ਨਹੀਂ ਜਾਣਦਾ। ਠੀਕ ਨਿਕਾਸੀ ਨਾ ਹੋਣ ਕਰਕੇ ਕਦੇ ਨਸ਼ਿਆਂ ਵਿਚ ਪੈਂਦਾ ਹੈ, ਕਦੇ ਹਿੰਸਕ ਹੋ ਜਾਂਦਾ ਹੈ ਅਤੇ ਕਦੇ-ਕਦੇ ਆਤਮ-ਹੱਤਿਆ ਦੀ ਨੌਬਤ ਵੀ ਆ ਜਾਂਦੀ ਹੈ। ਸਾਡੇ ਮਨੋਵਿਗਿਆਨਕਾਂ, ਸਮਾਜ-ਸ਼ਾਸਤਰੀਆਂ, ਬੁੱਧੀਜੀਵੀਆਂ, ਰਾਜਨੀਤਿਕ ਮਾਹਿਰਾਂ ਨੂੰ ਇਸ ਪ੍ਰਾਣੀ ਦੇ ਮਨ ਦਾ ਅਧਿਐਨ ਕਰਨ ਦੀ ਲੋੜ ਹੈ ਅਤੇ ਸਮਾਜ ਵਿਚ ਨਿਭਾਏ ਉਸਦੇ ਰੋਲ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ।

ਅਸਲ ਅਰਥਾਂ ਵਿਚ ਕਿਸੇ ਵੀ ਲਿੰਗ ਨਾਲ ਕਿਸੇ ਤਰ੍ਹਾਂ ਦਾ ਵੀ ਵਿਤਕਰਾ ਨਹੀਂ ਹੋਣਾ ਚਾਹੀਦਾ।

ਆਸ ਕਰਾਂਗੇ ਕਿ ਇੱਕ ਦਿਨ ਅਸੀਂ ਇਨਸਾਨ ਨੂੰ ਸਿਰਫ ਇਨਸਾਨ ਦੇ ਰੂਪ ਵਿਚ ਮਾਣ ਦੇਣਾ ਸਿੱਖ ਜਾਵਾਂਗੇ, ਭਾਵੇਂ ਦੇਰ ਨਾਲ ਹੀ ਸਹੀ, ਹਰ ਤਰ੍ਹਾਂ ਦੇ ਵਿਤਕਰਿਆਂ ਤੋਂ ਉੱਪਰ ਉੱਠ ਸਕਾਂਗੇ। ਉਹ ਦਿਨ ਜਲਦੀ ਆਉਣ ਦੀ ਦੁਆ ਵੀ ਕਰੀਏ ਅਤੇ ਯਤਨ ਵੀ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ...!!!

-ਪਰਮਜੀਤ ਸਿੰਘ "ਸੁਚਿੰਤਨ"
ਲੁਧਿਆਣਾ (ਪੰਜਾਬ)
97791-24500
ਪੰਜਾਬ ਮੇਲ USA

■ ਪਿਛਲੇ ਅੰਕ ਦਾ ਬਾਕੀ

ਇਸੇ ਤਰ੍ਹਾਂ ਗੁਰੂ ਸਾਹਿਬ ਜੀ ਦੇ ਇੱਕ ਹੋਰ ਪਿਆਰੇ ਸਿੱਖ ਭਾਈ ਦਿਆਲਾ ਜੀ ਨੂੰ ਕਿਹਾ ਗਿਆ ਕਿ ਇਸਲਾਮ ਕਬੂਲ ਕਰ ਲਓ ਜਾਂ ਫਿਰ ਸ਼ਹੀਦ ਹੋਣ ਲਈ ਤਿਆਰ ਹੋ ਜਾਓ। ਭਾਈ ਦਿਆਲਾ ਜੀ ਨੇ ਵੀ ਭਾਈ ਮਤੀ ਦਾਸ ਜੀ ਦੀ ਤਰ੍ਹਾਂ ਹੀ ਧਰਮ ਤਿਆਗਣ ਦੀ ਥਾਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ। ਭਾਈ ਸਾਹਿਬ ਜੀ ਨੂੰ ਉਬਲਦੇ ਪਾਣੀ ਦੀ ਦੇਗ 'ਚ ਬਿਠਾ ਕੇ ਸ਼ਹੀਦ ਕਰ ਦਿੱਤਾ ਗਿਆ। ਗੁਰੂ ਸਾਹਿਬ ਹੁਣ ਵੀ ਓਸੇ ਤਰ੍ਹਾਂ ਹੀ ਸ਼ਾਂਤ ਚਿੱਤ ਤੇ ਅਡੋਲ ਬੈਠੇ ਰਹੇ।

ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਤੋਂ ਬਾਅਦ ਭਾਈ ਸਤੀ ਦਾਸ ਜੀ ਦੀ ਵਾਰੀ ਆਈ (ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਦੇ ਭਰਾਤਾ ਸਨ)। ਭਾਈ ਸਤੀ ਦਾਸ ਜੀ ਨੂੰ ਵੀ ਉਹੀ ਕਿਹਾ ਗਿਆ ਕਿ ਇਸਲਾਮ ਕਬੂਲ ਕਰ ਲਓ ਜਾਂ ਫਿਰ ਸ਼ਹੀਦ ਹੋਣ ਲਈ ਤਿਆਰ ਹੋ ਜਾਓ। ਭਾਈ ਸਤੀ ਦਾਸ ਜੀ ਨੇ ਵੀ ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਤਰ੍ਹਾਂ ਹੀ ਧਰਮ ਤਿਆਗਣ ਦੀ ਥਾਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ। ਕਾਜ਼ੀ ਨੇ ਫ਼ਤਵਾ ਜਾਰੀ ਕਰ ਦਿੱਤਾ ਕਿ ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ, ਅੱਗ ਲਾ ਦਿੱਤੀ ਜਾਵੇ ਅਤੇ ਸਤੀ ਦਾਸ ਜੀ ਨੂੰ ਜਿਉਂਦੇ ਹੀ ਸਾੜ ਕੇ ਸ਼ਹੀਦ ਕਰ ਦਿੱਤਾ ਜਾਵੇ। ਭਾਈ ਸਤੀ ਦਾਸ ਜੀ ਨੂੰ ਰੂੰ 'ਚ ਲਪੇਟ ਕੇ, ਰੂੰ ਨੂੰ ਅੱਗ ਲਾ ਦਿੱਤੀ ਗਈ। ਕੁੱਝ ਹੀ ਪਲਾਂ 'ਚ, ਭਾਈ ਸਤੀ ਦਾਸ ਜੀ ਵੀ ਸ਼ਹੀਦੀ ਪਾ ਗਏ। ਗੁਰੂ ਸਾਹਿਬ ਜੀ ਆਪਣੇ ਪਿਆਰੇ ਸਿੱਖਾਂ ਦੀ, ਆਪਣੀਆਂ ਅੱਖਾਂ ਸਾਹਮਣੇ ਹੋਈ ਸ਼ਹਾਦਤ ਦੇਖ ਕੇ ਵੀ ਨਹੀਂ ਡੋਲੇ।

ਇਨ੍ਹਾਂ ਸਿੱਖਾਂ ਦੀ ਸ਼ਹਾਦਤ ਤੋਂ ਬਾਅਦ, ਜਦੋਂ ਮੁਗਲ ਹਕੂਮਤ ਨੇ ਦੇਖਿਆ ਕਿ ਗੁਰੂ ਸਾਹਿਬ ਜੀ ਤਾਂ ਓਸੇ ਤਰ੍ਹਾਂ ਹੀ ਸ਼ਾਂਤ-ਚਿੱਤ ਤੇ ਅਡੋਲ ਬੈਠੇ ਹਨ, ਤਾਂ ਇੱਕ ਵਾਰ ਫਿਰ ਕਾਜ਼ੀ ਅਬਦੁੱਲ ਵਹਾਬ ਨੇ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਹਾਲੇ ਵੀ ਸਮਾਂ ਹੈ, ਇਸਲਾਮ ਕਬੂਲ ਕਰ ਲਓ ਜਾਂ ਕਰਾਮਾਤ ਦਿਖਾ ਦਿਓ, ਜ਼ਿੰਦਗੀ ਬਖ਼ਸ਼ ਦਿੱਤੀ ਜਾਵੇਗੀ। ਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਜਿਸ ਗੁਰੂ ਕਿਆਂ ਸਿੱਖਾਂ ਅੰਦਰ ਧਰਮ ਪ੍ਰਤੀ ਇੰਨਾ ਪਿਆਰ ਤੇ ਦ੍ਰਿੜ੍ਹਤਾ ਹੈ ਕਿ ਉਨ੍ਹਾਂ ਨੇ ਆਪਣਾ ਧਰਮ ਤਿਆਗਣ ਨਾਲੋਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ ਹੈ, ਤੁਸੀਂ ਉਸ ਗੁਰੂ ਨੂੰ ਧਰਮ ਤਿਆਗਣ ਲਈ ਕਹਿ ਰਹੇ ਹੋ? ਦੂਜਾ, ਜਿੱਥੋਂ ਤੱਕ ਕਰਾਮਾਤ ਦਿਖਾਉਣ ਦੀ ਗੱਲ ਹੈ, ਤਾਂ ਗੁਰੂ ਘਰ ਅੰਦਰ ਕਰਾਮਾਤ ਦਿਖਾਉਣੀ ਕਹਿਰ ਹੈ। ਸਾਨੂੰ ਰੱਬ ਦੀ ਰਜ਼ਾ 'ਚ ਰਹਿਣ ਦਾ ਹੁਕਮ ਹੈ।

ਇਹ ਗੱਲ ਸੁਣ ਕੇ, ਕਾਜ਼ੀ ਅਬਦੁੱਲ ਵਹਾਬ ਨੇ ਜ਼ੱਲਾਦ ਜ਼ਲਾਲੂਦੀਨ ਨੂੰ ਹੁਕਮ ਕਰ ਦਿੱਤਾ ਕਿ ਗੁਰੂ ਸਾਹਿਬ ਜੀ ਦਾ ਧੜ ਸੀਸ ਤੋਂ ਅਲੱਗ ਕਰਕੇ, ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰ ਦਿੱਤਾ ਜਾਵੇ। ਇੰਝ 11 ਨਵੰਬਰ ਸੰਨ 1675 ਈ. ਨੂੰ ਚਾਂਦਨੀ ਚੌਂਕ, ਦਿੱਲੀ ਵਿਖੇ ਹਜ਼ਾਰਾਂ ਲੋਕਾਂ ਦੀ ਭੀੜ ਦੇ ਸਾਹਮਣੇ, ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਤਲਵਾਰ ਨਾਲ ਧੜ ਤੋਂ ਅਲੱਗ ਕਰਕੇ, ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਅਸਥਾਨ 'ਤੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਭਾਇਮਾਨ ਹੈ।

ਇਸ ਅਦੁੱਤੀ, ਅਨੋਖੀ, ਵਿਲੱਖਣ ਤੇ ਲਾਸਾਨੀ ਸ਼ਹਾਦਤ ਨੂੰ ਦੇਖ ਕੇ, ਦਿੱਲੀ 'ਚ ਹਾਹਾਕਾਰ ਮੱਚ ਗਈ। ਇਸ ਘਟਨਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਇੰਝ ਬਿਆਨ ਕੀਤਾ ਹੈ -

ਦੋਹਰਾ॥

ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ॥

ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥

ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥

ਚਾਰੇ ਪਾਸੇ ਡਰ ਤੇ ਸਹਿਮ ਦਾ ਮਾਹੌਲ ਬਣ ਗਿਆ ਸੀ। ਔਰੰਗਜ਼ੇਬ ਦਾ ਕਹਿਰ ਆਪਣੇ ਸਿਖ਼ਰ 'ਤੇ ਸੀ। ਜ਼ਾਲਮਾਂ ਨੇ ਬੜਾ ਭਾਰੀ ਜ਼ੁਲਮ ਢਾਹਿਆ ਸੀ। ਗੁਰੂ ਸਾਹਿਬ ਜੀ ਦੇ ਸਿਦਕ ਅੱਗੇ, ਜ਼ਾਲਮਾਂ ਦਾ ਜ਼ੁਲਮ ਹਾਰ ਗਿਆ ਸੀ। ਇਸ ਸਮੇਂ ਆਸਮਾਨ 'ਤੇ, ਕਾਲੇ ਤੇ ਘਣੇ ਬੱਦਲ ਛਾ ਗਏ ਸਨ। ਚਾਰੇ ਪਾਸੇ ਹਨੇਰਾ ਹੀ ਹਨੇਰਾ ਹੋ ਗਿਆ ਸੀ। ਇੰਝ ਜਾਪਦਾ ਸੀ ਜਿਵੇਂ ਕਿ ਜ਼ੁਲਮ ਦੀ ਇਸ ਇੰਤਿਹਾ ਨੂੰ ਦੇਖ ਕੇ, ਧਰਤਿ ਤੇ ਅੰਬਰ ਦੋਵੇਂ ਕੰਬ ਗਏ ਹੋਣ ਤੇ ਰੋ ਰਹੇ ਹੋਣ। ਚਾਰੇ ਪਾਸੇ ਸੰਨਾਟਾ ਛਾ ਗਿਆ ਸੀ। ਹਿੰਦੂ, ਮੁਸਲਮਾਨ ਤੇ ਸਿੱਖ, ਸਭ ਦੀਆਂ ਅੱਖਾਂ 'ਚ ਅੱਥਰੂ ਸਨ।

**ਗੁਰੂ ਸਾਹਿਬ ਜੀ ਦੇ ਸੀਸ ਤੇ ਸਰੀਰ ਦੀ ਸੰਭਾਲ**: ਭਾਈ ਜੈਤਾ ਜੀ, ਦਿੱਲੀ ਦੀ ਦਿਲਵਾਲੀ ਗਲੀ 'ਚ ਰਹਿੰਦੇ ਸਨ। ਇਸੇ ਗਲੀ 'ਚ ਭਾਈ ਨਾਨੂ ਜੀ ਦਾ ਵੀ ਘਰ ਸੀ। ਜਦੋਂ ਕਾਜ਼ੀ ਨੇ ਇਹ ਫਤਵਾ ਸੁਣਾਇਆ ਕਿ ਗੁਰੂ ਸਾਹਿਬ ਜੀ ਦਾ ਸੀਸ ਧੜ ਤੋਂ ਅਲੱਗ ਕਰਕੇ, ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰ ਦਿੱਤਾ ਜਾਵੇ, ਤਾਂ ਭਾਈ ਨਾਨੂ ਜੀ, ਭਾਈ ਊਦਾ ਜੀ ਤੇ ਭਾਈ ਗੁਰਦਿੱਤਾ ਜੀ, ਭਾਈ ਜੈਤਾ ਜੀ ਘਰ ਆ ਗਏ ਅਤੇ ਵਿਚਾਰ ਕੀਤੀ ਕਿ ਗੁਰੂ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ, ਆਪ ਜੀ ਦੇ ਪਾਵਨ ਸੀਸ ਤੇ ਸਰੀਰ ਦੀ ਸੰਭਾਲ ਕਿਵੇਂ ਕੀਤੀ ਜਾਵੇ?



ਗੁਰੂ ਸਾਹਿਬ ਜੀ ਦੇ ਸੀਸ ਨੂੰ ਸੰਭਾਲਣ ਦੀ ਸੇਵਾ ਭਾਈ ਜੈਤਾ ਜੀ ਨੇ ਆਪਣੇ ਜ਼ਿੰਮੇ ਲੈ ਲਈ। ਸਭਨਾਂ ਨੇ ਵਿਚਾਰ ਕਰਕੇ, ਇਹ ਵਿਉਂਤ ਬਣਾਈ ਕਿ ਗੁਰੂ ਸਾਹਿਬ ਜੀ ਦੇ ਸਰੀਰ ਨੂੰ ਸੰਭਾਲਣ ਦੀ ਸੇਵਾ ਭਾਈ ਲੱਖੀ ਸ਼ਾਹ ਜੀ ਨੂੰ ਦਿੱਤੀ ਜਾਵੇ ਕਿਉਂਕਿ ਭਾਈ ਲੱਖੀ ਸ਼ਾਹ ਜੀ ਗੁਰੂ ਘਰ ਦੇ ਸ਼ਰਧਾਲੂ ਹੋਣ ਦੇ ਨਾਲ-ਨਾਲ, ਧਨਾਢ ਵਪਾਰੀ ਵੀ ਹਨ ਤੇ ਉਨ੍ਹਾਂ ਦਾ ਦਿੱਲੀ 'ਚ ਅਸਰ-ਰਸੂਖ ਵੀ ਬਹੁਤ ਹੈ।

**ਸੀਸ ਮਾਰਗ**: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ, ਭਾਈ ਜੈਤਾ ਜੀ ਨੇ ਗੁਰੂ ਚਰਨਾਂ 'ਚ ਅਰਦਾਸ ਕੀਤੀ ਕਿ ਸੱਚੇ ਪਾਤਿਸ਼ਾਹ! ਆਪ ਜੀ ਦਾ ਓਟ-ਆਸਰਾ ਲੈ ਕੇ, ਆਪ ਜੀ ਦੇ ਸੀਸ ਨੂੰ ਸੰਭਾਲਣ ਦੀ ਸੇਵਾ ਕਰਨ ਲੱਗਾ ਹਾਂ, ਆਪ ਜੀ ਨੇ ਕਿਰਪਾ ਕਰਨੀ, ਸਹਾਈ ਹੋਣਾ ਤਾਂ ਜੋ ਇਹ ਕਾਰਜ ਨਿਰਵਿਘਨਤਾ ਸਹਿਤ ਸੰਪੂਰਨ ਕਰ ਸਕਾਂ। ਅਰਦਾਸ ਕਰਕੇ, ਭਾਈ ਜੈਤਾ ਜੀ ਨੇ ਖਰਾਬ ਮੌਸਮ ਤੇ ਪਹਿਰੇਦਾਰਾਂ ਦੇ ਅਵੇਸਲੇਪਨ ਦਾ ਫ਼ਾਇਦਾ ਲੈਂਦੇ ਹੋਏ, ਗੁਰੂ ਸਾਹਿਬ ਜੀ ਦੇ ਪਾਵਨ ਸੀਸ ਨੂੰ ਸੋਹਣੇ ਪੌਸ਼ਾਕੇ 'ਚ ਲਪੇਟ ਲਿਆ ਅਤੇ ਗੁਰੂ ਸਾਹਿਬ ਜੀ ਦੇ ਸੀਸ ਨੂੰ ਆਪਣੇ ਸਿਰ 'ਤੇ ਰੱਖ ਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ।

**ਪਹਿਲਾ ਪੜਾਅ - ਬਾਗਪਤ (ਉੱਤਰ ਪ੍ਰਦੇਸ਼)**: ਭਾਈ ਜੈਤਾ ਜੀ ਨੇ ਦਿੱਲੀ ਤੋਂ ਚੱਲ ਕੇ, ਪਹਿਲਾ ਪੜਾਅ ਬਾਗਪਤ ਕੀਤਾ। ਸਾਰੀ ਰਾਤ ਪੈਦਲ ਸਫ਼ਰ ਕਰਦੇ-ਕਰਦੇ, ਭਾਈ ਜੈਤਾ ਜੀ ਥੱਕ ਵੀ ਗਏ ਸਨ ਤੇ ਮੁਗਲ ਫੌਜ਼ਾਂ ਦਾ ਡਰ ਵੀ ਸੀ ਕਿ ਕਿਤੇ ਮੁਗਲ ਫੌਜ਼ਾਂ ਆਪ ਜੀ ਨੂੰ ਫੜ ਹੀ ਨਾ ਲੈਣ। ਭਾਈ ਜੈਤਾ ਜੀ ਬਾਗਪਤ ਵਿਖੇ ਸੂਫ਼ੀ ਫ਼ਕੀਰ, ਸ਼ੇਖ ਹਜ਼ਰਤ ਵਾਹੂਦੀਨ ਦੀ ਦਰਗਾਹ 'ਤੇ ਪਹੁੰਚੇ। ਸ਼ੇਖ ਜੀ ਨੇ ਪੁੱਛਿਆ ਕਿ ਭਾਈ! ਤੂੰ ਕੌਣ ਹੈਂ? ਭਾਈ ਜੈਤਾ ਜੀ ਨੇ ਦੱਸਿਆ ਕਿ ਮੈਂ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿੱਖ ਹਾਂ। ਸ਼ੇਖ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਹਾਲ-ਚਾਲ ਪੁੱਛਿਆ, ਤਾਂ ਭਾਈ ਜੈਤਾ ਜੀ ਨੇ ਸਾਰਾ ਬਿਰਤਾਂਤ ਸ਼ੇਖ ਜੀ ਨੂੰ ਸੁਣਾ ਦਿੱਤਾ। ਸ਼ੇਖ ਜੀ ਨੇ ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟਾਈ। ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਕੇ, ਸ਼ੇਖ ਜੀ ਨੇ ਸਿਜ਼ਦਾ ਕੀਤਾ, ਸ਼ੇਖ ਜੀ ਦੀਆਂ ਅੱਖਾਂ 'ਚੋਂ ਅੱਥਰੂ ਵਹਿ ਤੁਰੇ। ਭਰੇ ਮਨ ਨਾਲ ਭਾਈ ਜੈਤਾ ਜੀ ਨੂੰ ਕਹਿਣ ਲੱਗੇ ਕਿ ਤੁਹਾਡੀ ਸੇਵਾ ਬਹੁਤ ਵੱਡੀ ਹੈ, ਬਿਖੜਾ ਪੈਂਡਾ ਹੈ, ਸਾਰੀ ਰਾਤ ਪੈਦਲ ਸਫ਼ਰ ਕਰਨ ਕਰਕੇ, ਤੁਸੀਂ ਥੱਕ ਗਏ ਹੋਵੋਗੇ। ਕੁੱਝ ਖਾਧਾ ਪੀਤਾ ਵੀ ਨਹੀਂ ਹੋਣਾ। ਇਥੇ ਨੇੜੇ ਹੀ ਗੁਰੂ ਘਰ ਦੇ ਸ਼ਰਧਾਲੂ ਭਾਈ ਕ੍ਰਿਸ਼ਨਪਾਲ ਦਾ ਘਰ ਹੈ, ਓਥੇ ਚੱਲ ਕੇ ਪ੍ਰਸ਼ਾਦਾ ਛੱਕ ਲਓ ਤੇ ਥੋੜ੍ਹਾ ਆਰਾਮ ਕਰ ਲਓ। ਭਾਈ ਜੈਤਾ ਜੀ, ਸ਼ੇਖ ਜੀ ਦੇ ਨਾਲ ਭਾਈ ਕ੍ਰਿਸ਼ਨਪਾਲ ਜੀ ਦੇ ਗ੍ਰਿਹ ਵਿਖੇ ਆ ਗਏ ਅਤੇ ਇੱਥੇ ਹੀ ਪ੍ਰਸ਼ਾਦਾ ਛੱਕਿਆ ਤੇ ਆਰਾਮ ਕੀਤਾ। ਜਿੰਨਾ ਸਮਾਂ ਭਾਈ ਜੈਤਾ ਜੀ, ਭਾਈ ਕ੍ਰਿਸ਼ਨਪਾਲ ਜੀ ਦੇ ਗ੍ਰਿਹ ਵਿਖੇ ਟਿਕੇ, ਕ੍ਰਿਸ਼ਨਪਾਲ ਜੀ ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਦੇ ਰਹੇ। ਉਨ੍ਹਾਂ ਦੀਆਂ ਅੱਖਾਂ 'ਚੋਂ ਅੱਥਰੂ ਵਹੀ ਤੁਰੇ ਜਾ ਰਹੇ ਸਨ।

**ਦੂਜਾ ਪੜਾਅ - ਤਰਾਵੜੀ (ਹਰਿਆਣਾ)**: ਦਿਨ ਚੜ੍ਹੇ ਭਾਈ ਜੈਤਾ ਜੀ ਨੇ ਜੰਗਲਾਂ ਦੇ ਰਸਤੇ, ਸ੍ਰੀ ਅਨੰਦਪੁਰ ਸਾਹਿਬ ਵੱਲ ਚਾਲੇ ਪਾ ਦਿੱਤੇ। ਸਾਰਾ ਦਿਨ ਕੰਡਿਆਲੇ ਰਾਹਾਂ 'ਤੇ ਤੁਰਦੇ ਰਹੇ, ਪਰ ਸਿਦਕ ਨਹੀਂ ਹਾਰਿਆ। ਮੁਗਲ ਫ਼ੌਜਾਂ ਦਾ ਡਰ ਵੀ ਬਣਿਆ ਹੋਇਆ ਸੀ। ਹਨੇਰੇ ਪਏ ਭਾਈ ਜੈਤਾ ਜੀ ਤਰਾਵੜੀ ਪਹੁੰਚ ਗਏ। ਭਾਈ ਸਾਹਿਬ ਜੀ ਝਾੜੀਆਂ ਵਿਚ ਦੀ ਤੁਰੇ ਜਾ ਰਹੇ ਸਨ ਕਿ ਧੋਬੀ ਦੇਵਾ ਰਾਮ, ਜੋ ਕਿ ਨੇੜੇ ਹੀ ਕੱਪੜੇ ਧੋ ਰਿਹਾ ਸੀ, ਨੇ ਭਾਈ ਸਾਹਿਬ ਜੀ ਦੇ ਪੈਰਾਂ ਦੀ ਆਵਾਜ਼ ਸੁਣੀ। ਆਵਾਜ਼ ਸੁਣ ਕੇ ਭਾਈ ਦੇਵਾ ਰਾਮ ਨੇ ਉੱਚੇ ਜਿਹੇ ਪੁੱਛਿਆ ਕਿ ਕੌਣ ਹੈਂ ਭਾਈ? ਭਾਈ ਜੈਤਾ ਜੀ ਨੇ ਦੱਸਿਆ ਕਿ ਮੈਂ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿੱਖ ਹਾਂ ਤੇ ਦਿੱਲੀ ਤੋਂ ਆ ਰਿਹਾ ਹਾਂ। ਇਹ ਸੁਣ ਕੇ, ਭਾਈ ਦੇਵਾ ਰਾਮ ਨੇ ਕਿਹਾ ਕਿ ਮੈਂ ਵੀ ਗੁਰੂ ਘਰ ਦਾ ਸ਼ਰਧਾਲੂ ਹਾਂ। ਤੁਸੀਂ ਚੱਲ ਕੇ ਮੇਰੇ ਘਰ ਆਰਾਮ ਕਰੋ। ਭਾਈ ਦੇਵਾ ਰਾਮ ਨੂੰ ਹੁਣ ਤੱਕ ਗੁਰੂ ਸਾਹਿਬ ਜੀ ਦੀ ਸ਼ਹਾਦਤ ਬਾਰੇ ਪਤਾ ਨਹੀਂ ਸੀ। ਇਹ ਗੁਰੂ ਸਾਹਿਬ ਜੀ ਦਾ ਸੁੱਖ-ਸੁਨੇਹਾ ਲੈਣ ਲਈ ਬਹੁਤ ਬਿਹਬਲ ਸੀ। ਭਾਈ ਦੇਵਾ ਰਾਮ, ਭਾਈ ਜੈਤਾ ਜੀ ਨੂੰ ਕਹਿਣ ਲੱਗਾ ਕਿ ਤੁਸੀਂ ਦਿੱਲੀ ਤੋਂ ਆ ਰਹੇ ਹੋ, ਗੁਰੂ ਸਾਹਿਬ ਜੀ ਦਾ ਕੋਈ ਸੁੱਖ -ਸੁਨੇਹਾ ਸੁਣਾਓ। ਗੁਰੂ ਸਾਹਿਬ ਜੀ ਬਾਰੇ ਕੁੱਝ ਦੱਸੋ, ਅੱਜ-ਕੱਲ੍ਹ ਕਿੱਥੇ ਬਿਰਾਜਮਾਨ ਹਨ ਤੇ ਕਿਸ ਧਰਤਿ ਨੂੰ ਭਾਗ ਲਾ ਰਹੇ ਹਨ? ਭਾਈ ਜੈਤਾ ਜੀ ਨੇ ਦਿੱਲੀ 'ਚ ਵਰਤੇ ਕਹਿਰ ਬਾਰੇ ਭਾਈ ਦੇਵਾ ਰਾਮ ਜੀ ਨੂੰ ਦੱਸਿਆ ਤਾਂ ਭਾਈ ਦੇਵਾ ਰਾਮ ਜੀ ਦੀਆਂ ਅੱਖਾਂ 'ਚੋਂ ਅੱਥਰੂ ਵਹਿ ਤੁਰੇ, ਮਨ ਵੈਰਾਗ 'ਚ ਆ ਗਿਆ। ਭਾਈ ਦੇਵਾ ਰਾਮ ਜੀ ਨੇ ਗੁਰੂ ਸਾਹਿਬ ਜੀ ਦੇ ਪਾਵਨ ਸੀਸ ਨੂੰ ਉੱਚੀ ਥਾਂ 'ਤੇ ਸੁਭਾਇਮਾਨ ਕੀਤਾ ਅਤੇ ਭਾਈ ਜੈਤਾ ਜੀ ਤੇ ਭਾਈ ਦੇਵਾ ਰਾਮ ਜੀ ਦਾ ਸਾਰਾ ਪਰਿਵਾਰ ਸਿਮਰਨ ਕਰਦੇ ਰਹੇ। ਭਾਈ ਜੈਤਾ ਜੀ, ਕੁੱਝ ਸਮਾਂ ਇੱਥੇ ਆਰਾਮ ਕਰਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ। ਇਸ ਅਸਥਾਨ 'ਤੇ ਸੁੰਦਰ ਗੁਰਦੁਆਰਾ ਸਾਹਿਬ "ਸੀਸ ਗੰਜ ਪਾਤਿਸ਼ਾਹੀ ਨੌਵੀਂ" ਸੁਭਾਇਮਾਨ ਹੈ।

**ਤੀਜਾ ਪੜਾਅ - ਅੰਬਾਲਾ (ਹਰਿਆਣਾ)**: ਤਰਾਵੜੀ ਤੋਂ ਚੱਲ ਕੇ, ਭਾਈ ਜੈਤਾ ਜੀ ਅੰਬਾਲੇ ਪਹੁੰਚ ਗਏ। ਇੱਥੇ ਭਾਈ ਜੈਤਾ ਜੀ ਨੇ ਟਾਂਗਰੀ ਨਦੀ ਦੇ ਕਿਨਾਰੇ ਟਿਕਾਣਾ ਕੀਤਾ ਅਤੇ ਗੁਰੂ ਸਾਹਿਬ ਜੀ ਦਾ ਪਾਵਨ ਸੀਸ, ਸਤਿਕਾਰ ਸਹਿਤ ਇੱਕ ਜੰਡ ਦੇ ਰੁੱਖ ਹੇਠ ਬਿਰਾਜਮਾਨ ਕਰ ਦਿੱਤਾ। ਆਸ-ਪਾਸ ਪੁੱਛਣ 'ਤੇ ਪਤਾ ਲੱਗਾ ਕਿ ਕੈਂਥ ਮਾਜਰੀ ਮਹੱਲੇ 'ਚ ਭਾਈ ਰਾਮਦੇਵਾ ਨਾਮ ਦਾ ਇੱਕ ਸਿੱਖ ਰਹਿੰਦਾ ਹੈ। ਭਾਈ ਜੈਤਾ ਜੀ, ਗੁਰੂ ਸਾਹਿਬ ਜੀ ਦਾ ਸੀਸ ਆਪਣੇ ਸਿਰ 'ਤੇ ਰੱਖ ਕੇ, ਭਾਈ ਰਾਮਦੇਵਾ ਜੀ ਦੇ ਘਰ ਪਹੁੰਚ ਗਏ ਅਤੇ ਦਿੱਲੀ 'ਚ ਵਰਤੇ ਕਹਿਰ ਬਾਰੇ ਦੱਸਿਆ। ਇਹ ਸਾਰਾ ਬ੍ਰਿਤਾਂਤ ਸੁਣ ਕੇ, ਭਾਈ ਰਾਮਦੇਵਾ ਜੀ ਦੀਆਂ ਭੁੱਬਾਂ ਨਿਕਲ ਗਈਆਂ, ਉਨ੍ਹਾਂ ਦੀਆਂ ਅੱਖਾਂ 'ਚੋਂ ਅੱਥਰੂ ਰੁਕਣ ਦਾ ਨਾਮ ਨਹੀਂ ਸਨ ਲੈ ਰਹੇ।

ਭਾਈ ਜੈਤਾ ਜੀ ਨੇ ਇਹ ਥਾਂ ਸੁਰੱਖਿਅਤ ਜਾਣ ਕੇ, ਰਾਤ ਇੱਥੇ ਹੀ ਟਿਕਾਣਾ ਕਰਨ ਦਾ ਫੈਸਲਾ ਕੀਤਾ। ਭਾਈ ਰਾਮਦੇਵਾ ਜੀ ਪਾਠ ਕਰਦੇ ਰਹੇ ਤੇ ਨਾਲ ਹੀ ਪਹਿਰਾ ਦਿੰਦੇ ਰਹੇ। ਭਾਈ ਜੈਤਾ ਜੀ ਨੇ ਕੁੱਝ ਸਮਾਂ ਇੱਥੇ ਆਰਾਮ ਕਰਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚਾਲੇ ਪਾ ਦਿੱਤੇ। ਇਸ ਅਸਥਾਨ 'ਤੇ, ਸੁੰਦਰ ਗੁਰਦੁਆਰਾ ਸੀਸ ਗੰਜ ਸਾਹਿਬ ਸੁਭਾਇਮਾਨ ਹੈ। ਇਹ ਅਸਥਾਨ ਗੁਰਦੁਆਰਾ ਮੰਜੀ ਸਾਹਿਬ, ਅੰਬਾਲਾ ਸ਼ਹਿਰ ਤੋਂ ਲਗਭਗ ਅੱਧੇ ਕਿਲੋਮੀਟਰ ਦੀ ਵਿੱਥ 'ਤੇ ਹੈ।

**ਚੌਥਾ ਪੜਾਅ - ਨਾਭਾ ਸਾਹਿਬ (ਪੰਜਾਬ)**: ਅੰਬਾਲੇ ਤੋਂ ਚੱਲ ਕੇ, ਭਾਈ ਜੈਤਾ ਜੀ ਰਾਜਪੁਰਾ-ਜ਼ੀਰਕਪੁਰ ਵਾਲੀ ਸੜਕ 'ਤੇ ਆ ਗਏ। ਇਸ ਇਲਾਕੇ 'ਚ, ਬਹੁਤ ਵੱਡਾ ਤੇ ਸੰਘਣਾ ਜੰਗਲ ਸੀ। ਇਹ ਸਾਰਾ ਇਲਾਕਾ ਮੁਸਲਮਾਨਾਂ ਦਾ ਹੁੰਦਾ ਸੀ। ਗੁਰੂ ਸਾਹਿਬ ਜੀ ਦੇ ਸੀਸ ਦੇ ਸਤਿਕਾਰ ਨੂੰ ਧਿਆਨ 'ਚ ਰੱਖਦਿਆਂ ਹੋਇਆਂ, ਭਾਈ ਜੈਤਾ ਜੀ ਰਾਤ ਸਮੇਂ ਕਿਸੇ ਸੁਰੱਖਿਅਤ ਅਸਥਾਨ 'ਤੇ ਟਿਕਾਣਾ ਕਰਨਾ ਚਾਹੁੰਦੇ ਸਨ। ਭਾਈ ਜੈਤਾ ਜੀ ਨੂੰ ਇਸ ਸੰਘਣੇ ਜੰਗਲ 'ਚ, ਇੱਕ ਕੁਟੀਆ ਦਿਖਾਈ ਦਿੱਤੀ। ਭਾਈ ਜੈਤਾ ਜੀ ਇਸ ਕੁਟੀਆ 'ਚ ਪਹੁੰਚੇ, ਤਾਂ ਪਤਾ ਲੱਗਾ ਕਿ ਇਹ ਕੁਟੀਆ ਦਰਗਾਹੀ ਸ਼ਾਹ ਫਕੀਰ ਦੀ ਹੈ, ਜੋ ਕਿ ਗੁਰੂ ਘਰ ਦਾ ਸ਼ਰਧਾਲੂ ਹੈ। ਇਸ ਫਕੀਰ ਨੇ ਭਾਈ ਜੈਤਾ ਜੀ ਨੂੰ, ਇਸ ਜੰਗਲ 'ਚ ਆਉਣ ਦਾ ਕਾਰਨ ਪੁੱਛਿਆ, ਤਾਂ ਭਾਈ ਜੈਤਾ ਜੀ ਨੇ ਗੁਰੂ ਸਾਹਿਬ ਜੀ ਦੀ ਸ਼ਹਾਦਤ ਦਾ ਸਾਰਾ ਬ੍ਰਿਤਾਂਤ ਸੁਣਾ ਦਿੱਤਾ। ਪੀਰ ਜੀ ਦੇ ਨੈਣ ਭਰ ਆਏ। ਉਨ੍ਹਾਂ ਨੇ ਭਾਈ ਜੈਤਾ ਜੀ ਨੂੰ ਬਹੁਤ ਪਿਆਰ ਤੇ ਸਤਿਕਾਰ ਨਾਲ ਬੇਨਤੀ ਕੀਤੀ ਕਿ ਤੁਸੀਂ ਪੈਦਲ ਚੱਲਣ ਕਾਰਨ ਬਹੁਤ ਥੱਕ ਗਏ ਹੋਵੋਗੇ, ਪੈਂਡਾ ਬਹੁਤ ਲੰਮਾ ਹੈ, ਇਸ ਲਈ ਤੁਸੀਂ ਗੁਰੂ ਸਾਹਿਬ ਜੀ ਦਾ ਸੀਸ ਮੈਨੂੰ ਦੇ ਦਿਓ ਤੇ ਤੁਸੀਂ ਇਸ਼ਨਾਨ ਕਰਕੇ, ਪ੍ਰਸ਼ਾਦਾ ਛੱਕ ਕੇ, ਆਰਾਮ ਕਰ ਲਓ, ਸੀਸ ਦੀ ਰਾਖੀ ਮੈਂ ਆਪ ਕਰਾਂਗਾ। ਮੇਰੇ ਧੰਨ ਭਾਗ ਹਨ, ਜਿਸ ਦੀ ਕੁਟੀਆ 'ਚ ਗੁਰੂ ਸਾਹਿਬ ਜੀ ਦਾ ਸੀਸ ਪਹੁੰਚਿਆ ਹੈ। ਪੀਰ ਜੀ ਨੇ ਆਪਣੀ ਕੁਟੀਆ 'ਚ ਹੀ ਮਿੱਟੀ ਦਾ ਉੱਚਾ ਥੜ੍ਹਾ ਤਿਆਰ ਕੀਤਾ ਅਤੇ ਗੁਰੂ ਸਾਹਿਬ ਜੀ ਦਾ ਸੀਸ, ਬਹੁਤ ਪਿਆਰ ਤੇ ਸਤਿਕਾਰ ਸਹਿਤ ਇਸ ਥੜ੍ਹੇ 'ਤੇ ਸੁਭਾਇਮਾਨ ਕਰ ਦਿੱਤਾ। ਪੀਰ ਜੀ ਸਾਰੀ ਰਾਤ ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਦੇ ਹੋਏ, ਰੱਬੀ ਰੰਗ 'ਚ ਰੱਤੇ ਤੇ ਭਿੱਜੇ ਰਹੇ। ਅੰਮ੍ਰਿਤ ਵੇਲੇ ਭਾਈ ਜੈਤਾ ਜੀ ਉੱਠੇ, ਇਸ਼ਨਾਨ ਕਰਕੇ ਤੇ ਪ੍ਰਸ਼ਾਦਾ ਛੱਕ ਕੇ, ਪੀਰ ਜੀ ਪਾਸੋਂ ਖ਼ੁਸ਼ੀਆਂ ਲੈ ਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ। ਇਸ ਪਾਵਨ ਅਸਥਾਨ 'ਤੇ ਸੁੰਦਰ ਗੁਰਦੁਆਰਾ ਨਾਭਾ ਸਾਹਿਬ ਪਾਤਸ਼ਾਹੀ ਨੌਵੀਂ ਤੇ ਦੱਸਵੀਂ ਸੁਭਾਇਮਾਨ ਹੈ।

**ਪੰਜਵਾਂ ਪੜਾਅ - ਕੀਰਤਪੁਰ ਸਾਹਿਬ (ਪੰਜਾਬ)**: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਦੇ ਆਉਣ ਦੀ ਖ਼ਬਰ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਗਈ ਸੀ। ਗੁਰੂ ਗੋਬਿੰਦ ਰਾਇ (ਸਿੰਘ) ਜੀ, ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਤੇ ਸਾਰਾ ਪਰਿਵਾਰ ਅਤੇ ਬਹੁਤ ਸਾਰੀਆਂ ਸਿੱਖ ਸੰਗਤਾਂ, ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਨ ਲਈ, ਪਹਿਲਾਂ ਹੀ ਕੀਰਤਪੁਰ ਸਾਹਿਬ ਪਹੁੰਚ ਗਈਆਂ ਸਨ। ਭਾਈ ਜੈਤਾ ਜੀ ਸੀਸ ਲੈ ਕੇ ਕੀਰਤਪੁਰ ਸਾਹਿਬ ਪਹੁੰਚੇ, ਤਾਂ ਸਾਰਿਆਂ ਦੇ ਹਿਰਦਿਆਂ 'ਚ ਵੈਰਾਗ ਸੀ ਤੇ ਅੱਖਾਂ ਨਮ ਸਨ। ਬਹੁਤ ਭਾਵੁਕ ਦ੍ਰਿਸ਼ ਸੀ। ਗੁਰੂ ਗੋਬਿੰਦ ਰਾਇ ਜੀ ਨੇ ਅਗਾਂਹ ਵੱਧ ਕੇ, ਆਪਣੇ ਸ਼ਹੀਦ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਾਵਨ ਸੀਸ ਆਪਣੇ ਹੱਥਾਂ 'ਚ ਲੈ ਲਿਆ। ਇਸ ਸਮੇਂ ਗੁਰੂ ਗੋਬਿੰਦ ਰਾਇ ਜੀ ਦੀ ਉਮਰ 9 ਸਾਲ ਦੀ ਸੀ। ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਕੇ, ਸੀਸ ਨੂੰ ਉੱਚੀ ਥਾਂ 'ਤੇ ਬਿਰਾਜਮਾਨ ਕਰ ਦਿੱਤਾ ਗਿਆ। ਇਸ ਅਸਥਾਨ 'ਤੇ ਸੁੰਦਰ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਸੁਭਾਇਮਾਨ ਹੈ। ਗੁਰੂ ਗੋਬਿੰਦ ਰਾਇ ਜੀ ਨੇ ਭਾਈ ਜੈਤਾ ਜੀ ਦੀ ਹਿੰਮਤ, ਹੌਂਸਲੇ, ਬਹਾਦਰੀ ਅਤੇ ਗੁਰੂ ਘਰ ਪ੍ਰਤੀ ਪਿਆਰ, ਸ਼ਰਧਾ-ਭਾਵਨਾ ਤੇ ਸੇਵਾ ਨੂੰ ਮੁੱਖ ਰੱਖਦਿਆਂ ਹੋਇਆਂ, ਭਾਈ ਜੈਤਾ ਜੀ ਨੂੰ ਆਪਣੇ ਸੀਨੇ ਨਾਲ ਲਾ ਕੇ ਅਸੀਸਾਂ ਦਿੱਤੀਆਂ ਅਤੇ "ਰੰਘਰੇਟਾ - ਗੁਰੂ ਕਾ ਬੇਟਾ" ਕਹਿ ਕੇ ਨਿਵਾਜ਼ਿਆ। ਭਾਈ ਜੈਤਾ ਜੀ, ਸੰਨ 1699 'ਚ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ, ਭਾਈ ਜੀਵਨ ਸਿੰਘ ਬਣੇ ਅਤੇ ਚਮਕੌਰ ਸਾਹਿਬ ਦੀ ਜੰਗ 'ਚ ਸ਼ਹੀਦ ਹੋਏ।

**ਆਖ਼ਰੀ ਪੜਾਅ - ਸ੍ਰੀ ਅਨੰਦਪੁਰ ਸਾਹਿਬ (ਪੰਜਾਬ)**: ਗੁਰੂ ਸਾਹਿਬ ਜੀ ਦੇ ਸੀਸ ਨੂੰ ਸਤਿਕਾਰ ਸਹਿਤ ਪਾਲਕੀ 'ਚ ਸਜਾਇਆ ਗਿਆ ਅਤੇ ਸ਼ਬਦ ਕੀਰਤਨ ਕਰਦੇ ਹੋਏ, ਸ੍ਰੀ ਅਨੰਦਪੁਰ ਸਾਹਿਬ ਲਿਆਂਦਾ ਗਿਆ। ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਜੀ ਦੇ ਸੀਸ ਦਾ ਮਰਿਆਦਾ ਅਨੁਸਾਰ, ਪੂਰਨ ਸਤਿਕਾਰ ਨਾਲ ਸਸਕਾਰ ਕੀਤਾ ਗਿਆ। ਜਿਸ ਅਸਥਾਨ 'ਤੇ ਗੁਰੂ ਸਾਹਿਬ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ, ਉਸ ਅਸਥਾਨ 'ਤੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਭਾਇਮਾਨ ਹੈ। ਸਸਕਾਰ ਕਰਨ ਤੋਂ ਬਾਅਦ, ਗੁਰੂ ਗੋਬਿੰਦ ਰਾਇ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪ੍ਰਮਾਤਮਾ ਦੀ ਰਜ਼ਾ 'ਚ ਰਹਿਣਾ ਹੈ ਤੇ ਉਸ ਅਕਾਲ ਪੁਰਖੁ ਦਾ ਭਾਣਾ ਮਿੱਠਾ ਕਰਕੇ ਮੰਨਣਾ ਹੈ। ਨਾਲ ਹੀ ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਜ਼ੁਲਮ ਦੇ ਖਿਲਾਫ ਇੱਕ-ਜੁੱਟ ਹੋ ਕੇ, ਟਾਕਰਾ ਕਰਨ ਹਿੱਤ ਤਿਆਰ ਹੋਣ ਲਈ ਕਿਹਾ। ਗੁਰੂ ਸਾਹਿਬ ਜੀ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਜ਼ੁਲਮ ਖਤਮ ਕਰਨ ਲਈ, ਸ਼ਕਤੀ ਦੀ ਵਰਤੋਂ ਕੀਤੀ ਜਾਵੇ।

**ਧੜ (ਸਰੀਰ) ਦਾ ਸਸਕਾਰ**: ਇਧਰ ਗੁਰੂ ਸਾਹਿਬ ਜੀ ਦੇ ਧੜ (ਸਰੀਰ) ਨੂੰ ਸੰਭਾਲਣ ਦੀ ਸੇਵਾ ਭਾਈ ਲੱਖੀ ਸ਼ਾਹ ਜੀ ਨੇ ਕੀਤੀ। ਜਿਸ ਦਿਨ ਗੁਰੂ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ, ਉਸ ਦਿਨ ਭਾਈ ਲੱਖੀ ਸ਼ਾਹ ਜੀ ਆਪਣੇ ਟਾਂਡੇ (ਬੈਲ ਗੱਡੀਆਂ ਦਾ ਕਾਫ਼ਲਾ), ਜਿਸ ਵਿਚ ਚੂਨਾ ਲੱਦਿਆ ਹੋਇਆ ਸੀ, ਸਹਿਤ ਨਾਰਨੌਲ (ਹਰਿਆਣਾ) ਤੋਂ ਦਿੱਲੀ ਪਹੁੰਚੇ ਸਨ। ਭਾਈ ਲੱਖੀ ਸ਼ਾਹ ਜੀ ਨੇ ਆਪਣੀਆਂ ਬੈਲ ਗੱਡੀਆਂ ਲਿਆ ਕੇ, ਚਾਂਦਨੀ ਚੌਂਕ ਖੜ੍ਹੀਆਂ ਕਰ ਦਿੱਤੀਆਂ ਅਤੇ ਮੌਕਾ ਦੇਖ ਕੇ, ਮੁਗਲ ਹਕੂਮਤ ਦੀ ਪਰਵਾਹ ਕੀਤੇ ਬਿਨਾਂ, ਆਪਣੇ ਪੁੱਤਰ ਭਾਈ ਨਗਾਹੀਆ ਜੀ ਤੇ ਹੋਰ ਸਿੱਖਾਂ ਦੀ ਮਦਦ ਨਾਲ, ਗੁਰੂ ਸਾਹਿਬ ਜੀ ਦਾ ਧੜ (ਸਰੀਰ) ਆਪਣੇ ਗੱਡੇ 'ਤੇ ਰੱਖ ਕੇ ਆਪਣੇ ਘਰ ਲੈ ਗਏ। ਘਰ ਅੰਦਰ ਹੀ ਚਿਖ਼ਾ ਤਿਆਰ ਕੀਤੀ ਅਤੇ ਗੁਰੂ ਸਾਹਿਬ ਜੀ ਦੀ ਪਾਵਨ ਦੇਹ ਨੂੰ ਚਿਖ਼ਾ 'ਤੇ ਰੱਖ ਕੇ, ਘਰ ਨੂੰ ਹੀ ਅੱਗ ਲਾ ਦਿੱਤੀ, ਤਾਂ ਜੋ ਕਿਸੇ ਨੂੰ ਕੋਈ ਸ਼ੱਕ ਨੇ ਹੋਵੇ। ਦਿੱਲੀ ਵਿਖੇ, ਜਿਸ ਅਸਥਾਨ 'ਤੇ ਗੁਰੂ ਸਾਹਿਬ ਜੀ ਦੇ ਧੜ (ਸਰੀਰ) ਦਾ ਸਸਕਾਰ ਕੀਤਾ ਗਿਆ, ਉਸ ਅਸਥਾਨ 'ਤੇ ਸੁੰਦਰ ਗੁਰਦੁਆਰਾ ਰਕਾਬਗੰਜ ਸਾਹਿਬ ਸੁਭਾਇਮਾਨ ਹੈ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨਾਲ ਸੰਬੰਧਤ ਕੁੱਝ ਮਹੱਤਵਪੂਰਨ ਨੁਕਤੇ ਹੇਠ ਲਿੱਖੇ ਅਨੁਸਾਰ ਹਨ:-

(ੳ) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾ ਤਾਂ ਆਪ ਜੰਝੂ ਪਹਿਨਦੇ ਸਨ ਤੇ ਨਾ ਹੀ ਜੰਝੂ ਪਹਿਨਣ ਦੇ ਹਾਮੀ ਸਨ। ਗੁਰੂ ਨਾਨਕ ਦੇਵ ਜੀ ਨੇ ਤਾਂ ਪਹਿਲਾਂ ਹੀ ਕਪਾਹ ਦੇ ਬਣੇ ਜੰਝੂ ਪਹਿਨਣ ਤੋਂ ਇੰਨਕਾਰ ਕਰ ਦਿੱਤਾ ਸੀ। ਫਿਰ ਵੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜੰਝੂ ਦੀ ਰੱਖਿਆ ਖ਼ਾਤਰ, ਆਪਣੀ ਸ਼ਹਾਦਤ ਦੇ ਦਿੱਤੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੀ ਸਭ ਤੋਂ ਵਿਲੱਖਣ ਗੱਲ ਇਹ ਹੈ ਕਿ ਗੁਰੂ ਸਾਹਿਬ ਜੀ ਨੇ ਹੋਰਨਾਂ ਦੇ ਧਰਮ, ਧਾਰਮਿਕ ਚਿੰਨ੍ਹਾਂ, ਧਾਰਮਿਕ ਆਜ਼ਾਦੀ ਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਆਪਣੀ ਸ਼ਹਾਦਤ ਦਿੱਤੀ।

(ਅ) ਗੁਰੂ ਸਾਹਿਬ ਜੀ ਕਿਸੇ ਫ਼ਿਰਕੇ ਜਾਂ ਧਰਮ ਦੇ ਖ਼ਿਲਾਫ਼ ਨਹੀਂ ਸਨ। ਉਨ੍ਹਾਂ ਦਿਨਾਂ 'ਚ, ਮੁਗਲ ਹਕੂਮਤ ਬਹੁਤ ਜ਼ਾਲਮ ਸੀ ਤੇ ਹਿੰਦੂਆਂ 'ਤੇ ਜ਼ੁਲਮ ਕਰ ਰਹੀ ਸੀ। ਜਿਸ ਕਾਰਨ ਗੁਰੂ ਸਾਹਿਬ ਜੀ ਨੇ ਹਿੰਦੂਆਂ ਦੀ ਬਾਂਹ ਫੜੀ ਤੇ ਹਿੰਦੂਆਂ ਦੀ ਰੱਖਿਆ ਲਈ, ਮੁਗਲ ਹਕੂਮਤ ਨਾਲ ਟਾਕਰਾ ਕੀਤਾ ਤੇ ਆਪਣੀ ਸ਼ਹਾਦਤ ਦਿੱਤੀ। ਉਸ ਸਮੇਂ ਜੇ ਕੋਈ ਹੋਰ ਜ਼ਾਲਮ ਹਕੂਮਤ, ਜ਼ੁਲਮ ਕਰ ਰਹੀ ਹੁੰਦੀ, ਤਾਂ ਗੁਰੂ ਸਾਹਿਬ ਜੀ ਉਸ ਜ਼ਾਲਮ ਹਕੂਮਤ ਨਾਲ ਵੀ ਇਸੇ ਤਰ੍ਹਾਂ ਹੀ ਟਾਕਰਾ ਕਰਦੇ ਤੇ ਪੀੜਤਾਂ ਦੀ ਰੱਖਿਆ ਕਰਦੇ। ਗੁਰੂ ਸਾਹਿਬਾਨ ਜੀ ਦਾ ਫ਼ਲਸਫ਼ਾ ਹੀ ਇਹੋ ਹੈ ਕਿ ਜ਼ਾਲਮ ਦੇ ਜ਼ੁਲਮਾਂ ਨਾਲ ਟਾਕਰਾ ਕਰਨਾ ਹੈ ਤੇ ਪੀੜਤਾਂ ਦੀ ਬਾਂਹ ਫੜ ਕੇ, ਉਨ੍ਹਾਂ ਦੀ ਰੱਖਿਆ ਕਰਨੀ ਹੈ।

(ੲ) ਇਤਿਹਾਸ ਅੰਦਰ ਇਹ ਪਹਿਲਾ ਮੌਕਾ ਸੀ, ਜਦੋਂ ਮਕਤੂਲ (ਸ਼ਹਾਦਤ ਦੇਣ ਵਾਲਾ), ਆਪਣੀ ਸ਼ਹਾਦਤ ਦੇਣ ਲਈ, ਆਪ ਚੱਲ ਕੇ ਕਾਤਲ ਕੋਲ ਗਿਆ ਸੀ। ਦੁਨੀਆਂ ਦੇ ਇਤਿਹਾਸ 'ਚ ਇਹੋ ਜਿਹੀ ਕੋਈ ਹੋਰ ਮਿਸਾਲ ਨਹੀਂ ਮਿਲਦੀ। ਇਸੇ ਲਈ ਲਾਲਾ ਦੌਲਤ ਰਾਇ ਨੇ ਲਿੱਖਿਆ ਹੈ, "ਆਜ ਤੱਕ ਯਿਹ ਤੋ ਹੁਆ ਹੈ ਕਿ ਕਾਤਲ, ਮਕਤੂਲ ਕੇ ਪਾਸ ਜਾਏ, ਯਿਹ ਨਹੀਂ ਕਿ ਮਕਤੂਲ ਕਾਤਲ ਕੇ ਪਾਸ ਆਏ। ਐਸਾ ਕਰਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਲਟੀ ਗੰਗਾ ਬਹਾ ਦੀ।" ਇੰਝ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੁਆਰਾ ਦਿੱਤੀ ਗਈ ਲਾਸਾਨੀ ਸ਼ਹਾਦਤ, ਆਪਣੇ ਆਪ 'ਚ, ਇੱਕ ਬੇਮਿਸਾਲ, ਅਨੋਖੀ, ਅਦੁੱਤੀ ਤੇ ਵਿਲੱਖਣ ਸ਼ਹਾਦਤ ਸੀ, ਜਿਸ ਦੀ ਕੋਈ ਹੋਰ ਉਦਾਹਰਣ ਦੁਨੀਆਂ ਦੇ ਇਤਿਹਾਸ 'ਚ ਨਹੀਂ ਮਿਲਦੀ। ਗੁਰੂ ਸਾਹਿਬ ਜੀ ਦੁਆਰਾ ਹੋਰਨਾਂ ਦੇ ਧਰਮ, ਧਾਰਮਿਕ ਚਿੰਨ੍ਹਾਂ, ਧਾਰਮਿਕ ਆਜ਼ਾਦੀ ਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਦਿੱਤੀ ਗਈ ਸ਼ਹਾਦਤ ਕਾਰਨ ਹੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ "ਧਰਮ ਦੀ ਚਾਦਰ" ਕਿਹਾ ਜਾਂਦਾ ਹੈ।

# ਤੇਗ ਤੇ ਕਲਮ ਦੇ ਧਨੀ : ਸ਼ਹੀਦ ਬਾਬਾ ਦੀਪ ਸਿੰਘ ਜੀ

## ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼



ਸ਼ਹੀਦ ਬਾਬਾ ਦੀਪ ਸਿੰਘ ਜੀ



ਗੁਰਦੁਆਰਾ ਜਨਮ ਅਸਥਾਨ ਪਹੂਵਿੰਡ




ਡਾ. ਚਰਨਜੀਤ ਸਿੰਘ ਗੁਮਟਾਲਾ

0019375739812 (ਅਮਰੀਕਾ), ਵਟਸਐਪ : +91-94175-33060

ਪੰਜਾਬ ਮੇਲ USA


ਬਾਬਾ ਦੀਪ ਸਿੰਘ ਦਾ ਜਨਮ 14 ਮਾਘ ਸੰਮਤ 1739 ਬਿਕਰਮੀ ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਵਿਚ ਮਾਤਾ ਜਿਉਣੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਗ੍ਰਿਹ ਵਿਚ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਦੀਪਾ ਸੀ। ਛੋਟੇ ਹੁੰਦਿਆਂ ਹੀ ਉਨ੍ਹਾਂ ਨੇ ਗੁਰਮੁੱਖੀ ਪੜ੍ਹੀ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਵਾਹੀ ਵੀ ਕੀਤੀ, ਨੇਜਾ ਸੁੱਟਣ ਅਤੇ ਘੋੜ ਸਵਾਰੀ ਵੀ ਕੀਤੀ। ਸਰੀਰਕ ਤੌਰ 'ਤੇ ਉਹ ਰਿਸ਼ਟ-ਪੁਸ਼ਟ, ਚੰਗੇ ਕੱਦ-ਕਾਠ ਵਾਲੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ, ਤਾਂ ਇਸ ਦੀ ਚਰਚਾ ਪਿੰਡ-ਪਿੰਡ ਹੋਣ ਲੱਗੀ। ਜਦ ਆਪ ਨੇ ਵੀ ਇਸ ਬਾਰੇ ਸੁਣਿਆ ਤਾਂ ਆਪ ਵੀ ਮਾਤਾ-ਪਿਤਾ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿਚ ਜਾ ਨਿਵਾਜੇ। ਉਨ੍ਹਾਂ ਨੇ ਵੀ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕੀਤਾ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਕੁਝ ਸਮਾਂ ਅਨੰਦਪੁਰ ਸਾਹਿਬ ਰਹਿਣ ਲਈ ਕਿਹਾ। ਉੱਥੇ ਰਹਿ ਕੇ ਆਪ ਲੰਗਰ ਦੀ ਸੇਵਾ ਦੇ ਨਾਲ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅਰਥ ਸਮਝਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਨੇ ਆਪ ਨੂੰ ਗੁਰਮੁੱਖੀ, ਅਰਬੀ, ਫਾਰਸੀ ਭਾਸ਼ਾ ਦੀ ਪੜ੍ਹਾਈ ਕਰਾਕੇ ਇੱਕ ਸੁਘੜ ਵਿਦਵਾਨ ਬਣਾ ਦਿੱਤਾ।

ਅਨੰਦਪੁਰ ਵਿਖੇ ਰਹਿੰਦੇ ਹੋਏ ਉਨ੍ਹਾਂ ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ ਤੇ ਨਾਲ ਹੀ ਸ਼ਸਤਰ ਯੁੱਧ ਵਿਚ ਵੀ ਜੂਝਣ ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤਰ੍ਹਾਂ 20-22 ਸਾਲ ਦੀ ਉਮਰ ਵਿਚ ਆਪ ਇੱਕ ਸੂਝਵਾਨ ਵਿਦਵਾਨ ਤੇ ਸੂਰਬੀਰ ਜੋਧੇ ਬਣ ਗਏ। ਇੱਕ ਪਾਸੇ ਪਵਿੱਤਰ ਗੁਰਬਾਣੀ ਦਾ ਗਿਆਨ ਕਰਵਾਉਂਦੇ ਗੁਰੂ ਜੀ ਦੇ ਆਦੇਸ਼ ਅਨੁਸਾਰ ਖੰਡੇ-ਬਾਟੇ ਦਾ ਅੰਮ੍ਰਿਤਪਾਨ ਕਰਾਕੇ ਸਿੱਖਾਂ ਵਿਚ ਨਵਾਂ ਧਾਰਮਿਕ ਜੋਸ਼ ਭਰਦੇ, ਦੂਜੇ ਪਾਸੇ ਸਿੰਘ ਸੂਰਮਿਆਂ ਦੇ ਜਥੇ ਤਿਆਰ ਕਰਕੇ ਲੋੜ ਸਮੇਂ ਮੈਦਾਨੇ ਜੰਗ ਭੇਜਦੇ।

ਮੁਕਤਸਰ ਦੀ ਜੰਗ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਇਸ ਥਾਂ ਗੁਰੂ ਜੀ ਨੂੰ ਮਿਲੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਈ ਮਨੀ ਸਿੰਘ ਤੋਂ ਲਿਖਵਾਉਂਦਿਆਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਨੂੰ ਵੀ ਸ਼ਾਮਲ ਕਰਵਾਇਆ। ਅੰਤਿਮ ਰੂਪ ਦਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਵੀ ਸਹਾਇਤਾ ਕੀਤੀ, ਜਿਨ੍ਹਾਂ ਨੂੰ ਇੱਕ ਸਿੰਘ ਭਾਈ ਸ਼ੇਰ ਸਿੰਘ ਨੂੰ ਪਹੂਵਿੰਡ ਭੇਜ ਕੇ ਬੁਲਾਇਆ ਗਿਆ ਸੀ। ਆਪ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਦੇ ਸਨ। ਇਸ ਬੀੜ ਨੂੰ ਦਮਦਮੇ ਸਾਹਿਬ ਵਾਲੀ ਬੀੜ ਕਿਹਾ ਜਾਂਦਾ, ਜੋ ਇਸ ਸਮੇਂ ਗੁਰਦੁਆਰਿਆਂ ਵਿਚ ਸੁਸ਼ੋਭਿਤ ਹੈ।

ਬਾਬਾ ਦੀਪ ਸਿੰਘ ਦੀ ਲਿਖਾਈ ਅਤੇ ਅੱਖਰਾਂ ਦੀ ਬਨਾਵਟ ਬਹੁਤ ਸੁੰਦਰ ਸੀ। ਗੁਰੂ ਜੀ ਨੇ ਆਪ ਨੂੰ ਚਾਰ ਹੱਥ ਲਿਖਤਾਂ ਬੀੜ ਤਿਆਰ ਕਰਨ ਲਈ ਕਿਹਾ। ਇਹ ਕੰਮ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਪੂਰਨ ਕੀਤਾ ਤੇ ਇਸ ਉਪਰ 1716 ਤੋਂ 1726 ਈ. ਤੱਕ ਦਾ ਸਮਾਂ ਲੱਗਾ ਤੇ ਇਨ੍ਹਾਂ ਬੀੜਾਂ ਨੂੰ ਚਾਰੇ ਤਖ਼ਤਾਂ ਨੂੰ ਭੇਜਿਆ।

ਬਾਬਾ ਦੀਪ ਸਿੰਘ ਅਰਬੀ ਫ਼ਾਰਸੀ ਦੇ ਵੀ ਵਿਦਵਾਨ ਸਨ। ਆਪ ਜੀ ਨੇ ਲਗਾਤਾਰ ਮਿਹਨਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਬੀ ਭਾਸ਼ਾ ਵਿਚ ਤਰਜਮਾ ਕੀਤਾ। ਇਹ ਪਵਿੱਤਰ ਬੀੜ ਸ. ਕ੍ਰਿਪਾਲ ਸਿੰਘ ਦੇ ਕਥਨ ਅਨੁਸਾਰ ਅੱਜਕੱਲ੍ਹ ਬਗ਼ਦਾਦ ਯੂਨੀਵਰਸਿਟੀ ਵਿਚ ਸੰਭਾਲ ਕੇ ਰੱਖੀ ਹੋਈ ਹੈ।

ਜਦ ਬੰਦਾ ਸਿੰਘ ਬਹਾਦਰ 1709 ਈ. ਵਿਚ ਪੰਜਾਬ ਆਇਆ, ਤਾਂ ਗੁਰੂ ਸਾਹਿਬ ਦੇ ਅਨੁਯਾਈਆਂ ਵਿਚ ਬਾਬਾ ਦੀਪ ਸਿੰਘ ਵੀ ਸਾਬੋ ਕੀ ਤਲਵੰਡੀ ਤੋਂ ਆਣ ਮਿਲੇ। ਉਨ੍ਹਾਂ ਨੇ ਵੱਖ-ਵੱਖ ਇਲਾਕਿਆਂ ਨੂੰ ਜਿੱਤਣ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ। ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ ਕੁਝ ਇਲਾਕੇ 'ਤੇ ਕਬਜ਼ਾ ਲਿਆ, ਜਿਹੜਾ ਮੁਹੰਮਦ ਅਮੀਨ ਖਾਂ ਕੋਲ ਸੀ ਤੇ ਫਿਰ ਆਪਣੇ ਸਾਥੀਆਂ ਦਯਾਲ ਸਿੰਘ ਤੇ ਨੱਥਾ ਸਿੰਘ ਨੂੰ ਸੌਂਪ ਦਿੱਤਾ। ਸੰਨ 1708 ਤੋਂ 1715 ਸੰਨ ਤੀਕ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਡ ਗੁਰਦਾਸ ਨੰਗਲ (ਨੇੜੇ ਗੁਰਦਾਸਪੁਰ) ਵਿਚ ਸ਼ਾਹੀ ਫੌਜਾਂ ਘੇਰ ਲਿਆ। ਉਸ ਦਾ ਸਾਥ ਆਪਣੇ ਹੀ ਕਈ ਸਾਥੀ ਛੱਡ ਗਏ। ਹਵੇਲੀ ਅੰਦਰ ਖਾਣ-ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਉਸ ਨੂੰ ਸਾਥੀਆਂ ਸਮੇਤ 7 ਦਸੰਬਰ ਸੰਨ 1715 ਈ. ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿੱਲੀ ਲਿਜਾ ਕੇ 700 ਸਾਥੀਆਂ ਵਿਚ ਸ਼ਹੀਦ ਕਰ ਦਿੱਤਾ ਗਿਆ।

17ਵੀਂ ਸਦੀ ਵਿਚ ਸਾਰਾ ਖ਼ਾਲਸਾ ਪੰਥ ਜੰਗਲਾਂ ਅਤੇ ਪਹਾੜਾਂ ਵਿਚੋਂ ਬਾਹਰ ਆ ਕੇ ਇਕੱਠਾ ਹੋ ਗਿਆ। ਖ਼ਾਲਸਾ ਪੰਥ 12 ਮਿਸਲਾਂ ਵਿਚ ਵੰਡਿਆ ਗਿਆ, ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ। ਇਨ੍ਹਾਂ ਵਿਚੋਂ ਇੱਕ ਮਿਸਲ ਸੀ ਸ਼ਹੀਦ ਮਿਸਲ ਸੀ। ਬਾਬਾ ਦੀਪ ਸਿੰਘ ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਥਾਪੇ ਗਏ। ਇਸ ਸਦੀ ਅੰਦਰ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਖ਼ੂਬ ਲੁੱਟਿਆ ਤੇ ਇੱਥੋਂ ਦੀਆਂ ਬਹੁ-ਬੇਟੀਆਂ ਦੀ ਇੱਜ਼ਤ ਦਾ ਵੀ ਖਿਲਵਾੜ ਕੀਤਾ। ਮਿਸਲਾਂ ਦੇ ਜਥੇਦਾਰਾਂ ਨੇ ਇਕੱਠੇ ਹੋ ਕੇ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤ ਦਾ ਲੁੱਟਿਆ ਬਹੁਤ ਕੀਮਤੀ ਸਾਮਾਨ ਵਾਪਸ ਦਿਵਾਇਆ ਜਾਂਦਾ ਰਿਹਾ।

5 ਫਰਵਰੀ ਸੰਨ 1762 ਈ. ਨੂੰ ਕੁੱਪ ਰਹੀੜੇ ਦੇ ਅਸਥਾਨ 'ਤੇ ਹੋਏ ਵੱਡੇ ਘੱਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਦੁਰਾਨੀ ਜਦ ਮੁੜਦਿਆਂ ਵਾਪਸ ਲਾਹੌਰ ਵੱਲ ਆਇਆ, ਤਾਂ ਰਸਤੇ ਵਿਚ ਸਿੰਘਾਂ ਉੱਪਰ ਖਿਝੇ ਹੋਏ ਨੇ ਸਿੰਘਾਂ ਦਾ ਬੀਜ ਨਾਸ ਕਰਨ ਲਈ ਸ੍ਰੀ ਅੰਮ੍ਰਿਤਸਰ ਦਾ ਤਾਲ ਮਿੱਟੀ ਨਾਲ ਭਰਵਾ ਦਿੱਤਾ ਤੇ 10 ਅਪ੍ਰੈਲ ਸੰਨ 1762 ਈ. ਮੁ. 1819 ਬਿਕਰਮੀ ਨੂੰ ਨੀਹਾਂ ਹੇਠ ਬਾਰੂਦ ਦੇ ਕੁੱਪੇ ਰੱਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉਡਾ ਦਿੱਤਾ।

ਇਸ ਹਮਲੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਇੰਚਾਰਜ ਜਮਾਲ ਖਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸਾਬੋ ਕੀ ਤਲਵੰਡੀ ਦੇ ਅਸਥਾਨ 'ਤੇ ਪੁੱਜੀ, ਤਾਂ ਆਪ ਦੇ ਦਿਲ 'ਤੇ ਅਸਹਿ ਸੱਟ ਵੱਜੀ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਆਸ-ਪਾਸ ਦੇ ਨਗਰਾਂ ਤੇ ਟਿਕਾਣਿਆਂ 'ਤੇ ਇਤਲਾਹ ਦਿੱਤੀ ਗਈ। ਵੱਖ-ਵੱਖ ਨਗਰਾਂ ਤੋਂ ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਵਿਚ ਪਾਵਨ ਧਰਮ ਅਸਥਾਨ ਦੀ ਰੱਖਿਆ ਲਈ ਹਾਜ਼ਰ ਹੋਏ। ਇਸ ਤਰ੍ਹਾਂ ਦਲ ਖਾਲਸਾ ਦੀ ਗਿਣਤੀ ਅਣਗਿਣਤ ਹੋ ਗਈ। ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜੱਥਾ ਮਾਝੇ ਦੇ ਇਲਾਕੇ ਅੰਦਰ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ ਵਿਖੇ ਪਹੁੰਚ ਕੇ ਸਿੰਘਾਂ ਦੇ ਸਾਰੇ ਸਮੂਹ ਨੇ ਅਰਦਾਸ ਕੀਤੀ। ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ, ਉਹ ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰਕੇ ਅੰਮ੍ਰਿਤਸਰ ਵੱਲ ਵਧਣ ਲੱਗੇ।



ਗੁਰਦੁਆਰਾ ਬੁਰਜ ਬਾਬਾ ਦੀਪ ਸਿੰਘ ਜੀ ਤਲਵੰਡੀ ਸਾਬੋ



ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪ੍ਰਕਰਮਾ ਵਿਚ ਗੁਰਦੁਆਰਾ ਸਾਹਿਬ

ਤਰਨ ਤਾਰਨ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘਾਂ ਦੇ ਜਥੇ ਨਾਲ ਦੁਸ਼ਮਣ ਦੀ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ ਵਿਚ ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਬਾਬਾ ਦੀਪ ਸਿੰਘ ਜੀ ਸਵਾ ਮਣ ਦਾ ਦੋ-ਧਾਰਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਮਾਲ ਖਾਨ ਅੱਗੇ ਵਧਿਆ ਤੇ ਬਾਬਾ ਜੀ 'ਤੇ ਵਾਰ ਕਰਨ ਲੱਗਾ। ਅੱਗੋਂ ਬਾਬਾ ਜੀ ਨੇ ਵੀ ਵਾਰ ਕੀਤਾ। ਇਸ ਸਾਂਝੇ ਵਾਰ ਵਿਚ ਬਾਬਾ ਜੀ ਨੇ ਉਸ ਮੁਗ਼ਲ ਕਮਾਂਡਰ ਨੂੰ ਤਾਂ ਥਾਂ 'ਤੇ ਹੀ ਖ਼ਤਮ ਕਰ ਦਿੱਤਾ ਪਰ ਨਾਲ ਹੀ ਇਨ੍ਹਾਂ ਦੀ ਧੌਣ ਉੱਤੇ ਇੱਕ ਘਾਤਕ ਘਾਉ ਲੱਗਾ, ਜਿਸ ਨਾਲ ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ ਸੀ, ਉਸ ਅਸਥਾਨ 'ਤੇ ਗੁਰਦੁਆਰਾ ਟਾਹਲਾ ਸਾਹਿਬ ਸੁਸ਼ੋਭਿਤ ਹੈ।

ਇੱਕ ਸਿੰਘ ਨੇ ਹੱਥ ਜੋੜਕੇ ਬਾਬਾ ਜੀ ਨੂੰ ਆਪਣਾ ਪ੍ਰਣ ਯਾਦ ਕਰਵਾਇਆ। ਫੇਰ ਕੀ ਸੀ, ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿਚ ਆ ਗਿਆ ਤੇ ਉਨ੍ਹਾਂ ਆਪਣਾ ਪਾਵਨ ਸੀਸ ਖੱਬੇ ਹੱਥ 'ਤੇ ਧਰ ਕੇ ਆਪਣਾ ਖੰਡਾ ਵਾਹੁੰਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾਂ ਤੱਕ ਜਾ ਪਹੁੰਚੇ। ਪਰਿਕਰਮਾਂ ਵਿਚ ਲਹਿੰਦੇ ਪਾਸੇ ਇਸ ਸਥਾਨ ਦੇ ਸਾਹਮਣੇ ਗੁਰਦੁਆਰਾ ਸੁਸ਼ੋਭਿਤ ਹੈ। ਇਥੋਂ ਤੱਕ ਅੱਪੜਦਿਆਂ ਬਾਬਾ ਜੀ ਨੇ ਕਈ ਪਠਾਣ ਤੇ ਅਫ਼ਗਾਨ ਮਾਰ ਮੁਕਾਏ ਸਨ। ਇਸ ਤਰ੍ਹਾਂ ਇਸ ਘਮਸਾਨ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫੌਜ ਦੇ ਹੌਂਸਲੇ ਟੁੱਟ ਗਏ ਤੇ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾਂ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ।

ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੇੜੇ ਇੱਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਉਸ ਥੜ੍ਹੇ ਉੱਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ:

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈੱਡ ਜਥੇਦਾਰ
2. ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰ ਗਏ।

ਚਾਟੀਵਿੰਡ ਗੇਟ ਦੇ ਨਾਲ ਬਾਬਾ ਦੀਪ ਸਿੰਘ ਜੀ ਦਾ ਸਸਕਾਰ ਜਿੱਥੇ ਕੀਤਾ ਗਿਆ, ਉੱਥੇ ਉਨ੍ਹਾਂ ਸ਼ਹੀਦੀ ਅਸਥਾਨ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਸੁਸ਼ੋਭਿਤ ਹੈ। ਗੁਰਦੁਆਰਾ ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖਤ ਸਾਹਿਬ ਦੇ ਸ਼ਸਤਰਾਂ ਵਿਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ।

# 'ਬੱਘੀ ਵਿਚ ਹਵੇਲੀਆਂ ਖੜ੍ਹੀ ਰਹਿਣੀ'...

## ਪੰਜਾਬੀਆਂ ਦਾ ਕੱਚੇ ਘਰਾਂ ਤੋਂ ਕੰਕਰੀਟ ਦੇ ਜੰਗਲਾਂ ਤੱਕ ਦਾ ਸਫ਼ਰ

ਮਨਜਿੰਦਰ ਸਿੰਘ ਸਰੌਦ
ਮਾਲੇਰਕੋਟਲਾ
94634-63136
ਪੰਜਾਬ ਮੇਲ USA





ਸਿਆਣੇ ਆਖਦੇ ਨੇ ਕਿ ਸਮਾਂ ਕਿਸੇ ਦਾ ਵੀ ਸਕਾ ਨਹੀਂ ਹੁੰਦਾ। ਇਹ ਆਪਣੀ ਚਾਲੇ ਚੱਲਦਾ ਰਹਿੰਦਾ ਹੈ। ਫੈਸਲਾ ਮਨੁੱਖ ਨੇ ਕਰਨਾ ਹੁੰਦੈ ਕਿ ਉਸ ਨੇ ਸਮੇਂ ਨੂੰ ਆਪਣੇ ਅਨੁਸਾਰ ਢਾਲਣਾ ਕਿਵੇਂ ਹੈ। ਜੇਕਰ ਮਨੁੱਖ ਦਾ ਮੁੱਢ ਕਦੀਮ ਤੋਂ ਜ਼ਿਕਰ ਕਰਨਾ ਸ਼ੁਰੂ ਕਰੀਏ, ਤਾਂ ਸ਼ਾਇਦ ਲੰਮਾਂ ਸਮਾਂ ਲੱਗ ਜਾਵੇ। ਇਤਿਹਾਸ ਦੇ ਪੰਨਿਆਂ ਨੂੰ ਖੰਗਾਲੀਏ ਤਾਂ ਪਤਾ ਲੱਗਦਾ ਕਿ ਇਨਸਾਨ ਜੰਗਲ ਵਿਚੋਂ ਦੀ ਹੋ ਕੇ ਕੰਕਰੀਟ ਦੀਆਂ ਸੜਕਾਂ ਤੋਂ ਦੀ ਹੁੰਦਾ ਹੋਇਆ ਆਖਰ ਆਲੀਸ਼ਾਨ ਕੋਠੀਆਂ ਦਾ ਸ਼ਿੰਗਾਰ ਬਣ ਗਿਆ। ਇਹ ਸਫ਼ਰ ਉਸ ਨੇ ਮਹਿਜ਼ ਕੁਝ ਵਰ੍ਹਿਆਂ ਵਿਚ ਤੈਅ ਕੀਤਾ ਹੈ। ਇਸ ਸਫ਼ਰ ਦੌਰਾਨ ਮਨੁੱਖ ਨੇ ਸੰਗਮਰਮਰ ਤੋਂ ਲੈ ਕੇ ਆਪਣੇ ਆਲੇ-ਦੁਆਲੇ ਕੰਕਰੀਟ ਦਾ ਅਜਿਹਾ ਢਾਂਚਾ ਤਿਆਰ ਕਰ ਲਿਆ, ਜਿਸ ਵਿਚੋਂ ਨਿਕਲਣਾ ਸ਼ਾਇਦ ਹੁਣ ਇਨਸਾਨ ਦੇ ਵਸ ਦੀ ਗੱਲ ਨਹੀਂ ਰਹੀ। ਥੋੜਾ ਪਿੱਛੇ ਵੱਲ ਪਰਤੀਏ, ਤਾਂ ਇਸ ਸਦੀਵੀ ਸੱਚ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਕਿਵੇਂ ਸਾਡੇ ਬਜ਼ੁਰਗ ਕੱਚੇ ਘਰਾਂ ਵਿਚ ਰਹਿੰਦੇ ਸਨ ਤੇ ਉਨ੍ਹਾਂ ਦੇ ਇਰਾਦੇ ਦ੍ਰਿੜ੍ਹ ਪੱਕੇ ਸਨ। ਜਦ ਕੱਚੇ ਘਰ ਦੀ ਚਾਰਦੀਵਾਰੀ ਅੰਦਰ ਸਾਰੇ ਪਰਿਵਾਰ ਨੇ ਇਕੱਠੇ ਹੋ ਕੇ ਬੈਠਣਾ, ਤਾਂ ਕਿਵੇਂ ਅਜਬ ਨਜ਼ਾਰਾ ਪੈਦਾ ਹੁੰਦਾ ਸੀ ਤੇ ਰੂਹ ਸਕੂਨ ਨਾਲ ਤਰ ਹੋ ਜਾਂਦੀ ਸੀ। ਪਰਿਵਾਰਾਂ ਦਾ ਥਬਾਕ ਸੀ। ਸਾਰੇ ਲੋਕ ਇੱਕ ਦੂਜੇ ਦੇ ਮੋਢੇ ਉੱਤੇ ਸਿਰ ਰੱਖ ਕੇ, ਦੁੱਖ-ਸੁੱਖ ਵਿਚ ਸਹਾਈ ਹੁੰਦੇ ਸਨ।

ਪਰ ਸਮੇਂ ਦੀ ਮਾਰੀ ਪਲਟੀ ਨੇ ਚਕਾਚੌਂਧ ਤੇ ਗਲੈਮਰ ਦੀ ਦੁਨੀਆਂ ਨੂੰ ਸਾਡੇ ਚੇਤਿਆਂ ਉੱਤੇ ਇਸ ਕਦਰ ਹਾਵੀ ਕਰ ਦਿੱਤਾ ਕਿ ਅਸੀਂ ਪਿਛਲਾ ਸਭ ਕੁਝ ਸਾਦ-ਮੁਰਾਦ ਭੁੱਲ ਕੇ 'ਨਵੇਂ ਨੂੰ ਹਾਸਲ' ਕਰਨ ਦੇ ਲਈ ਇੱਕ ਅਵੱਲੀ ਦੌੜ ਲਾ ਦਿੱਤੀ। ਜੋ ਦੌਰ ਅਸੀਂ ਸ਼ੁਰੂ ਕਰ ਚੁੱਕੇ ਹਾਂ, ਉਹ ਹੁਣ ਸ਼ਾਇਦ ਹੀ ਕਿਤੇ ਜਾ ਕੇ ਰੁਕੇ। ਹੁਣ ਇਹ ਦੌੜ ਕਾਰਾਂ, ਕੋਠੀਆਂ ਤੋਂ ਅਗਾਂਹ ਜਾ ਕੇ ਸ਼ਾਹੀ ਮਰਨਿਆਂ ਤੱਕ ਪਹੁੰਚ ਚੁੱਕੀ ਹੈ, ਜੋ ਇੱਕ ਬੇਹੱਦ ਹੈਰਾਨੀਜਨਕ ਵਰਤਾਰਾ ਹੈ। ਕਿਸੇ ਸਮੇਂ ਜਦ ਘਰ ਅੰਦਰ ਕਿਸੇ ਬਜ਼ੁਰਗ ਦੀ ਮੌਤ ਹੋ ਜਾਂਦੀ ਸੀ, ਤਾਂ ਸਾਰਾ ਪਿੰਡ ਢਕੋ-ਢਕੀ ਜੁੜ ਕੇ ਦਿਨ-ਰਾਤ ਉਸ ਪਰਿਵਾਰ ਦੇ ਘਰ ਸੱਥਰ 'ਤੇ ਬੈਠ ਕੇ ਦੁੱਖ ਵੰਡਾਉਂਦਾ ਸੀ ਪਰ ਅਫਸੋਸ ਅਸੀਂ ਅੱਜ ਕਿੰਨੇ ਖੁਦਗਰਜ਼ ਹੋ ਚੁੱਕੇ ਹਾਂ ਕਿ ਕਿਸੇ ਦੇ ਜਵਾਨ ਪੁੱਤ ਦੀ ਮੌਤ ਦਾ ਦੁੱਖ ਵੰਡਾਉਣ ਤੋਂ ਵੀ ਇਨਕਾਰੀ ਹੋ ਪਹਿਲਾਂ ਸੌ ਵਾਰ ਸੋਚ ਕੇ ਉਸ ਦੇ ਘਰ ਜਾਂਦੇ ਹਾਂ। ਲੰਘੇ ਵੇਲੇ ਸਾਂਝੇ ਪਰਿਵਾਰਾਂ ਅੰਦਰ ਸਾਰਾ ਪਰਿਵਾਰ ਚੁੱਲ੍ਹੇ ਦੇ ਆਲੇ-ਦੁਆਲੇ ਬੈਠ ਕੇ ਸਿਦਕ ਤੇ ਮਿਹਨਤ ਦੀ ਸਕੂਨ ਭਰੀ ਰੋਟੀ ਖਾਂਦਾ ਸੀ ਪਰ ਅੱਜ ਆਪਾਂ ਨੂੰ ਆਪੋ-ਆਪਣੇ ਹਾਈ-ਫਾਈ ਤੇ ਕਮਰਿਆਂ ਅੰਦਰ ਵੀ ਸੁੱਖ ਤੇ ਚੈਨ ਨਸੀਬ ਕਿਉਂ ਨਹੀਂ ਹੋ ਰਿਹਾ, ਇਹ ਸਵਾਲ ਵੱਡੇ ਹਨ। ਕਿੰਨੇ ਵਧੀਆ ਸਨ ਉਹ ਪੁਰਾਣੇ ਮਿੱਟੀ ਦੀ ਤਲੀ ਵਾਲੇ ਘਰ, ਜਿੱਥੇ ਸਕੂਨ ਤਾਂ ਮਿਲਦਾ ਸੀ।

ਲੰਘੇ ਸਮੇਂ ਇੱਕ ਕਹਾਵਤ ਆਮ ਸਾਡੇ ਘਰਾਂ ਵਿਚ ਬੋਲੀ ਜਾਂਦੀ ਸੀ ਕਿ ਘਰ ਉੱਤੇ ਖਰਚ ਕੀਤੇ ਪੈਸੇ ਦੀ ਬਾਅਦ ਵਿਚ ਕੋਈ ਆਮਦਨ ਨਹੀਂ ਹੁੰਦੀ। ਘਰ ਕੋਈ ਵੀ ਆਮਦਨ ਨਹੀਂ ਦਿੰਦਾ, ਇਸ ਨੂੰ ਜਿੰਨਾ ਮਰਜ਼ੀ ਸ਼ਿੰਗਾਰ ਦਿਓ ਜਾਂ ਮਹਿੰਗੇ ਮੁੱਲ ਦਾ ਬਣਾ ਲਓ, ਕੋਈ ਫ਼ਰਕ ਨਹੀਂ ਪੈਂਦਾ ਅਤੇ ਇੱਕ ਵਾਰ ਜਿਨ੍ਹਾਂ ਖਰਚਾ ਹੋ ਗਿਆ, ਉਸ ਦੀ ਭਰਪਾਈ ਵੀ ਨਹੀਂ ਹੁੰਦੀ ਕਿਉਂਕਿ ਘਰ ਨੇ ਕਿਹੜਾ ਕੋਈ ਆਮਦਨ ਦੇਣੀ ਹੁੰਦੀ ਹੈ। ਪਰ ਅੱਜਕੱਲ੍ਹ ਹਾਲਾਤ ਉਸ ਦੇ ਬਿਲਕੁਲ ਉਲਟ ਬਣ ਚੁੱਕੇ ਹਨ। ਸਾਡਾ ਸਾਰਾ ਦਾਰੋ-ਮਦਾਰ ਕੇਵਲ ਤੇ ਕੇਵਲ ਕਾਰਾਂ ਅਤੇ ਕੋਠੀਆਂ 'ਤੇ ਹੈ। ਸਿਵਾਏ ਫਜ਼ੂਲ ਖਰਚੀ ਤੋਂ ਸਾਡੇ ਪੱਲੇ ਕੱਖ ਵੀ ਨਹੀਂ ਹੈ। ਅੱਜਕੱਲ੍ਹ ਪੰਜਾਬੀ ਆਮ ਕਹਿੰਦੇ ਸੁਣੇ ਜਾ ਸਕਦੇ ਹਨ ਕਿ ਕੁੱਲੀ 'ਚ ਭਾਵੇਂ ਕੱਖ ਨਾ ਰਹੇ ਪਰ ਕੋਠੀਆਂ ਦੇ ਵੱਟ ਕੱਢ ਕੇ ਰੱਖ ਦਿਆਂਗੇ। ਕੋਠੀ ਨੂੰ ਤਿਆਰ ਕਰਨ ਮੌਕੇ ਅਸੀਂ ਗਵਾਂਢੀ ਦੇ ਨਾਲ ਮੁਕਾਬਲਾ ਬਣਾ ਲਿਆ ਹੈ। ਪਤਾ ਨਹੀਂ ਕਿਉਂ ਅਸੀਂ ਵੇਖੋ-ਵੇਖੀ, ਅੰਦਰੋਂ-ਅੰਦਰੀ ਬੁਰੀ ਤਰ੍ਹਾਂ ਕੁੜ ਕੇ ਸਭ ਕੁੱਝ ਨੂੰ ਵਿਸਾਰਦਿਆਂ ਕੇਵਲ ਕੋਠੀਆਂ 'ਤੇ ਕਰੋੜਾਂ ਰੁਪਇਆ ਖਰਚ ਕਰ ਰਹੇ ਹਾਂ। ਪੰਜਾਬ ਅੰਦਰ ਜਿੱਧਰ ਵੀ ਨਿਗ੍ਹਾ ਮਾਰੋ, ਚਾਰੇ ਪਾਸੇ ਕੋਠੀਆਂ ਦਾ ਆਲਮ ਹੈ। ਕੋਠੀਆਂ ਆਲੀਸ਼ਾਨ ਬਣਦੀਆਂ ਜਾ ਰਹੀਆਂ ਹਨ ਪਰ ਇਨਸਾਨ ਅੰਦਰੋਂ ਖ਼ੁਰਦਾ ਜਾ ਰਿਹਾ ਹੈ ਤੇ ਕਰਜ਼ਈ ਹੋ ਕੇ ਕਰਜ਼ੇ ਦੀ ਦਲਦਲ ਵਿਚ ਧੱਸਦਾ ਜਾ ਰਿਹਾ ਹੈ।

ਇਕ ਇਸ ਕੌੜੇ ਸੱਚ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਅੱਜ ਭਾਵੇਂ ਮਨੁੱਖ ਵੱਲੋਂ ਆਪਣੇ ਰਹਿਣ ਬਸੇਰੇ ਦੇ ਲਈ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ ਪਰ ਸੋਚਣ ਦਾ ਵਿਸ਼ਾ ਇਹ ਵੀ ਹੈ ਕਿ ਇਨ੍ਹਾਂ ਕਰੋੜਾਂ ਰੁਪਿਆ ਖਰਚ ਕੇ ਤਿਆਰ ਕੀਤੇ ਰਹਿਣ ਬਸੇਰਿਆਂ ਵਿਚ ਆਖਰ ਰਹਿੰਦਾ ਕੌਣ ਹੈ। ਜੇਕਰ ਦੁਆਬੇ ਦੀ ਧਰਤੀ ਦੀ ਗੱਲ ਕਰੀਏ, ਤਾਂ ਉਥੇ ਤਾਂ ਵਰ੍ਹਿਆਂ ਪਹਿਲਾਂ ਹੀ ਪੰਜਾਬੀਆਂ ਦੇ ਹੋ ਚੁੱਕੇ ਪ੍ਰਵਾਸ ਨੇ ਇਸ ਗੱਲ 'ਤੇ ਮੋਹਰ ਲਗਾ ਦਿੱਤੀ ਸੀ ਕਿ ਇਨ੍ਹਾਂ ਕੋਠੀਆਂ ਅੰਦਰ ਆਖਿਰ ਕਬੂਤਰਾਂ ਨੇ ਬੋਲਣਾ ਹੈ। ਜਿੰਨਾ ਖਰਚਾ ਅਸੀਂ ਇਨ੍ਹਾਂ ਕੋਠੀਆਂ 'ਤੇ ਕਰ ਦਿੱਤਾ, ਉਸ ਦੇ ਨਾਲ ਇੱਕ ਨਸਲ ਦੀ ਦਸ਼ਾ ਬਦਲੀ ਜਾ ਸਕਦੀ ਸੀ। ਪਰ ਉਸ ਵੱਲ ਤਾਂ ਕਿਸੇ ਦਾ ਖਿਆਲ ਹੀ ਨਹੀਂ ਗਿਆ। ਅਸੀਂ ਤਾਂ ਸਾਰਾ ਕੁਝ ਕੋਠੀਆਂ ਅਤੇ ਫ਼ਜ਼ੂਲ ਖਰਚਿਆਂ 'ਤੇ ਲਾ ਦਿੱਤਾ। ਫਜ਼ੂਲਖਰਚੀ ਤੇ ਸਮਾਜਿਕ ਰਹੁ-ਰੀਤਾਂ ਨੂੰ ਬਰਕਰਾਰ ਰੱਖਣ ਦੇ ਲਈ ਚਿੰਤਕ ਲੋਕਾਂ ਵਲੋਂ ਸਾਨੂੰ ਹਲੂਣਾ ਦੇਣ ਦਾ ਯਤਨ ਜ਼ਰੂਰ ਕੀਤਾ ਸੀ ਪਰ ਉਸ ਤੇ ਧਿਆਨ ਦੇਣਾ ਕਿਸ ਸੱਜਣ ਨੇ ਹੈ ਕਿਉਂਕਿ ਚੰਗੇ ਕੰਮ ਦੀ ਗੱਲ ਤਾਂ ਸਾਡੇ ਕੰਨਾਂ ਵਿਚ ਪੈਂਦੀ ਹੀ ਨਹੀਂ। ਸਾਡਾ ਨਿਸ਼ਾਨਾ ਤਾਂ ਸਿਰਫ ਵੱਡੀ ਕੋਠੀ ਅਤੇ ਮਹਿੰਗੀ ਕਾਰ ਹੈ। ਅਸੀਂ ਸਿਰਫ ਇੱਥੇ ਤੱਕ ਸਿਮਟ ਕੇ ਰਹਿ ਚੁੱਕੇ ਹਾਂ।

ਇੱਕ ਵਾਰ ਤਾਂ ਪੰਜਾਬੀਆਂ ਵੱਲੋਂ ਕਰਜ਼ੇ ਚੁੱਕ ਕੇ ਕੋਠੀਆਂ ਖੜ੍ਹੀਆਂ ਕਰ ਲਈਆਂ ਪਰ ਉਨ੍ਹਾਂ ਕਰਜ਼ਿਆਂ ਨੂੰ ਵਾਪਸ ਕਿਸ ਨੇ ਮੋੜਨਾ ਹੈ, ਸਾਨੂੰ ਤਾਂ ਇਸ ਗੱਲ ਦਾ ਵੀ ਭੋਰਾ ਭਰ ਵੀ ਇਲਮ ਨਹੀਂ। ਪਹਿਲਾਂ ਇਹ ਕਰਜ਼ਾ ਹਜ਼ਾਰਾਂ ਰੁਪਏ ਦੇ ਵਿਚ ਸੀ। ਫਿਰ ਲੱਖਾਂ ਵਿਚ ਹੋ ਗਿਆ ਤੇ ਹੁਣ ਗੱਲ ਕਰੋੜਾਂ ਰੁਪਏ ਤੱਕ ਪਹੁੰਚ ਚੁੱਕੀ ਹੈ। ਬਹੁਤ ਸਾਰੇ ਪਰਿਵਾਰ ਕੇਵਲ ਲੱਖਾਂ ਰੁਪਏ ਵਿਆਜ ਦਾ ਹੀ ਬੈਂਕ ਨੂੰ ਦੇ ਦਿੰਦੇ ਹਨ। ਸਾਡਾ ਸਰਮਾਇਆ ਅੱਜ ਫਜ਼ੂਲ ਖ਼ਰਚੀ 'ਤੇ ਜ਼ਿਆਦਾ ਖਰਚ ਹੋ ਰਿਹਾ ਹੈ, ਜਦਕਿ ਚੰਗੇ ਕੰਮਾਂ ਤੋਂ ਅਸੀਂ ਪਾਸਾ ਵੱਟ ਰਹੇ ਹਾਂ, ਇਹ ਸਿਰਫ ਤੇ ਸਿਰਫ ਸਾਡੀ ਤ੍ਰਾਸਦੀ ਹੈ। ਸ਼ਾਹੂਕਾਰਾਂ ਵਲੋਂ ਆਪਣੇ ਘਰਾਂ ਨੂੰ ਕੱਚੇ ਰੱਖ ਕੇ ਤਿਜੌਰੀ ਦੇ ਮੂੰਹ ਨੱਕੋ-ਨੱਕ ਭਰ ਲਏ ਹਨ ਤੇ ਉਸਦੇ ਬਦਲੇ ਵਿਚ ਅਸੀਂ ਆਪਣੇ ਹੱਥੀਂ ਜੰਮਿਆਂ ਨੂੰ ਵਿਦੇਸ਼ਾਂ ਵਿਚ ਪੱਕੇ ਕਰਨ ਦੇ ਨਾਂ 'ਤੇ ਆਪਣੇ ਤੋਂ ਦੂਰ ਕਰ ਲਿਆ ਹੈ। ਸ਼ਾਹੂਕਾਰਾਂ ਵੱਲੋਂ ਸਾਡੇ ਦਿੱਤੇ ਪੈਸਿਆਂ ਦੇ ਵਿਆਜ ਨਾਲ ਹੀ ਆਪਣੀ ਔਲਾਦ ਨੂੰ ਇੱਥੇ ਕਾਰੋਬਾਰ ਚਲਾ ਕੇ ਦਿੱਤੇ ਜਾ ਰਹੇ ਹਨ। ਫਿਰ ਸਹੀ ਕੌਣ ਹੋਇਆ, ਅਸੀਂ ਕਿ ਉਹ। ਅਸੀਂ ਤਾਂ ਇੱਥੇ ਇਹ ਫੈਸਲਾ ਵੀ ਨਹੀਂ ਕਰ ਪਾ ਰਹੇ। ਸਾਨੂੰ ਤਾਂ ਸਿਰਫ਼ ਤੇ ਸਿਰਫ਼ ਆਲੀਸ਼ਾਨ ਕੋਠੀ ਅਤੇ ਫਜ਼ੂਲ ਖਰਚੀ ਦੇ ਨਾਂ 'ਤੇ ਕੀਤੇ ਜਾ ਰਹੇ ਵਿਆਹ ਅਤੇ ਮਰਗ ਦੇ ਭੋਗ ਹੀ ਦਿਖਾਈ ਦਿੰਦੇ ਹਨ, ਜੋ ਕੀਤੇ ਨਾ ਕੀਤੇ ਸਾਡੇ ਪਤਨ ਦਾ ਕਾਰਨ ਬਣ ਰਹੇ ਹਨ।

ਹੱਥੀਂ ਕਰਜ਼ਾ ਚੁੱਕ ਕੇ ਲਏ ਫਾਹਿਆਂ ਨੇ ਸਾਡੀ ਕਮਰ ਤੋੜ ਕੇ ਰੱਖ ਦਿੱਤੀ। ਅਸੀਂ ਭਾਈਚਾਰਕ ਸਾਂਝ ਤਾਂ ਗਵਾ ਹੀ ਦਿੱਤੀ ਤੇ ਅਸੀਂ ਕਿਸੇ ਦੇ ਵੀ ਸਕੇ ਨਾ ਬਣ ਸਕੇ। ਸਾਡੇ ਮਰਗ ਦੇ ਭੋਗਾਂ 'ਤੇ ਅੱਜਕੱਲ੍ਹ ਖਰਚਿਆਂ ਜਾ ਰਿਹਾ ਲੱਖਾਂ ਰੁਪਈਆ ਸਾਡੀ ਸੂਝ-ਬੂਝ ਦੇ ਨਿਕਲੇ ਦਿਵਾਲੇ ਦਾ ਪ੍ਰਤੀਕ ਮੰਨਿਆ ਜਾ ਰਿਹਾ ਹੈ। ਅਸੀਂ ਕੋਠੀਆਂ ਤਾਂ ਵੱਡੀਆਂ ਪਾ ਲਈਆਂ ਤੇ ਆਪਣੀਆਂ ਧੀਆਂ ਨੂੰ ਵੀ ਕੋਠੇ ਜਿੱਡੀਆਂ ਜ਼ਰੂਰ ਕਰ ਲਿਆ। ਪਰ ਕੋਠੀ ਦੇ ਚਾਅ ਵਿਚ ਉਸ ਦਾ ਵਿਆਹ ਹੀ ਭੁੱਲ ਗਿਆ ਕਿ ਇਸ ਨੂੰ ਵੀ ਬੇਗਾਨੇ ਘਰ ਤੋਰਨਾ ਹੈ। ਕੋਠੀ ਛੋਟੀ ਨਾ ਰਹੇ ਪਰ ਧੀ ਦਾ ਕੋਈ ਫ਼ਿਕਰ ਨਹੀਂ। ਬਜ਼ੁਰਗਾਂ ਦਾ ਮਰਨਾ ਵੀ ਪੈਲਸਾਂ ਦੇ ਵਿਚ ਕੀਤਾ ਜਾ ਰਿਹਾ ਹੈ, ਜਿੱਥੇ ਮਹਿੰਗੇ ਪਕਵਾਨ ਕੂਕ-ਕੂਕ ਕੇ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਸਾਡੇ ਗੁਰੂ ਸਾਹਿਬਾਨ ਨੇ ਤਾਂ ਕਦੇ ਵੀ ਸਾਨੂੰ ਇਹ ਰਸਤਾ ਨਹੀਂ ਸੀ ਵਿਖਾਇਆ, ਜਿਸ ਨੂੰ ਅਸੀਂ ਅਖਤਿਆਰ ਕਰ ਚੁਕੇ ਹਾਂ। ਪੰਜਾਬੀਓ ਕਿਹੜੇ ਰਾਹ ਤੁਰ ਪਏ ਤੁਸੀਂ। ਸਾਡੇ ਗੁਰੂ ਸਾਹਿਬਾਨ ਨੇ ਤਾਂ ਹਮੇਸ਼ਾ ਹੀ ਸਾਨੂੰ ਸਾਦਗੀ ਦਾ ਲੜ ਫੜ ਕੇ ਰੱਖਣ ਲਈ ਆਖਿਆ ਸੀ ਪਰ ਅਸੀਂ ਉਸ ਲੜ ਨੂੰ ਤਾਂ ਵਿਸਾਰ ਹੀ ਦਿੱਤਾ, ਸਗੋਂ ਉਸ ਅਲਾਮਤ ਰੂਪੀ ਰਾਹ ਦਾ ਲੜ ਫੜ ਲਿਆ, ਜਿਸ ਦਾ ਸਿਰਾ ਬੇਹੱਦ ਖਤਰਨਾਕ ਰੂਪੀ ਦਿਸ਼ਾ ਵਿਚ ਜਾਂਦਾ ਹੈ।

ਜੇ ਆਖਿਰ ਵਿਚ ਇਸ ਸਭ ਕੁੱਝ ਦਾ ਸਿੱਟਾ ਕੱਢਣਾ ਹੋਵੇ, ਤਾਂ ਸਾਨੂੰ ਕੋਠੀਆਂ 'ਤੇ ਫਜ਼ੂਲ ਖਰਚੀ ਦੇ ਕਾਰਨ ਜਿੱਥੇ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ, ਉਥੇ ਹੀ ਇਸ ਚਕਾਚੌਂਧ ਭਰੇ ਵਰਤਾਰੇ ਨੇ ਇਨਸਾਨੀ ਮਨ ਦੇ ਅੰਦਰ ਹਉਮੈ ਪੈਦਾ ਕੀਤੀ ਹੈ। ਭਾਈਚਾਰਕ ਸਾਂਝ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ। ਕੋਠੀਆਂ ਤੋਂ ਬਾਅਦ ਮਰਨੇ 'ਤੇ ਲੱਖਾਂ ਖਰਚ ਕੇ ਪੰਜਾਬੀ ਆਖਰ ਸਿੱਧ ਕੀ ਕਰਨਾ ਚਾਹੁੰਦੇ ਹਨ, ਇਹ ਸਵਾਲ ਵੀ ਵੱਡਾ ਹੈ। ਲਿਮਟਾਂ ਚੁੱਕ-ਚੁੱਕ ਕੇ ਬਣਾਈਆਂ ਕੋਠੀਆ 'ਤੇ ਕੀਤੇ ਮਰਨੇ, ਭੋਗ, ਵਿਆਹ ਸਾਡੇ ਸਮਾਜ ਨੂੰ ਇੱਕ ਉਸ ਅੰਨ੍ਹੇ ਖੂਹ ਵੱਲ ਧੱਕ ਕੇ ਲੈ ਗਏ, ਜਿੱਥੋਂ ਹੁਣ ਵਾਪਸ ਪਰਤਣਾ ਬੇਹੱਦ ਔਖਾ ਹੈ। ਬੱਚਿਆਂ ਦੇ ਵਿਆਹਾਂ ਨੂੰ ਹਜ਼ਾਰਾਂ ਦੀ ਬਜਾਏ ਕਰੋੜਾਂ ਵਿਚ ਪਹੁੰਚਦਾ ਕਰ ਦਿੱਤਾ। ਇਹ ਕਸੂਰ ਕਿਸਦਾ ਹੈ। ਮਸ਼ੀਨਰੀ ਉੱਤੇ ਲੱਖਾਂ ਰੁਪਏ ਖਰਚ ਕੇ ਆਖਰ ਅਸੀਂ ਸਿਵਾਏ ਦਿਖਾਵੇ ਤੋਂ ਹੋਰ ਕਰ ਵੀ ਕੀ ਰਹੇ ਹਾਂ। ਬਹੁਤੇ ਪਰਿਵਾਰ ਕਰਜ਼ਈ ਹੋ ਕੇ ਦੋ ਡੰਗ ਦੀ ਰੋਟੀ ਤੋਂ ਵੀ ਮੁਹਤਾਜ ਹੋ ਗਏ। ਧੀਆਂ ਪੁੱਤਰਾਂ ਦੇ ਵਿਆਹਾਂ ਦਾ ਫਿਕਰ ਹੋ ਗਿਆ। ਘਰਾਂ ਦੇ ਵਿਚ ਸੱਥਰ ਵਿੱਛਣ ਲੱਗ ਪਏ, ਸਾਡੇ ਪੱਲੇ ਬਚਿਆ ਹੀ ਕੱਖ ਨਹੀਂ, ਅਸੀਂ ਇੱਕ ਬੇਹੱਦ ਲੰਬੀ ਦੌੜ 'ਤੇ ਨਿਕਲ ਚੁੱਕੇ ਹਾਂ, ਜਿਸ ਦਾ ਨਾਮ ਹੈ 'ਦਿਖਾਵਾ'। ਬਿਨਾਂ ਸ਼ੱਕ ਪੰਜਾਬੀਆਂ ਦੀ ਇਹ ਦੌੜ ਆਖਰ ਮੁੱਕੇਗੀ ਕਦ, ਕੁਝ ਵੀ ਕਿਹਾ ਨਹੀਂ ਜਾ ਸਕਦਾ। ਆਉਣ ਵਾਲਾ ਸਮਾਂ ਭਾਵੇਂ ਭਵਿੱਖ ਦੇ ਗਰਭ ਵਿਚ ਹੈ ਪਰ ਅੱਜ ਕੁਝ ਵੀ ਹੋਵੇ, ਪੰਜਾਬੀਆਂ ਦਾ ਕੱਚੇ ਘਰਾਂ ਤੋਂ ਆਲੀਸ਼ਾਨ ਕੋਠੀਆਂ ਤੱਕ ਦਾ ਸਫਰ ਬੇਹੱਦ ਡਰਾਵਣਾ ਬਣਦਾ ਜਾ ਰਿਹਾ ਹੈ। ਰੱਬ ਖ਼ੈਰ ਕਰੇ।

# ਮੇਰੀ ਲੋਥ ਤਾਂ ਸ਼ਾਇਦ ਤੁਹਾਨੂੰ ਨਹੀਂ ਲੱਭਣੀ, ਤੇ ਨਾ ਹੀ ਪਤਾ ਲੱਗੇਗਾ ਮੇਰੇ ਮਰਨ ਦੀ ਤਾਰੀਖ ਅਤੇ ਬਕੂਏ ਦਾ, ਨਹੀਂ ਤਾਂ ਮੈਂ ਤੁਹਾਨੂੰ ਅੰਤਿਮ ਸੰਸਕਾਰ ਬਾਰੇ ਵੀ ਲਿਖਣਾ ਸੀ ਜ਼ਰੂਰ।

-ਸ਼ਹੀਦ ਸੰਤ ਰਾਮ ਉਦਾਸੀ ਜੀ ਦੀ ਧੀ
ਪ੍ਰਿਤਪਾਲ ਕੌਰ ਉਦਾਸੀ
ਪੰਜਾਬ ਮੇਲ USA



ਲੋਕ ਸੰਘਰਸ਼ਾਂ ਦਾ ਸੂਰਮਾ, ਕਿਰਤੀ ਲੋਕਾਂ ਦਾ ਬੁਲਾਰਾ, ਇਨਕਲਾਬੀ ਲੋਕ ਕਵੀ ਸੰਤ ਰਾਮ ਉਦਾਸੀ ਜੀ, ਮੇਰੇ ਸਤਿਕਾਰਯੋਗ ਪਿਤਾ ਜੀ, ਅੱਜ ਤੋਂ 39 ਵਰ੍ਹੇ ਪਹਿਲਾਂ 6 ਨਵੰਬਰ 1986 ਨੂੰ ਆਪਣੇ ਪਰਿਵਾਰ ਅਤੇ ਲੱਖਾਂ ਚਾਹੁਣ ਵਾਲਿਆਂ ਨੂੰ ਸਦੀਵੀ ਵਿਛੋੜਾ ਦੇ ਗਏ ਸਨ।

ਪਰਿਵਾਰ ਕੋਲੋਂ ਤਾਂ ਉਹ ਦੋ ਨਵੰਬਰ ਦੀ ਸ਼ਾਮ ਨੂੰ ਹੀ ਵਿੱਛੜ ਗਏ ਸਨ, ਜਦੋਂ ਉਨ੍ਹਾਂ ਨੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸੱਦੇ 'ਤੇ ਇੱਕ ਧਾਰਮਿਕ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਸਾਡੇ ਦਾਦੀ ਜੀ, ਬੇਬੇ ਸਰਦਾਰਨੀ ਧੰਨ ਕੌਰ ਜੀ ਅਤੇ ਸਾਰੇ ਟੱਬਰ ਨਾਲ ਜਲਦੀ ਵਾਪਸ ਆਉਣ ਦਾ ਵਾਅਦਾ ਕਰਕੇ ਬਰਨਾਲ਼ੇ ਦੇ ਰੇਲਵੇ ਸਟੇਸ਼ਨ ਤੋਂ ਰਾਤ ਦੀ ਟ੍ਰੇਨ ਵਿਚ ਸਵਾਰ ਹੋ ਗਏ ਸਨ। ਉਨ੍ਹਾਂ ਵੱਲੋਂ ਲਿਖੀਆਂ ਗਈਆਂ ਉਪਰੋਕਤ ਕਵਿਤਾ ਦੀਆਂ ਸਤਰਾਂ ਜੋ ਕਿ ਅਗਸਤ 1975 ਨੂੰ ਕੇਂਦਰੀ ਜੇਲ੍ਹ ਸੰਗਰੂਰ ਵਿਖੇ ਨਜ਼ਰਬੰਦੀ ਦੌਰਾਨ ਲਿਖੀਆਂ ਗਈਆਂ ਸਨ, ਇੱਕ ਸੱਚੀ ਭਵਿੱਖਬਾਣੀ ਸਾਬਿਤ ਹੋ ਨਿਬੜੀਆਂ, ਕਿਉਂਕਿ ਨਾ ਹੀ ਤਾਂ ਪਾਪਾ ਦੀ ਲੋਥ ਪਰਿਵਾਰ ਨੂੰ ਮਿਲੀ ਅਤੇ ਨਾ ਹੀ ਉਨ੍ਹਾਂ ਦੇ ਅੰਤਿਮ ਸਸਕਾਰ ਦਾ ਦਿਨ ਅਤੇ ਤਰੀਕ ਦਾ ਕੋਈ ਪਤਾ ਲੱਗਿਆ। ਉਨ੍ਹਾਂ ਦੇ ਅੰਤਿਮ ਦਿਨ ਅਤੇ ਤਰੀਕ ਨੂੰ ਵੀ ਜਾਣਬੁੱਝ ਕੇ ਗਲਤ-ਮਲਤ ਪ੍ਰਚਾਰਿਆ ਗਿਆ, ਤਾਂ ਕਿ ਮੌਤ ਦੇ ਕਾਰਨਾਂ ਦੇ ਸੱਚ ਤੱਕ ਨਾ ਪਹੁੰਚਿਆ ਜਾ ਸਕੇ। ਪਰਿਵਾਰ ਨੂੰ ਤਾਂ ਬਸ ਇੱਕ ਟੈਲੀਗ੍ਰਾਮ ਰਾਹੀਂ ਤਿੰਨ ਦਿਨ ਬਾਅਦ ਉਨ੍ਹਾਂ ਦੀ ਮੌਤ ਦੀ ਸੂਚਨਾ ਅਤੇ ਮਹੀਨੇ ਬਾਅਦ ਡੈਥ ਸਰਟੀਫਿਕੇਟ ਅਤੇ ਪੋਸਟਮਾਰਟਮ ਦੀ ਰਿਪੋਰਟ ਜਿਹਦੇ ਵਿਚ ਮੌਤ ਦਾ ਕਾਰਨ (ਕਾਜ਼ ਆਫ ਡੈਥ) ਵਾਲਾ ਖਾਨਾ ਖਾਲੀ ਛੱਡਿਆ ਹੋਇਆ ਸੀ, ਮਿਲੀ। ਪਹਿਲਾਂ ਉਨ੍ਹਾਂ ਦੇ ਲਾਪਤਾ ਹੋਣ ਦੀਆਂ ਖਬਰਾਂ ਅਤੇ ਦੋ-ਤਿੰਨ ਦਿਨ ਬਾਅਦ ਮੌਤ ਹੋ ਜਾਣ ਦੀਆਂ ਖਬਰਾਂ ਲਗਭਗ ਸਾਰੇ ਹੀ ਅਖਬਾਰਾਂ ਨੇ ਛਾਪੀਆਂ, ਲੇਕਿਨ ਸੱਚਾਈ ਕੁਝ ਹੋਰ ਹੀ ਸੀ। ਇਹ ਭਾਰਤੀ ਸਟੇਟ ਵੱਲੋਂ ਕੀਤਾ ਗਿਆ ਇੱਕ ਯੋਜਨਾਬੱਧ ਤਰੀਕੇ ਦਾ ਕਤਲ ਸੀ, ਜਿਸ ਵਿਚ ਪਹਿਲਾਂ ਮੌਤ ਦੀ ਤਰੀਕ ਦਾ ਦਿਨ 7 ਨਵੰਬਰ ਪ੍ਰਚਾਰਿਆ ਗਿਆ ਅਤੇ ਮੌਤ ਸਵੇਰ ਦੇ 10 ਵਜੇ ਹੋ ਗਈ ਦੱਸੀ ਗਈ ਤੇ ਸ਼ਾਮ ਦੇ ਲਗਭਗ 4 ਵਜੇ ਬੜੀ ਕਾਹਲੀ-ਕਾਹਲੀ ਉਨ੍ਹਾਂ ਦਾ ਅੰਤਿਮ ਸਸਕਾਰ ਵੀ ਕਰ ਦਿੱਤਾ ਗਿਆ। ਬਾਅਦ ਵਿਚ ਸਰਕਾਰ ਦੇ ਕੁਝ ਫੀਲਿਆਂ ਤੇ ਟੁੱਕੜ-ਬੋਚਾਂ ਨੇ ਮੌਤ ਦੀ ਤਰੀਕ ਛੇ ਨਵੰਬਰ ਅਤੇ ਹੋਰ ਵੀ ਬਹੁਤ ਕੁਝ ਕੂੜ ਪ੍ਰਚਾਰ ਕੀਤਾ। ਪਾਪਾ ਦਾ ਕਤਲ ਕਿਵੇਂ ਅਤੇ ਕਿਉਂ ਹੋਇਆ, ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਖੁਰਦ-ਬੁਰਦ ਕਿਉਂ ਅਤੇ ਕਿਵੇਂ ਕੀਤਾ ਗਿਆ, ਇਹ ਅੱਜ ਵੀ ਇੱਕ ਰਹੱਸ ਹੈ ਤੇ ਆਓ ਆਪਾਂ ਸਾਰੇ ਰਲ ਕੇ ਉਦਾਸੀ ਸਾਹਿਬ ਨੂੰ ਉਨ੍ਹਾਂ ਦੀ 39ਵੀਂ ਬਰਸੀ ਮੌਕੇ ਆਪਣੀ ਸ਼ਰਧਾ ਦੇ ਪੁਸ਼ਪ ਭੇਂਟ ਕਰਦੇ ਹੋਏ ਉਨ੍ਹਾਂ ਸਾਰੇ ਪਰਿਵਾਰਾਂ ਦੇ ਦੁੱਖ ਵਿਚ ਸ਼ਰੀਕ ਹੋਈਏ, ਜਿਨ੍ਹਾਂ ਦੇ ਬੇਕਸੂਰ ਜੀਅ ਘਰੋਂ ਗਏ ਅਤੇ ਮੁੜ ਕੇ ਕਦੇ ਵਾਪਸ ਨਹੀਂ ਆਏ ਅਤੇ ਪਾਪਾ ਜੀ ਵਾਂਗੂ ਹੀ ਲਵਾਰਸ ਲਾਸ਼ਾਂ ਕਰਾਰ ਦੇ ਕੇ ਅਗਨ ਭੇਟ ਕਰ ਦਿੱਤੇ ਗਏ ਜਾਂ ਦਰਿਆਵਾਂ ਵਿਚ ਰੋੜ ਦਿੱਤੇ ਗਏ। ਕਾਮਨਾ ਕਰਦੀ ਹਾਂ ਕਿ ਉਦਾਸੀ ਜੀ ਵਰਗੇ "ਸੂਰਜ ਕੰਮੀਆਂ ਦੇ ਵੇਹੜਿਆਂ" ਵਿਚ ਸਦਾ ਮਗਦੇ ਰਹਿਣ ਅਤੇ ਇਹੋ ਜਿਹੇ "ਚੰਨਾਂ ਤੋਂ ਧਰਤੀ ਮਾਂ ਦੀ ਗੋਦ" ਕਦੇ ਸੱਖਣੀ ਨਾ ਰਹੇ।

ਉਦਾਸੀ ਜੀ ਦੀ ਕੁਰਬਾਨੀ ਅੱਗੇ ਸਾਡਾ ਸਭ ਦਾ ਸਿਰ ਝੁੱਕਦਾ ਹੈ, ਧਰਤੀ ਪੁੱਤਰ ਨੂੰ ਲੱਖ ਲੱਖ ਸਿਜਦਾ, ਕਰੋੜਾਂ ਵਾਰ ਪ੍ਰਣਾਮ!

ਪ੍ਰਿੰਸੀਪਲ ਜਸਪਾਲ ਸਿੰਘ ਲੋਹਾਮ
ਮੋਗਾ
ਵਟਸਐਪ: +91-97-810-40140
ਪੰਜਾਬ ਮੇਲ USA



# ਸਮੁੰਦਰ ਦਾ ਕਿਨਾਰਾ ਸਪੈਨਿਸ਼ ਬੈਂਕ ਵੈਨਕੂਵਰ

**ਅਸੀਂ ਵੀ ਉਸ ਥਾਂ ਗੱਡੀ ਖੜ੍ਹਾ ਲਈ ਅਤੇ ਬਾਹਰ ਆ ਗਏ। ਏਅਰਪੋਰਟ ਦੀ ਚਾਰਦਿਵਾਰੀ ਦੀ ਫੈਂਸਿੰਗ ਕਰੀਬ15 ਫੁੱਟ ਉੱਚੀ ਲੱਗੀ ਹੋਈ ਸੀ। ਇਸ ਥਾਂ ਤੋਂ ਖੜ੍ਹ ਕੇ ਏਅਰਪੋਰਟ ਦੇ ਅੰਦਰ ਉਤਰਦੇ ਹਵਾਈ ਜਹਾਜ਼ ਬਹੁਤ ਨੇੜੇ ਨਜ਼ਰ ਆ ਰਹੇ ਸਨ। ਹਵਾਈ ਜਹਾਜ਼ ਪਹਿਲਾਂ ਕਾਫੀ ਦੂਰ ਤੋਂ ਹੌਲੀ-ਹੌਲੀ ਨੇੜੇ ਆ ਕੇ ਹੇਠਾਂ ਉਤਰਦੇ ਹਨ। ਇਹ ਸੁੰਦਰ ਨਜ਼ਾਰਾ ਦੇਖ ਕੇ ਮਨ ਬਾਗੋ-ਬਾਗ ਹੋ ਗਿਆ। ਇਹ ਨਜ਼ਾਰਾ ਜਹਾਜ਼ ਵਿਚ ਬੈਠ ਕੇ ਨਹੀਂ ਆਉਂਦਾ, ਇਹ ਤਾਂ ਜਹਾਜ਼ ਉਤਰਦਿਆਂ ਨੇੜੇ ਖੜ੍ਹੋ ਕੇ ਆਉਂਦਾ ਹੈ। ਏਅਰਪੋਰਟ ਅਤੇ ਸਮੁੰਦਰ ਦੇ ਕਿਨਾਰੇ ਵਿਚਕਾਰ ਸੜਕ ਦੇ ਸਮੁੰਦਰ ਵਾਲੇ ਪਾਸੇ ਵੀ ਪੰਜ ਕੁ ਫੁੱਟ ਦਾ ਜੰਗਲਾ ਸੀ।**



ਹਫਤੇ ਦਾ ਆਖਰੀ ਦਿਨ ਸੀ, ਬੱਚਿਆਂ ਨੂੰ ਛੁੱਟੀ ਸੀ ਤੇ ਇਸ ਲਈ ਉਨ੍ਹਾਂ ਨੇ ਪਹਿਲਾਂ ਹੀ ਵੈਨਕੂਵਰ ਜਾ ਕੇ ਘੁੰਮਣ ਦੀ ਯੋਜਨਾ ਬਣਾ ਲਈ ਸੀ। ਵੈਨਕੂਵਰ ਕੌਮਾਂਤਰੀ ਹਵਾਈ ਅੱਡਾ ਹੈ। ਸਮੁੰਦਰ ਟਾਪੂ ਰਿਚਮੰਡ ਬ੍ਰਿਟਿਸ਼ ਕਲੰਬੀਆ ਕੈਨੇਡਾ ਵਿਚ ਹੈ। ਉਸ ਦਿਨ ਸੂਰਜ ਸਵੇਰੇ 5.39 ਵਜੇ ਨਿਕਲਣਾ ਸੀ ਅਤੇ 8.58 ਸ਼ਾਮ ਨੂੰ ਛਿਪਣਾ ਸੀ। ਅਸੀਂ ਸਵੇਰੇ 11 ਕੁ ਵਜੇ ਤਿਆਰ ਹੋ ਕੇ ਸਰੀ ਤੋਂ ਵੈਨਕੂਵਰ ਲਈ ਰਵਾਨਾ ਹੋ ਗਏ। ਵੈਸੇ ਤਾਂ ਇਹ ਸਾਰਾ ਦੇਸ਼ ਹੀ ਹਰਾ ਭਰਿਆ ਹੈ, ਸਾਫ ਸੁਥਰਾ ਹੈ, ਇਥੇ ਕੁਦਰਤ ਦੀ ਬਖਸ਼ਿਸ਼ ਹੈ। ਸਭ ਤੋਂ ਪਹਿਲਾਂ ਅਸੀਂ ਮੈਕਗਲੈਨ ਆਰਥਰ ਵੈਨਕੂਵਰ ਪਹੁੰਚ ਗਏ। ਇਸ ਦਾ ਖੁੱਲ੍ਹਣ ਦਾ ਸਮਾਂ ਸਵੇਰੇ 10 ਵਜੇ ਤੋਂ ਰਾਤ 9 ਵਜੇ ਤੱਕ ਦਾ ਹੈ। ਇਥੇ ਵੱਖ-ਵੱਖ ਕੰਪਨੀਆਂ ਦੇ ਸਟੋਰ ਆਰਿੱਟ ਜੀਆ, ਬੌਸ, ਕੋਚ, ਜਿਮੀ ਚੂ, ਕੇਟ ਸਪੇਡ ਨਿਊਯਾਰਕ, ਮਾਈਕਲ ਕੋਰਜ਼, ਟੋਰੀ ਬਰਚ, ਮਾਰਕ ਜਾਕੋਬਜ, ਪੋਲੋ ਰੈਲਫ਼ ਲੌਰੈਨ, ਐਡੀਡਾਸ ਹਨ। ਇਥੇ ਰੈਸਟੋਰੈਂਟ ਬੀਬੋ ਪੀਜੀਰੀਆ, ਕੈਫੀ ਆਰਟੀ ਗਿਆਨੋ, ਕਸਟੀਲਾ ਚੀਜ਼ ਕੇਕ, ਚਾ ਹਾਊਸ, ਫੂਡ ਫੂਲ ਈਟਰੀ, ਹੂਗੋਜ਼ ਚੌਰਸ ਐਂਡ ਟੈਕੋਜ਼, ਜਾਪਾ ਡੋਗ, ਨੈਪਚੂਨ ਨੂਡਲ ਹਾਊਸ, ਸਟਾਰ ਬੱਕਸ ਹਨ। ਇਥੇ ਮਰਦਾਂ, ਔਰਤਾਂ, ਬੱਚਿਆਂ ਵਾਸਤੇ ਸਮਾਨ ਵੱਖ-ਵੱਖ ਸਟੋਰਾਂ ਵਿਚ ਲੈਸ ਕਰਕੇ ਮਿਲਦੇ ਹਨ। ਇੱਥੇ ਚੰਗੀ ਗੁਣਵੱਤਾ ਵਾਲੀਆਂ ਚੀਜ਼ਾਂ ਮਿਲਦੀਆਂ ਹਨ। ਇਥੇ ਵੱਖ-ਵੱਖ ਸ਼ੋਅਰੂਮ ਵਿਚ ਜਾ ਕੇ ਸ਼ਾਪਿੰਗ ਕਰਕੇ ਕਾਫੀ ਸਮਾਂ ਬਤੀਤ ਕੀਤਾ। ਇਥੇ ਕਈ ਘੰਟੇ ਲੰਘ ਗਏ। ਸਾਨੂੰ ਭੁੱਖ ਵੀ ਲੱਗ ਗਈ ਤੇ ਅਸੀਂ ਖਾਣਾ ਖਾ ਕੇ ਇਥੋਂ ਖਰੀਦੋ-ਫਰੋਖਤ ਕਰਨ ਉਪਰੰਤ ਬਾਹਰ ਆ ਗਏ। ਇਸ ਦੇ ਬਿਲਕੁਲ ਸਾਹਮਣੇ ਏਅਰਪੋਰਟ ਸੀ ਅਤੇ ਇਸ ਦੇ ਬਾਹਰਵਾਰ ਇੱਕ ਸੜਕ ਏਅਰਪੋਰਟ ਦੇ ਨਾਲ-ਨਾਲ ਜਾ ਰਹੀ ਸੀ ਤੇ ਕਾਫੀ ਅੱਗੇ ਜਾ ਕੇ ਹੋਰ ਵਹੀਕਲ ਖੜ੍ਹੇ ਸਨ। ਅਸੀਂ ਵੀ ਉਸ ਥਾਂ ਗੱਡੀ ਖੜ੍ਹਾ ਲਈ ਅਤੇ ਬਾਹਰ ਆ ਗਏ। ਏਅਰਪੋਰਟ ਦੀ ਚਾਰਦਿਵਾਰੀ ਦੀ ਫੈਂਸਿੰਗ ਕਰੀਬ15 ਫੁੱਟ ਉੱਚੀ ਲੱਗੀ ਹੋਈ ਸੀ। ਇਸ ਥਾਂ ਤੋਂ ਖੜ੍ਹ ਕੇ ਏਅਰਪੋਰਟ ਦੇ ਅੰਦਰ ਉਤਰਦੇ ਹਵਾਈ ਜਹਾਜ਼ ਬਹੁਤ ਨੇੜੇ ਨਜ਼ਰ ਆ ਰਹੇ ਸਨ। ਹਵਾਈ ਜਹਾਜ਼ ਪਹਿਲਾਂ ਕਾਫੀ ਦੂਰ ਤੋਂ ਹੌਲੀ-ਹੌਲੀ ਨੇੜੇ ਆ ਕੇ ਹੇਠਾਂ ਉਤਰਦੇ ਹਨ। ਇਹ ਸੁੰਦਰ ਨਜ਼ਾਰਾ ਦੇਖ ਕੇ ਮਨ ਬਾਗੋ-ਬਾਗ ਹੋ ਗਿਆ। ਇਹ ਨਜ਼ਾਰਾ ਜਹਾਜ਼ ਵਿਚ ਬੈਠ ਕੇ ਨਹੀਂ ਆਉਂਦਾ, ਇਹ ਤਾਂ ਜਹਾਜ਼ ਉਤਰਦਿਆਂ ਨੇੜੇ ਖੜ੍ਹੋ ਕੇ ਆਉਂਦਾ ਹੈ। ਏਅਰਪੋਰਟ ਅਤੇ ਸਮੁੰਦਰ ਦੇ ਕਿਨਾਰੇ ਵਿਚਕਾਰ ਸੜਕ ਦੇ ਸਮੁੰਦਰ ਵਾਲੇ ਪਾਸੇ ਵੀ ਪੰਜ ਕੁ ਫੁੱਟ ਦਾ ਜੰਗਲਾ ਸੀ। ਇੱਥੇ ਹਰ ਪਾਸੇ ਆਮ ਲੋਕਾਂ ਦੀ ਸੁਰੱਖਿਆ ਲਈ ਪ੍ਰਬੰਧ ਕੀਤਾ ਹੋਇਆ ਸੀ। ਇਥੋਂ ਫਿਰ ਅਸੀਂ ਸਮੁੰਦਰ ਦੇ ਕਿਨਾਰੇ "ਸਪੈਨਿਸ਼ ਬੈਂਕ ਵੈਨਕੂਵਰ" ਵੱਲ ਨੂੰ ਚੱਲ ਪਏ। ਇਹ ਸਮੁੱਚਾ ਸ਼ਹਿਰ ਹੀ ਬਹੁਤ ਖੂਬਸੂਰਤ ਸੀ। ਅਸੀਂ ਸਮੁੰਦਰ ਦੇ ਕਿਨਾਰੇ ਪਹੁੰਚ ਕੇ ਗੱਡੀ ਪਾਰਕ ਕੀਤੀ ਅਤੇ ਇੱਥੇ ਥਾਂ-ਥਾਂ 'ਤੇ ਪਾਰਕਿੰਗ ਪਰਚੀ ਆਨਲਾਈਨ ਪ੍ਰਾਪਤ ਕਰਨ ਲਈ ਪ੍ਰਬੰਧ ਕੀਤਾ ਹੋਇਆ ਹੈ। ਅਸੀਂ ਆਪਣੀ ਗੱਡੀ ਵਿਚੋਂ ਆਪਣੀ ਚਟਾਈ ਤੇ ਚਾਦਰ ਕੱਢੀ ਤੇ ਸਮੁੰਦਰ ਦੇ ਕਿਨਾਰੇ ਜਾ ਕੇ ਵਿਛਾ ਕੇ ਬੈਠ ਗਏ। ਅਸੀਂ ਇੱਕ ਵੱਡੀ ਛਤਰੀ ਉਪਰ ਤਾਣ ਲਈ ਅਤੇ ਇੱਕ ਕੁਰਸੀ ਬਾਹਰ ਕੱਢ ਕੇ ਰੱਖ ਲਈ। ਇੱਥੇ ਸਮੁੰਦਰ ਕਿਨਾਰੇ ਦਰੱਖਤਾਂ ਦੇ ਬਹੁਤ ਸਾਰੇ ਤਣੇ ਇੱਕ ਲੜੀ ਵਿਚ ਰੱਖੇ ਹੋਏ ਸਨ। ਬਹੁਤ ਸਾਰੇ ਸੈਲਾਨੀ ਇਨ੍ਹਾਂ ਤਣਿਆਂ ਦੇ ਉੱਪਰ ਬੈਠ ਕੇ ਧੁੱਪ ਦਾ ਆਨੰਦ ਮਾਣ ਰਹੇ ਸਨ। ਸਮੁੰਦਰ ਦੇ ਕਿਨਾਰੇ ਤੇ ਸਾਫ-ਸੁਥਰੀ ਸੁੱਕੀ ਰੇਤਾ ਦਾ ਮੈਦਾਨ ਸੀ, ਇਥੋਂ ਸਮੁੰਦਰ ਦਾ ਪਾਣੀ ਕਾਫੀ ਹੱਟਵਾਂ ਸੀ। ਅੱਜ ਸਮੁੰਦਰ ਬਿਲਕੁਲ ਸ਼ਾਂਤ ਸੀ। ਇਥੋਂ ਦਾ ਬਹੁਤ ਸੁੰਦਰ ਸੁਹਾਵਣਾ ਮੰਜਰ ਸੀ। ਇਥੇ ਕਈ ਬੱਚੇ ਨੈੱਟ ਲਾ ਕੇ ਵਾਲੀਬਾਲ, ਫੁਟਬਾਲ, ਬੈਡਮਿੰਟਨ, ਕ੍ਰਿਕਟ ਆਦਿ ਖੇਡ ਰਹੇ ਸਨ। ਛੋਟੇ ਬੱਚੇ ਆਪਣੀਆਂ ਹੋਰ ਖੇਡਾਂ 'ਚ ਮਸਤ ਸਨ। ਸਾਈਕਲ ਦੇ ਸ਼ੌਕੀਨ ਨੌਜਵਾਨ, ਸਾਈਕਲ ਚਲਾ ਰਹੇ ਸਨ। ਹਰ ਕੋਈ ਆਪਣੀ ਮਰਜ਼ੀ ਅਨੁਸਾਰ ਮਸਤ ਸੀ। ਕੋਈ ਥੱਲੇ ਬੈਠਾ, ਕੋਈ ਕੁਰਸੀ 'ਤੇ ਬੈਠਾ, ਕੋਈ ਧੁੱਪ ਸੇਕ ਰਿਹਾ, ਕੋਈ ਛਤਰੀ ਥੱਲੇ ਛਾਵੇਂ ਬੈਠਾ, ਕੋਈ ਸਮੁੰਦਰ ਦੇ ਵਿਚ ਆਨੰਦ ਮਾਣ ਰਹੇ ਸੀ। ਕਈ ਨੌਜਵਾਨ ਸਮੁੰਦਰ ਦੇ ਕਿਨਾਰੇ ਭੱਜ ਕੇ ਸੈਰ ਕਰ ਰਹੇ ਸਨ। ਇਥੋਂ ਦਾ ਮੰਜ਼ਰ ਸ਼ਾਂਤ ਸੀ। ਹਰੇਕ ਆਪਣੀ ਆਜ਼ਾਦੀ ਅਨੁਸਾਰ ਵਿਅਸਤ ਸੀ। ਸਮੁੰਦਰ ਦੇ ਵਿਚ ਬਹੁਤ ਸਾਰੀਆਂ ਕਿਸ਼ਤੀਆਂ ਚੱਲ ਰਹੀਆਂ ਸਨ, ਉਨ੍ਹਾਂ ਨੂੰ ਦੇਖ ਕੇ ਬੜਾ ਮਜ਼ਾ ਆ ਰਿਹਾ ਸੀ। ਵੱਡੇ ਸਮੁੰਦਰੀ ਜਹਾਜ਼ ਉਥੇ ਖੜ੍ਹੇ ਸਨ ਅਤੇ ਬੰਦਰਗਾਹ 'ਤੇ ਜਾਣ ਲਈ ਇੰਤਜ਼ਾਰ ਵਿਚ ਸਨ। ਕੁੱਝ ਕੁ ਪ੍ਰਾਈਵੇਟ ਛੋਟੇ ਜਹਾਜ਼ ਉੱਪਰ ਆਕਾਸ਼ ਵਿਚ ਉਡਾਰੀਆਂ ਮਾਰ ਰਹੇ ਸਨ ਅਤੇ ਉਹ ਉੱਪਰੋਂ ਹੀ ਕੁਦਰਤ ਦਾ ਨਜ਼ਾਰਾ ਦੇਖ ਰਹੇ ਸਨ। ਜਦੋਂ ਪਰਿਵਾਰ ਇਕੱਠੇ ਹੁੰਦਾ ਹੈ, ਤਾਂ ਉਦੋਂ ਵੱਖਰਾ ਹੀ ਆਨੰਦ ਆਉਂਦਾ ਹੈ। ਅਸੀਂ ਇੱਥੇ ਸਾਰੇ ਇਕੱਠੇ ਸੀ ਬੜਾ ਸਕੂਨ ਮਿਲ ਰਿਹਾ ਸੀ। ਕੁੱਝ ਕੁ ਮੱਧਮ ਜਿਹੀ ਆਵਾਜ਼ ਦੇ ਵਿਚ ਕੁੱਝ ਨੌਜਵਾਨ ਨੱਚ-ਕੁੱਦ ਕੇ ਸੰਗੀਤ ਦਾ ਆਨੰਦ ਲੈ ਰਹੇ ਸਨ। ਹਰੇਕ ਆਪਣੇ ਢੰਗ ਨਾਲ ਆਨੰਦ ਮਾਣ ਰਿਹਾ ਸੀ। ਪਾਰਕਿੰਗ ਵਾਲੇ ਸਥਾਨ ਦੇ ਨੇੜੇ ਆਈਸਕ੍ਰੀਮ ਦੀਆਂ ਗੱਡੀਆਂ ਖੜ੍ਹੀਆਂ ਸਨ। ਠੰਡ ਵਿਚ ਠੰਡੀ ਆਈਸਕ੍ਰੀਮ ਖਾਣ ਦਾ ਵੀ ਖੂਬ ਮਜ਼ਾ ਆਉਂਦਾ ਹੈ। ਅਸੀਂ ਕਿਨਾਰੇ 'ਤੇ ਬੈਠ ਕੇ ਸਮੁੰਦਰ ਪਾਰ ਪਹਾੜ ਦਾ ਕੁਦਰਤੀ ਦ੍ਰਿਸ਼ ਦਾ ਆਨੰਦ ਮਾਣਿਆ। ਇੱਥੇ ਅਸੀਂ ਕਾਫੀ ਸਮਾਂ ਬਤੀਤ ਕੀਤਾ। ਇਹ ਸਾਰਾ ਇਲਾਕਾ ਵੈਨਕੂਵਰ ਦਾ ਹੈ, ਇਥੋਂ ਸਮੁੰਦਰ ਦੇ ਕਿਨਾਰੇ ਦੇ ਨਾਲ-ਨਾਲ ਸੜਕ 'ਤੇ ਚੱਲ ਪਏ। ਇਥੋਂ ਅਸੀਂ ਅੱਗੇ ਡਾਊਨ-ਟਾਊਨ ਚਲੇ ਗਏ। ਇਹ ਸਾਰਾ ਸ਼ਹਿਰ ਬਹੁਤ ਹੀ ਜ਼ਿਆਦਾ ਖੂਬਸੂਰਤ ਸੀ। ਹਰ ਪਾਸੇ ਚੌੜੀਆਂ ਸੜਕਾਂ ਅਤੇ ਟਰੈਫਿਕ ਲਾਈਟਾਂ ਨਾਲ ਸਾਰਾ ਸ਼ਹਿਰ ਭਰਪੂਰ ਸੀ। ਸਾਰਾ ਸ਼ਹਿਰ ਹੀ ਉੱਚੇ ਨੀਵੇਂ ਪੁੱਲਾਂ ਨਾਲ ਭਰਪੂਰ ਸੀ। ਸਾਰੇ ਨਾਗਰਿਕ ਨਿਯਮਾਂ ਦੀ ਪਾਲਣਾ ਕਰ ਰਹੇ ਸਨ। ਇੱਕ ਗੱਲ ਇੱਥੇ ਦੇਖਣ ਨੂੰ ਮਿਲਦੀ ਹੈ ਕਿ ਹਰ ਥਾਂ ਪੈਦਲ ਜਾਣ ਵਾਲਿਆਂ ਨੂੰ ਪਹਿਲ ਦਿੱਤੀ ਜਾਂਦੀ ਹੈ, ਜਦੋਂ ਵੀ ਕੋਈ ਪੈਦਲ ਵਿਅਕਤੀ ਸੜਕ ਕ੍ਰਾਸ ਕਰਦਾ ਸੀ, ਤਾਂ ਸਾਰੀਆਂ ਗੱਡੀਆਂ ਰੁਕ ਜਾਂਦੀਆਂ ਸਨ। ਇੱਥੇ ਪੈਦਲ ਜਾਣ ਵਾਲੇ ਨੂੰ ਪਹਿਲਾਂ ਜਾਣ ਦਿੱਤਾ ਜਾਂਦਾ ਹੈ। ਅੱਜ ਸਾਰਾ ਦਿਨ ਘੁੰਮ ਕੇ, ਤੋਰਾ-ਫੇਰਾ ਕਰਕੇ ਬੜਾ ਆਨੰਦ ਆਇਆ। ਇਹ ਸਭ ਬੱਚਿਆਂ ਦੀ ਹਿੰਮਤ ਸੀ। ਸਮਾਂ ਕਾਫੀ ਹੋ ਗਿਆ ਸੀ, ਦਿਨ ਢਲ ਚੁੱਕਾ ਸੀ ਤੇ ਅਸੀਂ ਘਰ ਨੂੰ ਵਾਪਸੀ ਕਰ ਲਈ।



# ਜਦੋਂ ਅਸੀਂ ਅਖ਼ਬਾਰ ਨੂੰ ਸਬਸਕਰਾਈਬ ਕਰਦੇ ਹਾਂ

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਮੇਰੇ ਵਰਗੇ ਬੜੇ ਘੱਟ ਲੋਕ ਹੋਣਗੇ, ਜਿਹੜੇ ਅਖ਼ਬਾਰ ਦੀ ਹਾਰਡ ਕਾਪੀ ਵੀ ਪੜ੍ਹਦੇ ਹਨ ਅਤੇ ਅਨਲਾਈਨ ਸਬਸਕਰਾਈਬ ਵੀ ਕਰਦੇ ਹਨ। ਇਸਦੇ ਬਹੁਤ ਸਾਰੇ ਫਾਇਦੇ ਹਨ।

ਤੁਸੀਂ ਕਿਸੇ ਵੀ ਰਾਜ ਦਾ, ਯੂ.ਟੀ. ਦਾ, ਸ਼ਹਿਰ ਦਾ ਅਡੀਸ਼ਨ ਪੜ੍ਹ ਸਕਦੇ ਹੋ। ਇਕ ਕਲਿੱਕ ਨਾਲ ਕੋਈ ਵੀ ਪੁਰਾਣਾ ਅੰਕ ਸਕਿੰਟਾਂ ਵਿਚ ਤੁਹਾਡੇ ਸਾਹਮਣੇ ਖੁੱਲ੍ਹ ਜਾਏਗਾ। ਤੁਸੀਂ ਦੁਨੀਆਂ ਵਿਚ, ਧਰਤੀ ਦੇ ਕਿਸੇ ਵੀ ਕੋਨੇ ਵਿਚ ਬੈਠੇ ਅਖ਼ਬਾਰ ਪੜ੍ਹਨ ਦਾ ਆਨੰਦ ਲੈ ਸਕਦੇ ਹੋ। ਤੁਸੀਂ ਕਾਹਲੀ ਵਿਚ ਹੋ, ਪੜ੍ਹਨ ਦਾ ਸਮਾਂ ਨਹੀਂ ਹੈ, ਸਫ਼ਰ ਕਰ ਰਹੇ ਹੋ, ਫਿਰ ਵੀ ਉੱਡਦੀ-ਉੱਡਦੀ ਇਕ ਨਜ਼ਰ ਮਾਰ ਕੇ ਤਾਜ਼ਾ ਅਖ਼ਬਾਰ ਵੇਖ ਲੈਣ ਦਾ ਅਹਿਸਾਸ ਮਾਣ ਸਕਦੇ ਹੋ।

ਮੇਰਾ ਨਿੱਜੀ ਤਜ਼ਰਬਾ ਹੈ ਕਿ ਹੁਣ ਵੱਖ-ਵੱਖ ਸ਼ਹਿਰਾਂ, ਕਸਬਿਆਂ ਵਿਚੋਂ ਵੱਖ-ਵੱਖ ਥਾਵਾਂ ਤੋਂ ਅਖਬਾਰਾਂ ਨਹੀਂ ਮਿਲਦੀਆਂ। ਸਵੇਰ ਵੇਲੇ ਅਖ਼ਬਾਰਾਂ ਵੇਚਣ ਵਾਲੇ ਛੋਟੇ ਸਟਾਲ, ਛੋਟੀਆਂ-ਛੋਟੀਆਂ ਦੁਕਾਨਾਂ ਬੰਦ ਹੋ ਗਈਆਂ ਹਨ ਜਾਂ ਉਸੇ ਥਾਂ 'ਤੇ ਉਨ੍ਹਾਂ ਨੇ ਕੋਈ ਹੋਰ ਕੰਮ ਕਾਰ, ਕਾਰੋਬਾਰ ਆਰੰਭ ਕਰ ਲਿਆ ਹੈ। ਇਥੋਂ ਤੱਕ ਕਿ ਵੱਖ-ਵੱਖ ਸ਼ਹਿਰਾਂ ਕਸਬਿਆਂ ਦੇ ਬੱਸ ਅੱਡਿਆਂ ਤੋਂ ਵੀ ਹੁਣ ਅਖ਼ਬਾਰਾਂ, ਕਿਤਾਬਾਂ ਨਹੀਂ ਮਿਲਦੀਆਂ। ਕਿਉਂਕਿ ਕਾਰਪੋਰੇਸ਼ਨ ਜਾਂ ਸੰਬੰਧਤ ਮਾਲਕਾਂ, ਅਧਿਕਾਰੀਆਂ ਨੇ ਮਹੀਨਵਾਰ ਕਿਰਾਇਆ ਬਹੁਤ ਵਧਾ ਦਿੱਤਾ ਹੈ। ਜਿਹੜਾ ਅਖਬਾਰਾਂ, ਕਿਤਾਬਾਂ ਵੇਚਣ ਵਾਲਿਆਂ ਦੀ ਪਹੁੰਚ ਤੋਂ ਬਾਹਰ ਹੋ ਗਿਆ ਹੈ। ਜਲੰਧਰ ਬੱਸ ਸਟੈਂਡ 'ਤੇ ਅਖ਼ਬਾਰਾਂ, ਕਿਤਾਬਾਂ ਵੇਚਣ ਵਾਲੀਆਂ ਦੋ ਵੱਡੀਆਂ ਦੁਕਾਨਾਂ ਸਨ। ਉਪਰੋਕਤ ਕਾਰਨਾਂ ਕਰਕੇ ਦੋਵੇਂ ਬੰਦ ਹੋ ਗਈਆਂ ਹਨ।

ਇਸ ਸਥਿਤੀ ਵਿਚ ਮਨਪਸੰਦ ਅਖ਼ਬਾਰ ਨੂੰ ਸਬਸਕ੍ਰਾਈਬ ਕਰਨਾ ਬਿਹਤਰ ਬਦਲ ਹੈ। ਕਦੇ ਵੀ ਕਿਸੇ ਵੀ ਸਮੇਂ ਆਪਣੇ ਮੋਬਾਇਲ 'ਤੇ, ਆਈਪੈਡ 'ਤੇ, ਲੈਪਟਾਪ 'ਤੇ ਖੋਲ੍ਹ ਕੇ ਪੜ੍ਹ ਸਕਦੇ ਹਾਂ, ਨਜ਼ਰ ਮਾਰ ਸਕਦੇ ਹਾਂ।

ਅਖਬਾਰਾਂ ਹੀ ਹਨ, ਜਿੱਥੋਂ ਸਾਨੂੰ ਹਰੇਕ ਮੁੱਕੇ, ਮਸਲੇ ਅਤੇ ਖ਼ਬਰ ਬਾਰੇ ਵਿਸਥਾਰ ਵਿਚ ਸਹੀ ਜਾਣਕਾਰੀ ਮਿਲਦੀ ਹੈ। ਗੁੰਝਲਦਾਰ ਵਿਸ਼ਿਆਂ ਬਾਰੇ ਮਾਹਿਰਾਂ ਦੀ ਰਾਏ ਵੀ ਅਖ਼ਬਾਰਾਂ ਹੀ ਮੁਹੱਈਆਂ ਕਰਦੀਆਂ ਹਨ। ਵੱਖ-ਵੱਖ ਵਿਸ਼ਿਆਂ ਬਾਰੇ ਜਿੰਨੀ ਸਮੱਗਰੀ ਅਖ਼ਬਾਰਾਂ ਦੇ ਸੰਪਾਦਕੀ ਪੰਨਿਆਂ 'ਤੇ ਮਿਲਦੀ ਹੈ, ਹੋਰ ਕਿਧਰੋਂ ਨਹੀਂ ਮਿਲ ਸਕਦੀ।

ਤੁਸੀਂ ਜਿੰਨਾ ਮਰਜ਼ੀ ਸੋਸ਼ਲ ਮੀਡੀਆ 'ਤੇ ਘੁੰਮ ਲਓ, ਜੋ ਤਸੱਲੀ ਅਖ਼ਬਾਰ ਪੜ੍ਹ ਕੇ ਹੁੰਦੀ ਹੈ, ਉਹ ਸੋਸ਼ਲ ਮੀਡੀਆ ਤੋਂ ਨਹੀਂ ਮਿਲ ਸਕਦੀ। ਸਥਾਪਿਤ ਅਖ਼ਬਾਰਾਂ ਦੀ ਇਕ ਭਰੋਸੇਯੋਗਤਾ ਹੁੰਦੀ। ਉਸੇ ਭਰੋਸੇਯੋਗਤਾ ਅਤੇ ਭਾਵਨਾਤਮਕ ਸਾਂਝ ਕਾਰਨ ਤੁਸੀਂ ਉਸ ਨਾਲ ਜੁੜਦੇ ਹੋ, ਉਸਨੂੰ ਪੜ੍ਹਦੇ ਹੋ।

ਬਹੁਤ ਸਾਰੇ ਪਾਠਕ ਹਨ, ਜਿਨ੍ਹਾਂ ਨੇ ਇਕ ਤੋਂ ਵਧੇਰੇ ਅਖ਼ਬਾਰਾਂ ਦੀ, ਇਕ ਤੋਂ ਵਧੇਰੇ ਭਾਸ਼ਾਵਾਂ ਦੀਆਂ ਅਖ਼ਬਾਰਾਂ ਦੀ ਸਬਸਕ੍ਰਿਪਸ਼ਨ ਲਈ ਹੋਈ ਹੈ। ਭਾਵੇਂ ਹਰ ਰੋਜ਼ ਹਰੇਕ ਖ਼ਬਰ, ਹਰੇਕ ਆਰਟੀਕਲ ਨਹੀਂ ਪੜ੍ਹਿਆ ਜਾਂਦਾ ਪਰ ਹਰੇਕ ਪੰਨੇ ਦੀ ਹਰੇਕ ਸੁਰਖੀ 'ਤੇ ਨਜ਼ਰ ਜ਼ਰੂਰ ਜਾਂਦੀ ਹੈ।

ਇੰਝ ਕਰਨ ਨਾਲ ਤੁਹਾਨੂੰ ਹੀ ਅਖ਼ਬਾਰ ਪੜ੍ਹਨ ਦਾ ਮੌਕਾ ਨਹੀਂ ਮਿਲਦਾ, ਬਲਕਿ ਤੁਸੀਂ ਆਪਣੇ ਇਲਾਕੇ, ਆਪਣੇ ਸੂਬੇ, ਆਪਣੀ ਭਾਸ਼ਾ ਦੀ ਅਖਬਾਰ ਦੀ, ਪੱਤਰਕਾਰੀ ਦੀ ਮਦਦ ਵੀ ਕਰ ਰਹੇ ਹੁੰਦੇ ਹੋ।

ਜੇਕਰ ਕਿਸੇ ਕਾਰਨ ਇੰਟਰਨੈੱਟ ਸੇਵਾਵਾਂ ਵਿਚ ਰੁਕਾਵਟ ਪੈਦਾ ਹੋ ਜਾਵੇ, ਫਿਰ ਵੀ ਜਿਹੜੀਆਂ ਅਖ਼ਬਾਰਾਂ ਨੂੰ ਤੁਸੀਂ ਸਬਸਕ੍ਰਾਈਬ ਕੀਤਾ ਹੁੰਦਾ ਹੈ, ਉਹ ਉਪਲਬਧ ਰਹਿੰਦੀਆਂ ਹਨ।

ਅੱਜਕੱਲ੍ਹ ਆਪਣੀ ਖ਼ਬਰ, ਆਪਣਾ ਆਰਟੀਕਲ ਅੱਗੇ ਸੋਸ਼ਲ ਮੀਡੀਆ ਅਤੇ ਵੱਟਸਐਪ ਗਰੁੱਪਾਂ ਵਿਚ ਭੇਜਣ ਦਾ ਰੁਝਾਨ ਹੈ। ਆਨਲਾਈਨ ਅਖ਼ਬਾਰ ਵਿਚੋਂ ਅਜਿਹਾ ਝੱਟਪਟ ਅਤੇ ਗੁਣਵਤਾ ਸਹਿਤ ਕੀਤਾ ਜਾ ਸਕਦਾ ਹੈ।

ਬੀਤੇ ਦਿਨੀਂ ਪੰਜਾਬ ਪੁਲਿਸ ਨੇ ਸਵੇਰੇ-ਸਵੇਰੇ ਅਖਬਾਰਾਂ ਦੀਆਂ ਗੱਡੀਆਂ ਨੂੰ ਰੋਕ ਲਿਆ। ਉਸ ਦਿਨ ਸੰਬੰਧਤ ਇਲਾਕਿਆਂ ਦੇ ਲੋਕਾਂ ਦੇ ਘਰਾਂ ਵਿਚ ਅਖ਼ਬਾਰਾਂ ਦੁਪਹਿਰ ਗਿਆਰਾਂ ਵਜੇ ਪੁੱਜੀਆਂ। ਜਿਹੜੇ ਪਾਠਕਾਂ ਨੇ ਆਪਣੀ-ਆਪਣੀ ਮਨਪਸੰਦ ਅਖਬਾਰ ਨੂੰ ਆਨਲਾਈਨ ਸਬਸਕ੍ਰਾਈਬ ਕੀਤਾ ਹੋਇਆ ਹੈ, ਉਨ੍ਹਾਂ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਈ। ਉਨ੍ਹਾਂ ਲਈ ਤਾਂ ਅਖਬਾਰ ਤੜਕੇ ਚਾਰ ਵਜੇ ਹੀ ਉਪਲਬਧ ਹੁੰਦੀ ਹੈ।

ਜਦ ਅਸੀਂ ਆਪਣੀ ਭਾਸ਼ਾ ਦੀਆਂ ਸੂਬਾਈ ਅਖ਼ਬਾਰਾਂ ਨੂੰ ਸਬਸਕ੍ਰਾਈਬ ਕਰਦੇ ਹਾਂ, ਤਾਂ ਇਕ ਤਰ੍ਹਾਂ ਅਸੀਂ ਆਪਣੇ ਸ਼ਹਿਰ, ਆਪਣੇ ਰਾਜ, ਆਪਣੇ ਸ਼ਹਿਰ ਦੇ ਸਕੂਲਾਂ, ਅਦਾਲਤਾਂ, ਪੱਤਰਕਾਰੀ ਨੂੰ ਹੀ ਮਜ਼ਬੂਤ ਕਰ ਰਹੇ ਹੁੰਦੇ ਹਾਂ। ਇਸ਼ਤਿਹਾਰ ਕਾਰੋਬਾਰੀ ਲੋਕ ਅਤੇ ਸਰਕਾਰਾਂ ਦਿੰਦੀਆਂ ਹਨ। ਅਸੀਂ ਸਬਸਕ੍ਰਿਪਸ਼ਨ ਤਾਂ ਖਰੀਦ ਹੀ ਸਕਦੇ ਹਾਂ।

ਹਾਰਡ ਕਾਪੀ ਸਵੇਰ ਵੇਲੇ ਚਾਹ-ਕੌਫ਼ੀ ਦੇ ਕੱਪ ਦਾ ਆਨੰਦ ਵਧਾ ਦਿੰਦੀ ਹੈ। ਪਰ ਸਮਾਂ ਬੜੀ ਤੇਜ਼ ਰਫ਼ਤਾਰ ਨਾਲ ਬਦਲ ਰਿਹਾ ਹੈ। ਨਵੀਂ ਪੀੜ੍ਹੀ ਦੀ ਸਵੇਰ ਸਹਿਜ ਨਹੀਂ ਹੁੰਦੀ। ਸਮੇਂ ਦੀ ਘਾਟ ਹੈ। ਭੱਜ ਦੌੜ ਹੈ। ਅਕਸਰ ਉਨ੍ਹਾਂ ਦੀ 7-8 ਘੰਟੇ ਦੀ ਨੀਂਦ ਵੀ ਪੂਰੀ ਨਹੀਂ ਹੁੰਦੀ।


ਡਿਜ਼ੀਟਲ ਅਡੀਸ਼ਨ ਵਿਚ ਪਾਠਕਾਂ ਨੂੰ ਵੀਡੀਓ, ਆਡੀਓ, ਲਾਈਵ ਡਾਟਾ ਵੀ ਉਪਲਬਧ ਹੁੰਦਾ ਹੈ। ਤੁਸੀਂ ਹਫ਼ਤਾਵਾਰ ਅਡੀਸ਼ਨ ਵੀ ਖਰੀਦ ਸਕਦੇ ਹੋ।

ਅਖਬਾਰਾਂ ਨੇ ਮਹੀਨਾਵਾਰ, ਸਾਲਾਨਾ ਸਬਸਕ੍ਰਿਪਸ਼ਨ ਬੜੀ ਥੋੜ੍ਹੀ ਰੱਖੀ ਹੈ, 150-180 ਦਰਮਿਆਨ ਇਕ ਮਹੀਨੇ ਦੀ ਅਤੇ 1500-1800 ਤੱਕ ਇਕ ਸਾਲ ਦੀ। ਅੱਜਕੱਲ੍ਹ ਵੱਖ-ਵੱਖ ਬਰੈਂਡ ਦੀ ਕੌਫ਼ੀ ਦਾ ਮੱਗ 200-250 ਦਾ ਮਿਲਦਾ ਹੈ। ਆਪਾਂ ਬਾਜ਼ਾਰ ਜਾਂਦੇ ਹਾਂ, ਤਾਂ ਖੜ੍ਹੇ-ਖੜ੍ਹੇ 1500-2000 ਰੁਪਏ ਦਾ ਫਾਸਟ ਫੂਡ ਖਾ ਸਕਦੇ ਹਾਂ। ਸਿਹਤ ਦਾ ਨੁਕਸਾਨ ਵੱਖਰਾ। ਆਓ ਅੱਜ ਹੀ ਆਪਣੀ ਮਨਪਸੰਦ ਅਖ਼ਬਾਰ ਨੂੰ ਸਬਸਕ੍ਰਾਈਬ ਕਰੀਏ।




# ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਦਿਵਸ, ਗੁਰਤਾਗੱਦੀ ਤੇ ਜੋਤੀ-ਜੋਤਿ ਦਿਵਸ ਕਿਵੇਂ ਮਨਾਈਏ?

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA



ਜਦੋਂ ਇਸ ਸ੍ਰਿਸ਼ਟੀ ਉੱਤੇ ਅਕਹਿ ਅਤੇ ਅਸਹਿ ਅੱਤਿਆਚਾਰਾਂ ਦੀ ਹਨੇਰੀ ਝੁੱਲ ਪਵੇ ਅਤੇ ਮਨੁੱਖ ਅਗਿਆਨਤਾ, ਮੂਰਖਤਾ ਅਤੇ ਸਵਾਰਥ 'ਚ ਮਨੁੱਖੀ ਕਦਰਾਂ-ਕੀਮਤਾਂ ਭੁੱਲ ਜਾਣ ਤਾਂ ਪ੍ਰਮਾਤਮਾ ਵੱਲੋਂ ਕਿਸੇ ਮਹਾਂਪੁਰਖ ਦਾ ਇਸ ਸ੍ਰਿਸ਼ਟੀ ਤੇ ਪ੍ਰਕਾਸ਼ ਹੁੰਦਾ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਅਜਿਹੇ ਸਮੇਂ ਹੀ ਹੋਇਆ, ਜਦੋਂ ਸਮਾਜ ਦੇ ਹਰ ਖੇਤਰ 'ਚ ਭ੍ਰਿਸ਼ਟਾਚਾਰ, ਜਬਰ, ਜ਼ੁਲਮ ਤੇ ਅਨਿਆਂ ਸਿਖਰਾਂ 'ਤੇ ਪਹੁੰਚ ਚੁੱਕਾ ਸੀ। ਇਸਤਰੀ ਜਾਤੀ ਦੀ ਬੜੀ ਭੈੜੀ ਦਸ਼ਾ ਨੂੰ ਦੇਖ ਕੇ ਵੀ ਉਨ੍ਹਾਂ ਨੇ ਫੁਰਮਾਇਆ ਸੀ:-

ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਸਾਰੀ ਲੋਕਾਈ ਵਹਿਮਾਂ-ਭਰਮਾਂ ਵਿਚ ਪਈ ਹੋਈ ਸੀ। ਸਾਰਾ ਸਮਾਜ ਜਾਤਾਂ-ਪਾਤਾਂ ਵਿਚ ਵੰਡਿਆ ਹੋਇਆ ਸੀ। ਹਰ ਪਾਸੇ ਮਨੁੱਖ, ਮਨੁੱਖ ਨਾਲ ਘ੍ਰਿਣਾ ਕਰਦਾ ਸੀ। ਨਿਰਧਨ ਤੇ ਕਮਜ਼ੋਰ, ਅਮੀਰ ਤੇ ਤਕੜੇ ਦੀ ਧੱਕੇਸ਼ਾਹੀ ਦੇ ਸ਼ਿਕਾਰ ਸਨ। ਸਮਾਜ ਦੀ ਰਾਜਨੀਤਿਕ ਦਸ਼ਾ ਵੀ ਬਹੁਤ ਭੈੜੀ ਸੀ, ਰਾਜੇ ਕਿਵੇਂ ਆਪਣੀ ਪਰਜਾ ਤੇ ਅੱਤਿਆਚਾਰ ਕਰਦੇ ਸਨ, ਭਾਵ ਲੋਕਾਂ ਨੂੰ ਕੋਈ ਇਨਸਾਫ ਨਹੀਂ ਦਿੱਤਾ ਜਾਂਦਾ ਸੀ।

ਗੁਰੂ ਨਾਨਕ ਦੇਵ ਜੀ ਸਿਰਫ ਇਕ ਧਾਰਮਿਕ ਆਗੂ ਹੀ ਨਹੀਂ ਸਨ, ਉਹ ਇਕ ਕ੍ਰਾਂਤੀਕਾਰੀ ਵੀ ਸਨ। ਜਦੋਂ ਬਾਬਰ ਨੇ ਭਾਰਤ 'ਤੇ ਹਮਲਾ ਕੀਤਾ, ਤਾਂ ਬਿਨਾਂ ਕਿਸੇ ਡਰ ਤੋਂ ਉਨ੍ਹਾਂ ਨੇ ਬਾਬਰ ਨੂੰ ਲਲਕਾਰਿਆ ਸੀ:

ਰਾਜੇ ਸ਼ੀਂਹ ਮੁਕੱਦਮ ਕੁੱਤੇ।

ਉਨ੍ਹਾਂ ਨੂੰ ਇਨਾ ਜ਼ੁਲਮ ਹੁੰਦਾ ਦੇਖ ਕੇ ਇਹ ਵੀ ਕਹਿਣਾ ਪਿਆ ਸੀ:

ਏਤੀ ਮਾਰ ਪਈ ਕੁਰਲਾਣੈ
ਤੈ ਕੀ ਦਰਦ ਨਾ ਆਇਆ।

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੀ ਮਹਾਨਤਾ ਨੂੰ ਇਵੇਂ ਪ੍ਰਗਟ ਕੀਤਾ ਸੀ:

"ਸਤਿਗੁਰੂ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ॥
ਜਿਉ ਕਰ ਸੂਰਜ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ ॥"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਚਾਰ ਉਦਾਸੀਆਂ ਵਿਚ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚੋਂ ਕੱਢਿਆ। ਉਨ੍ਹਾਂ ਨੇ ਭ੍ਰਿਸ਼ਟ ਪਾਖੰਡੀਆਂ ਦਾ ਸੁਧਾਰ ਕੀਤਾ। ਇਸ 'ਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਸਿੱਖਿਆਵਾਂ, ਉਦੇਸ਼ਾਂ ਤੇ ਉਪਦੇਸ਼ਾਂ ਦਾ ਲੋਕਾਂ 'ਤੇ ਕਾਫੀ ਪ੍ਰਭਾਵ ਪਿਆ।

ਉਨ੍ਹਾਂ ਨੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਇਸ ਧਰਮ ਦਾ ਮੁੱਢਲਾ ਸਿਧਾਂਤ ਸੀ ਕਿ ਨਾਮ ਜਪਣਾ, ਕਿਰਤ ਕਰਨੀ, ਵੰਡ ਛਕਣਾ।

ਨਾਮ ਜਪਣ ਤੇ ਨਾਲ=ਨਾਲ ਸ਼ੁੱਭ ਕਰਮਾਂ 'ਤੇ ਵੀ ਜ਼ੋਰ ਦਿੱਤਾ ਕਿਉਂਕਿ ਸ਼ੁੱਭ ਕਰਮਾਂ ਤੋਂ ਬਿਨਾਂ ਮਨੁੱਖ ਦੀ ਮੁਕਤੀ ਨਹੀਂ ਹੋ ਸਕਦੀ। ਉਨ੍ਹਾਂ ਨੇ ਉੱਚਾ ਤੇ ਸੁੱਚਾ ਕਿਰਦਾਰ ਰੱਖਣ ਦੀ ਸਿੱਖਿਆ ਦਿੱਤੀ, ਜਿਵੇਂ ਉਨ੍ਹਾਂ ਨੇ ਫੁਰਮਾਇਆ ਹੈ:

ਗਲੀਂ ਅਸੀਂ ਚੰਗੀਆ ਅਚਾਰੀ ਬੁਰੀਆਹਿ ॥

ਮਜ਼ਲੂਮਾਂ, ਨਿਰਧਨਾਂ, ਨਿਰਦੋਸ਼ਾਂ ਦੀ ਸਹਾਇਤਾ ਕਰਨੀ ਮਨੁੱਖ ਦਾ ਪਹਿਲਾ ਨੈਤਿਕ ਫਰਜ਼ ਹੈ। ਉਨ੍ਹਾਂ ਨੇ ਹੰਕਾਰ ਨੂੰ ਸਭ ਰੋਗਾਂ ਦਾ ਕਾਰਨ ਦੱਸਿਆ ਤੇ ਨਿਮਰਤਾ ਸਾਰੇ ਗੁਣਾਂ ਦਾ ਨਿਚੋੜ ਹੈ:

ਮਿੱਠਤੁ ਨੀਵੀਂ ਨਾਨਕਾ,
ਗੁਣ ਚੰਗਿਆਈਆ ਤੱਤੁ ॥

ਉਨ੍ਹਾਂ ਨੇ ਕਿਰਤ ਕਰਕੇ ਜੀਵਨ ਗੁਜ਼ਾਰਨ ਦਾ ਉਪਦੇਸ਼ ਦਿੱਤਾ। ਛਲ, ਫਰੇਬ ਕਰਕੇ ਕਮਾਏ ਧਨ ਦਾ ਖੰਡਨ ਕੀਤਾ। ਜਿਵੇਂ ਉਨ੍ਹਾਂ ਨੇ ਫਰਮਾਇਆ:

ਹੱਕ ਪਰਾਇਆ ਨਾਨਕਾ
ਉਸ ਸੂਅਰ ਉਸ ਗਾਇ ॥

ਮਨੁੱਖ ਦੇ ਅਮਲ ਚੰਗੇ ਹੋਣੇ ਚਾਹੀਦੇ ਹਨ:

ਮੰਦੇ ਕੰਮੀਂ ਨਾਨਕਾ ਜਦ ਕਦ ਮੰਦਾ ਹੋਇ ॥

ਪਰ ਦੇਖਣ ਦੀ ਗੱਲ ਇਹ ਹੈ ਕਿ ਇਸ ਵੇਲੇ ਦਾ ਸਮਾਜ ਹੁਣ ਵੀ ਉਹੀ ਨਹੀਂ, ਭਾਵ ਮਨੁੱਖੀ ਸੋਚ ਵਿਚ ਕੋਈ ਪਰਿਵਰਤਨ ਆਇਆ ਹੈ? ਮਨੁੱਖੀ ਕਦਰਾਂ-ਕੀਮਤਾਂ ਅਜੇ ਵੀ ਓਹੀ ਹਨ, ਸਗੋਂ ਨੈਤਿਕਤਾ ਪੱਖੋਂ ਦਿਨ-ਬ-ਦਿਨ ਨਿਘਾਰ ਹੀ ਆ ਰਿਹਾ ਹੈ। ਪਰਿਵਾਰਕ ਤੇ ਸਮਾਜਿਕ ਕਦਰਾਂ-ਕੀਮਤਾਂ ਫਿਰ ਬਦਲ ਰਹੀਆਂ ਹਨ। ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਪਰਿਵਾਰਾਂ, ਰਿਸ਼ਤੇਦਾਰਾਂ ਵਿਚ ਉਹ ਭਾਵਨਾਤਮਕ ਸਾਂਝ ਨਹੀਂ ਰਹੀ। ਪਰ ਮਨੁੱਖ ਸਵਾਰਥੀ ਤੇ ਪਦਾਰਥਵਾਦੀ ਬਣਦਾ ਜਾ ਰਿਹਾ ਹੈ। ਸਮਾਜ ਦੇ ਬਾਕੀ ਖੇਤਰਾਂ, ਧਰਮ ਰਾਜਨੀਤੀ ਤੇ ਵਿਦਿਅਕ ਸਭ ਖੇਤਰਾਂ ਵਿਚ ਨਿਘਾਰ ਆ ਚੁੱਕਾ ਹੈ। ਪਹਿਲੀਆਂ ਕਦਰਾਂ-ਕੀਮਤਾਂ ਖਤਮ ਹੁੰਦੀਆਂ ਜਾ ਰਹੀਆਂ ਹਨ। ਚਾਰੇ ਪਾਸੇ ਭ੍ਰਿਸ਼ਟਾਚਾਰ, ਬੇਈਮਾਨੀ ਅਤੇ ਅਮਾਨਵੀ ਕਦਰਾਂ-ਕੀਮਤਾਂ ਵਧ ਰਹੀਆਂ ਹਨ। ਗੁਰੂ ਘਰ ਦੀ ਕੀ ਦਸ਼ਾ ਹੈ? ਲੜਾਈਆਂ ਝਗੜੇ ਨਿੱਤ ਹੁੰਦੇ ਹਨ। ਚੌਧਰ ਦੀ ਖਾਤਰ ਕਮੇਟੀਆਂ ਦੇ ਕੇਸ ਕੋਰਟਾਂ 'ਚ ਚੱਲ ਰਹੇ ਹਨ। ਇਹ ਕਮਜ਼ੋਰੀਆਂ ਤੇ ਬੁਰਾਈਆਂ ਜਿਹੜੀਆਂ ਸਮਾਜ 'ਚ ਆਈਆਂ, ਇਨ੍ਹਾਂ ਦੇ ਪਿੱਛੇ ਕੀ ਕਾਰਨ ਹਨ? ਇਨ੍ਹਾਂ ਦਾ ਕਾਰਨ ਇਕੋ ਹੀ ਹੈ ਕਿ ਗੁਰੂ ਸਾਹਿਬਾਨਾਂ ਨੇ ਜੋ ਉਪਦੇਸ਼, ਉਦੇਸ਼, ਸਿਧਾਂਤ ਤੇ ਸਿੱਖਿਆਵਾਂ ਮਨੁੱਖ ਨੂੰ ਦਿੱਤੇ ਸਨ, ਮਨੁੱਖ ਨੇ ਉਨ੍ਹਾਂ ਨੂੰ ਆਪਣੇ ਜੀਵਨ ਦਾ ਆਧਾਰ ਨਹੀਂ ਬਣਾਇਆ।

ਗੁਰਬਾਣੀ ਪੜ੍ਹਨ ਤੇ ਸੁਣਨ ਤੱਕ ਹੀ ਸੀਮਤ ਰਹੀ ਹੈ। ਉਸ ਉੱਤੇ ਅਮਲ ਨਹੀਂ ਹੋਇਆ। ਸ਼ੁੱਭ ਅਮਲਾਂ ਬਿਨਾਂ ਕੁੱਝ ਵੀ ਨਹੀਂ। ਸਾਡੇ ਪ੍ਰਚਾਰਕ, ਧਾਰਮਿਕ ਆਗੂ, ਨਾ ਉਹ ਆਪ ਇਨ੍ਹਾਂ ਸਿਧਾਂਤਾਂ ਨੂੰ ਜੀਵਨ ਵਿਚ ਅਮਲੀ ਰੂਪ ਦੇ ਸਕੇ ਅਤੇ ਨਾ ਲੋਕਾਂ ਨੂੰ ਇਨ੍ਹਾਂ ਦੀ ਪ੍ਰੇਰਨਾ ਦੇ ਸਕੇ। ਇਸ ਲਈ ਜਿਹੜੇ ਦਿਵਸ, ਅਸੀਂ ਗੁਰੂਆਂ ਦੇ ਮਨਾਉਂਦੇ ਹਾਂ, ਬਹੁਤ ਹੀ ਚੰਗੀ ਗੱਲ ਹੈ। ਸਾਨੂੰ ਉਨ੍ਹਾਂ ਨੂੰ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਚਾਹੀਦਾ ਹੈ। ਪਰ ਇਨਾ ਹੀ ਕਾਫੀ ਨਹੀਂ। ਜਿੰਨੀ ਦੇਰ ਅਸੀਂ ਉਨ੍ਹਾਂ ਦੇ ਪੂਰਨਿਆਂ 'ਤੇ ਨਹੀਂ ਚੱਲਦੇ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਨਹੀਂ ਚੱਲਦੇ, ਸਮਾਜ ਦਾ ਸੁਧਾਰ ਨਹੀਂ ਹੋ ਸਕਦਾ।

ਉਨ੍ਹਾਂ ਦੇ ਪ੍ਰਕਾਸ਼ ਉਤਸਵ ਮਨਾਉਣੇ ਬੇਅਰਥ ਨਹੀਂ ਹਨ। ਇਸ ਲਈ ਜਿੰਨੀ ਦੇਰ ਮਨੁੱਖੀ ਕਿਰਦਾਰ ਉੱਚਾ ਤੇ ਸੁੱਚਾ ਨਹੀਂ ਹੁੰਦਾ, ਤਾਂ ਮਨੁੱਖੀ ਜੀਵਨ ਸ਼ਾਂਤਮਈ, ਸੁਖਦਾਇਕ ਅਤੇ ਖੁਸ਼ਹਾਲ ਨਹੀਂ ਹੋ ਸਕਦਾ। ਲੋੜ ਹੈ ਹਰ ਮਨੁੱਖ ਆਪਣੇ ਅੰਦਰ ਝਾਂਤੀ ਮਾਰੇ ਕਿ ਮੈਂ ਗੁਰੂ ਸਾਹਿਬਾਨਾਂ ਦੇ ਦਿੱਤੇ ਉਪਦੇਸ਼ਾਂ 'ਤੇ ਚੱਲ ਰਿਹਾ ਹਾਂ?

# ਰਾਤ ਦੇਰ ਤੱਕ ਜਾਗਣਾ ਅਤੇ ਸਵੇਰੇ ਦੇਰ ਨਾਲ ਉੱਠਣਾ ਇਹ ਆਦਤ ਖਤਰਨਾਕ ਹੈ




ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।
ਪੰਜਾਬ ਮੇਲ USA


ਪ੍ਰਸਿੱਧ ਅਖਾਣ ਰਾਤ ਜਲਦੀ ਸੌਣਾਂ ਅਤੇ ਸਵੇਰੇ ਜਲਦੀ ਉੱਠਣਾ ਇਨਸਾਨ ਨੂੰ ਸਿਹਤਮੰਦ, ਧਨਵਾਨ ਅਤੇ ਸਮਝਦਾਰ ਬਣਾਉਂਦਾ ਹੈ। ਸਦੀਆਂ ਤੋਂ ਇਸ ਅਖਾਣ ਨੂੰ 100 ਫੀਸਦੀ ਸਹੀ ਮੰਨਿਆ ਜਾਂਦਾ ਰਿਹਾ ਹੈ। ਇੱਥੇ ਤੱਕ ਕਿ ਆਧੁਨਿਕ ਵਿਗਿਆਨ ਨੇ ਵੀ ਰਾਤ ਜਲਦੀ ਸੌਣਾ ਅਤੇ ਸਵੇਰੇ ਜਲਦੀ ਉੱਠਣ ਦੇ ਵੱਖ-ਵੱਖ ਜੈਵਿਕ, ਮਨੋਵਿਗਿਆਨਕ ਅਤੇ ਸਮਾਜਿਕ ਫਾਇਦਿਆਂ ਦੀ ਖੋਜ ਕਰਕੇ ਇਸ ਪ੍ਰਾਚੀਨ ਵਿਸ਼ਵਾਸ ਦੀ ਪੁਸ਼ਟੀ ਕੀਤੀ ਹੈ। ਦੂਜੇ ਪਾਸੇ ਰਾਤ ਦੇ ਵੇਲੇ ਦੇਰ ਤੱਕ ਜਾਗਣਾ ਅਤੇ ਸਵੇਰੇ ਦੇਰ ਨਾਲ ਉੱਠਣਾ ਹਾਲਾਂਕਿ ਅੱਜ ਦੇ ਪਦਾਰਥਵਾਦੀ ਸੰਸਾਰ ਦਾ ਆਮ ਅਤੇ ਅਟੁੱਟ ਹਿੱਸਾ ਹੈ ਪਰ ਇਸ ਆਦਤ ਨੂੰ ਗੰਭੀਰ ਸਿਹਤ ਸਮੱਸਿਆਵਾਂ ਨਾਲ ਜੋੜਿਆ ਗਿਆ ਹੈ, ਜਿਸ ਵਿਚ ਡਿਮੈਂਸ਼ੀਆ, ਮਨੋਵਿਗਿਆਨਕ ਬਿਮਾਰੀਆਂ, ਦਿਲ ਦੀਆਂ ਬਿਮਾਰੀਆਂ, ਮੈਟਾਬੋਲਿਕ ਬਿਮਾਰੀਆਂ ਅਤੇ ਛੋਟੀ ਉਮਰ ਵਿਚ ਮੌਤ ਦਾ ਵੱਧਦਾ ਖ਼ਤਰਾ ਸ਼ਾਮਲ ਹੈ।

## ਰਾਤ ਜਲਦੀ ਸੌਣ ਅਤੇ ਸਵੇਰੇ ਜਲਦੀ ਉੱਠਣ ਦੇ ਫ਼ਾਇਦੇ

### 1. ਮਾਨਸਿਕ ਸਿਹਤ:

ਵਿਗਿਆਨਕ ਖੋਜਾਂ ਨੇ ਦਰਸਾਇਆ ਹੈ ਕਿ ਯੋਗ ਨੀਂਦ ਦਿਮਾਗ ਦੇ ਗਲਾਈਮਫੈਟਿਕ ਸਿਸਟਮ ਨੂੰ ਬਰਕਰਾਰ ਰੱਖਦੀ ਹੈ, ਜੋ ਐਲਜ਼ਾਈਮਰ ਦੀ ਬਿਮਾਰੀ ਅਤੇ ਡਿਮੈਂਸ਼ੀਆ ਨਾਲ ਜੁੜੇ ਜ਼ਹਿਰੀਲੇ ਤੱਤਾਂ ਜਿਵੇਂ ਕਿ ਬੀਟਾ-ਐਮੀਲੋਇਡ ਪਲੇਕ ਨੂੰ ਸਾਫ ਕਰਨ ਲਈ ਜ਼ਰੂਰੀ ਹੈ।

### 2. ਵਧੀਆਂ ਦਿਲ ਦੀ ਕਾਰਗੁਜ਼ਾਰੀ:

ਵੱਖ-ਵੱਖ ਮਨੋਵਿਗਿਆਨਕ ਅਧਿਐਨਾਂ ਨੇ ਦਰਸਾਇਆ ਹੈ ਕਿ ਸਵੇਰੇ ਜਲਦੀ ਉੱਠਣ ਵਾਲੇ ਲੋਕਾਂ ਦਾ ਰਕਤ ਦਬਾਅ ਅਤੇ ਦਿਲ ਦੀ ਧੜਕਣ ਘੱਟ ਰਹਿੰਦੀ ਹੈ। ਇਸ ਨਾਲ ਦਿਮਾਗ ਦੇ ਥੱਕੇ ਅਤੇ ਦਿਲ ਦੇ ਹਮਲੇ ਦਾ ਖਤਰਾ ਘੱਟ ਸਕਦਾ ਹੈ।

### 3. ਵਧੀਆ ਉਤਪਾਦਕਤਾ:

ਸਵੇਰੇ ਜਲਦੀ ਉਠਣ ਵਾਲੇ ਲੋਕਾਂ ਨੂੰ ਵਧੀਆ ਧਿਆਨ, ਅਨੁਸ਼ਾਸਨ ਅਤੇ ਕੁਦਰਤ ਨਾਲ ਮੇਲ-ਜੋਲ ਮਿਲਦਾ ਹੈ, ਜੋ ਸਿੱਖਿਆ ਅਤੇ ਪੇਸ਼ਾਵਰ ਪ੍ਰਦਰਸ਼ਨ ਨੂੰ ਵਧੀਆ ਬਣਾਉਣ ਲਈ ਲਾਜ਼ਮੀ ਹੈ।




### 4. ਚੰਗੀ ਰੋਗ ਪ੍ਰਤੀਰੋਧਕ ਸਮਰੱਥਾ:

ਸਵੇਰੇ ਤੜਕੇ ਦੀ ਨੀਂਦ ਮੈਲਟੋਨਿਨ ਅਤੇ ਵਾਧੂ ਹਾਰਮੋਨ ਦੇ ਪ੍ਰਵਾਹ ਨੂੰ ਵਧਾਉਂਦੀ ਹੈ, ਜੋ ਨੁਕਸਾਨ ਪਹੁੰਚੀ ਕੋਸ਼ਿਕਾਵਾਂ ਦੀ ਮੁਰੰਮਤ ਕਰਦੀ ਹੈ ਅਤੇ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਨੂੰ ਮਜ਼ਬੂਤ ਕਰਨ ਵਿਚ ਮਦਦ ਕਰਦੀ ਹੈ।

## ਰਾਤ ਨੂੰ ਜਲਦੀ ਸ ਣ ਅਤੇ ਸਵੇਰੇ ਜਲਦੀ ਉੱਠਣ ਦੇ ਨੁਕਸਾਨ

### 1. ਸਮਾਜਿਕ ਸੀਮਾਵਾਂ:

ਅਜੋਕੇ ਸਮਾਜ ਵਿਚ ਬਹੁਤ ਸਾਰੇ ਸਮਾਜਿਕ ਅਤੇ ਪੇਸ਼ਾਵਰ ਸਮਾਗਮ ਰਾਤ ਦੇ ਵੇਲੇ ਹੁੰਦੇ ਹਨ, ਰਾਤ ਜਲਦੀ ਸੌਣ ਵਾਲੇ ਲੋਕਾਂ ਨੂੰ ਇਨ੍ਹਾਂ ਰਾਤ ਦੇ ਕਾਰਜਾਂ ਅਤੇ ਸਮਾਜਿਕ ਸਮਾਗਮਾਂ ਵਿਚ ਭਾਗ ਲੈਣ ਵਿਚ ਔਖ ਦਾ ਸਾਹਮਣਾ ਕਰਨਾ ਪੈਂਦਾ ਹੈ।

### 2. ਕਠੋਰ ਜੀਵਨਸ਼ੈਲੀ:

ਰਾਤ ਜਲਦੀ ਸੌਣਾ ਸਵੇਰੇ ਜਲਦੀ ਉੱਠਣ ਦੀ ਆਦਤ ਨੂੰ ਬਣਾਈ ਰੱਖਣਾ ਸ਼ਿਫਟ ਵਰਕਰਾਂ, ਵਿਦਿਆਰਥੀਆਂ ਜਾਂ ਔਖੇ ਸ਼ਡਿਊਲ ਵਾਲੇ ਪੇਸ਼ੇਵਰਾਂ ਲਈ ਮੁਸ਼ਕਿਲ ਹੋ ਸਕਦਾ ਹੈ।

## ਰਾਤ ਨੂੰ ਦੇਰ ਤੱਕ ਜਾਗਣ ਅਤੇ ਸਵੇਰੇ ਦੇਰ ਨਾਲ ਉੱਠਣ ਦੇ ਫਾਇਦੇ ਅਤੇ ਨੁਕਸਾਨ

## ਫਾਇਦੇ

### 1. ਸਿਰਜਣਾਤਮਕਤਾ :

ਮਨੋਵਿਗਿਆਨਕ ਅਧਿਐਨਾਂ ਨੇ ਦਰਸਾਇਆ ਹੈ ਕਿ ਜੋ ਲੋਕ ਰਾਤ ਦੇ ਵੇਲੇ ਕੰਮ ਕਰਦੇ ਹਨ ਅਤੇ ਸਵੇਰੇ ਦੇਰ ਨਾਲ ਉੱਠਣਾ ਪਸੰਦ ਕਰਦੇ ਹਨ, ਉਹ ਵਧੀਆ ਸਿਰਜਣਾਤਮਕ ਹੁਨਰ ਅਤੇ ਰਾਤ ਦੇ ਸਮੇਂ ਦੌਰਾਨ ਕੰਮਾਂ ਕਾਰਾਂ ਦੇ ਵਧੀਆ ਪ੍ਰਦਰਸ਼ਨ ਨੂੰ ਦਰਸਾਉਂਦੇ ਹਨ।

### 2. ਆਧੁਨਿਕ ਮੰਗਾਂ ਨਾਲ ਅਨੁਕੂਲਤਾ:

ਆਧੁਨਿਕ ਸੰਸਾਰ ਵਿਚ ਦੇਰ ਨਾਲ ਉੱਠਣ ਵਾਲੇ ਲੋਕ ਆਮ ਤੌਰ 'ਤੇ ਮਨੋਰੰਜਨ, ਤਕਨੀਕ-ਆਧਾਰਿਤ ਉਦਯੋਗਾਂ ਅਤੇ ਵਿਸ਼ਵ ਪੱਧਰੀ ਸੰਚਾਰ ਦੀਆਂ ਜ਼ਰੂਰਤਾਂ ਨਾਲ ਵਧੀਆ ਤਰੀਕੇ ਨਾਲ ਮੇਲ ਖਾਂਦੇ ਹਨ।

## ਰਾਤ ਦੇਰ ਤੱਕ ਜਾਗਣ ਅਤੇ ਸਵੇਰੇ ਦੇਰ ਨਾਲ ਉੱਠਣ ਦੇ ਨੁਕਸਾਨ

### 1. ਡਿਮੈਂਸ਼ੀਆ ਦਾ ਖਤਰਾ:

ਬਹੁਤ ਸਾਰੀਆਂ ਮਨੋਵਿਗਿਆਨਿਕ ਰਿਪੋਰਟਾਂ ਨੇ ਸਥਾਪਿਤ ਕੀਤਾ ਹੈ ਕਿ ਜੋ ਲੋਕ ਨਿਯਮਿਤ ਤੌਰ 'ਤੇ ਦੇਰ ਨਾਲ ਸੌਂਦੇ ਹਨ, ਉਹ ਲੋਕ ਅਕਸਰ ਨੀਂਦ ਦੀ ਗੁਣਵੱਤਾ ਵਿਚ ਕਮਜ਼ੋਰੀ ਮਹਿਸੂਸ ਕਰਦੇ ਹਨ। ਇਹ ਘਟਨਾ ਚੱਕਰ ਡਿਮੈਂਸ਼ੀਆ ਦੇ ਵਿਕਾਸ ਦੀ ਸੰਭਾਵਨਾ ਨੂੰ ਵਧਾਉਂਦੇ ਹਨ।

### 2. ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ:

ਦੁਨੀਆਂ ਭਰ ਵਿਚ ਅਧਿਐਨਾਂ ਨੇ ਦਰਸਾਇਆ ਹੈ ਕਿ ਜੋ ਲੋਕ ਰਾਤ ਦੇ ਵੇਲੇ ਕੰਮ ਕਰਦੇ ਹਨ, ਉਨ੍ਹਾਂ ਨੂੰ ਹਾਈਪਰਟੈਂਸ਼ਨ, ਅਨਿਯਮਿਤ ਦਿਲ ਦੀ ਧੜਕਣ ਅਤੇ ਦਿਲ ਦੇ ਹਮਲੇ ਦਾ ਖ਼ਤਰਾ ਵਧੇਰੇ ਰਹਿੰਦਾ ਹੈ।

### 3. ਡਾਇਬੀਟਿਸ ਦਾ ਖਤਰਾ:

ਦੇਰ ਨਾਲ ਸੁੱਤੇ ਲੋਕਾਂ ਵਿਚ ਮੋਟਾਪਾ, ਟਾਈਪ-2 ਡਾਇਬੀਟਿਸ ਅਤੇ ਇੰਸੁਲਿਨ ਪ੍ਰਤੀਰੋਧਕਤਾ ਦਾ ਖ਼ਤਰਾ ਵੱਧ ਰਹਿੰਦਾ ਹੈ।

### 4. ਛੋਟੀ ਉਮਰੇ ਮੌਤ:

ਸੰਸਾਰ ਭਰ ਦੇ ਵੱਖ-ਵੱਖ ਹਿੱਸਿਆਂ ਦੇ ਲੋਕਾਂ 'ਤੇ ਕੀਤੇ ਗਏ ਇੱਕ ਵੱਡੇ ਪੈਮਾਨੇ ਦੇ ਅਧਿਐਨ ਨੇ ਇਹ ਸਿੱਧ ਕੀਤਾ ਹੈ ਕਿ ਜੋ ਲੋਕ ਰਾਤ ਦੇ ਕਾਰਜ ਕਰਦੇ ਹਨ ਅਤੇ ਸਵੇਰੇ ਦੇਰ ਨਾਲ ਉੱਠਦੇ, ਉਨ੍ਹਾਂ ਵਿਚ ਛੋਟੀ ਉਮਰੇ ਮੌਤ ਦਾ ਵਧੇਰੇ ਖ਼ਤਰਾ ਹੁੰਦਾ ਹੈ।

### 5. ਮਨੋਵਿਗਿਆਨਕ ਦਬਾਅ:

ਸਵੇਰੇ ਦੇਰ ਤੱਕ ਸੁੱਤੇ ਲੋਕਾਂ ਵਿਚ ਚਿੰਤਾ, ਡਰ, ਬੇਚੈਨੀ ਅਤੇ ਡਿਪ੍ਰੈਸ਼ਨ ਦੀਆਂ ਉੱਚ ਦਰਾਂ ਦੀ ਸੰਭਾਵਨਾ ਹੁੰਦੀ ਹੈ।

## ਡਿਮੈਂਸ਼ੀਆ ਅਤੇ ਸੰਬੰਧਿਤ ਖਤਰਿਆਂ 'ਦੀ ਵਿਗਿਆਨਕ ਜਾਣਕਾਰੀਆਂ

ਦੁਨੀਆਂ ਭਰ ਦੇ ਵਿਗਿਆਨੀਆਂ ਦੇਰ ਨਾਲ ਉੱਠਣ ਨੂੰ ਡਿਮੈਂਸ਼ੀਆ ਅਤੇ ਹੋਰ ਲੰਬੇ ਸਮੇਂ ਦੀਆਂ ਬਿਮਾਰੀਆਂ ਨਾਲ ਜੋੜਦੇ ਹਨ। ਗੁਣਵੱਤਾ ਵਿਚ ਕਮੀ ਵਾਲੀ ਨੀਂਦ ਯਾਦਾਸ਼ਤ ਸੰਘਟਨ ਅਤੇ ਦਿਮਾਗ ਤੋਂ ਜ਼ਹਿਰੀਲੇ ਤੱਤਾਂ ਦੀ ਸਾਫ਼ਾਈ ਲਈ ਮਹੱਤਵਪੂਰਨ ਨੀਂਦ ਨੂੰ ਘਟਾ ਸਕਦੀ ਹੈ। ਬੀਟਾ-ਐਮੀਲੋਇਡ ਅਤੇ ਟਾਉ ਪ੍ਰੋਟੀਨਾਂ ਦਾ ਇਕੱਠਾ ਹੋਣਾ ਐਲਜ਼ਾਈਮਰ ਦੀ ਬਿਮਾਰੀ ਨਾਲ ਪੱਕੇ ਤੌਰ 'ਤੇ ਜੁੜਿਆ ਹੋਇਆ ਹੈ। ਇਸ ਤੋਂ ਇਲਾਵਾ ਦੇਰ ਨਾਲ ਉੱਠਣ ਵਾਲੇ ਲੋਕ ਅਕਸਰ ਉੱਚ ਕੋਰਟੀਸੋਲ ਪੱਧਰ (ਸਟ੍ਰੈੱਸ ਹਾਰਮੋਨ) ਦਰਸਾਉਂਦੇ ਹਨ, ਜੋ ਨਿਊਰੋਨਲ ਨੁਕਸਾਨ ਨੂੰ ਤੇਜ਼ ਕਰਦਾ ਹੈ, ਵਾਸਕੁਲਰ ਸੋਜ਼ਿਸ਼ ਨੂੰ ਵਧਾਉਂਦਾ ਹੈ ਅਤੇ ਮਨੁੱਖਾਂ ਨੂੰ ਡਿਮੈਂਸ਼ੀਆ, ਦਿਲ ਦੇ ਹਮਲੇ ਅਤੇ ਦਿਮਾਗ ਸਟ੍ਰੋਕ ਦਾ ਖ਼ਤਰਾ ਪੈਦਾ ਕਰਦਾ ਹੈ।

ਦੁਨੀਆਂ ਭਰ ਵਿਚ ਕੀਤੇ ਗਏ ਅਧਿਐਨਾਂ ਨੇ ਦਰਸਾਇਆ ਹੈ ਕਿ ਵੱਖ-ਵੱਖ ਲੋਕ ਵੱਖ-ਵੱਖ ਨੀਂਦ ਦੇ ਚੱਕਰਾਂ ਨੂੰ ਪਸੰਦ ਕਰਦੇ ਹਨ ਪਰ ਵਿਗਿਆਨਕ ਸਬੂਤ ਰਾਤ ਜਲਦੀ ਸੌਣਾ ਅਤੇ ਸਵੇਰੇ ਜਲਦੀ ਉੱਠਣ ਦੇ ਸਿਹਤ ਫਾਇਦਿਆਂ ਦਾ ਸਮਰਥਨ ਕਰਦੇ ਹਨ। ਹਾਲਾਂਕਿ ਰਾਤ ਨੂੰ ਜਾਗਣ ਵਾਲੇ ਮਨੁੱਖਾਂ ਵਿਚ ਸਿਰਜਣਾਤਮਕਤਾ ਦੇ ਵਾਧੇ ਮਿਲ ਸਕਦੇ ਹਨ ਪਰ ਡਿਮੈਂਸ਼ੀਆ, ਦਿਲ ਦੀਆਂ ਬਿਮਾਰੀਆਂ, ਮੈਟਾਬੋਲਿਕ ਸਿੰਡ੍ਰੋਮ ਅਤੇ ਛੋਟੀ ਉਮਰੇ ਮੌਤ ਦੇ ਖਤਰਿਆਂ ਨੇ ਇਸ ਆਦਤ ਨੂੰ ਸਮਾਜਿਕ ਤੌਰ 'ਤੇ ਮਾੜਾ ਬਣਾਇਆ ਹੈ। ਆਮ ਸਿਹਤ ਮੁਹਿੰਮਾਂ ਵਿਚ ਸਿਹਤਮੰਦ ਨੀਂਦ ਲਈ ਲੋੜੀਂਦੇ ਸਮੇਂ ਦੀ ਪ੍ਰੇਰਨਾ ਦੇਣੀ ਚਾਹੀਦੀ ਹੈ, ਭਾਵੇਂ ਇਸ ਬਾਬਤ ਜਾਣਕਾਰੀ ਸਕੂਲ ਦੇ ਪਾਠਕ੍ਰਮਾਂ ਵਿਚ ਸ਼ਾਮਲ ਕੀਤੀ ਜਾਵੇ। ਇਹ ਯੋਜਨਾ ਡਿਮੈਂਸ਼ੀਆ ਅਤੇ ਲੰਬੇ ਸਮੇਂ ਦੀਆਂ ਬਿਮਾਰੀਆਂ ਦੇ ਭਾਰ ਨੂੰ ਦੁਨੀਆਂ ਭਰ ਵਿਚ ਘਟਾਉਣ ਵਿਚ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ।

# ਮਈ ਕਿ ਜੇਠ

## ਯਾਦਾਂ ਦੇ ਝਰੋਖੇ 'ਚੋਂ:5




ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA


ਪੁਰਾਣੇ ਸਮਿਆਂ ਵਿਚ ਬਹੁਤੇ ਪੇਂਡੂ ਲੋਕ ਭੋਲੇ-ਭਾਲੇ, ਸਿੱਧੇ-ਪੱਧਰੇ ਹੀ ਹੁੰਦੇ ਸਨ। ਟੈਲੀਫੋਨ ਵੀ ਨਹੀਂ ਸਨ ਉਦੋਂ ਹੁੰਦੇ। ਉਨੀਂ ਸੌ ਬਹੱਤਰਵਿਆਂ ਦੀ ਗੱਲ ਹੈ। ਹੋਇਆ ਇੰਝ ਕਿ ਸਾਡੇ ਪਿੰਡ ਚਾਨੀਆਂ ਵਿਚ ਸ਼ਾਮੇ ਦਾ ਵਿਆਹ ਸੀ। ਵਿਚੋਲਾ ਚੜ੍ਹਦੇ ਅਪ੍ਰੈਲ ਆ ਕੇ ਵਿਆਹ ਦੱਸ ਗਿਆ ਕਿ ਅਗਲੇ ਮਹੀਨੇ ਪੰਜ ਦਿਨ ਗਏ ਦਾ ਸਾਹਾ ਨਿਕਲਿਆ ਹੈ, ਸੋ ਬਰਾਤ ਲੈ ਆਉਣਾ। ਉਸ ਦਾ ਮਤਲਬ ਸੀ ਕਿ ਮਈ ਦੀ ਸੰਗਰਾਂਦ ਨੂੰ ਚੜ੍ਹਨ ਵਾਲੇ ਦੇਸੀ ਮਹੀਨੇ ਜੇਠ ਪੰਜ ਦਿਨ ਗਏ ਦਾ। ਉਹ ਵਿਚੋਲਾ ਜਿਥੇ ਸਹੀ ਤਾਰੀਖ ਜਾਂ ਦਿਨ ਸਪੱਸ਼ਟ ਕਰਨ ਵਿਚ ਅਸਮਰਥ ਰਿਹਾ, ਉਥੇ ਮੁੰਡੇ ਵਾਲੇ ਵੀ ਸਹੀ ਦਿਨ ਨੂੰ ਸਮਝਣ ਵਿਚ ਅਸਫ਼ਲ ਰਹੇ। ਲਓ ਜੀ ਮੁੰਡੇ ਵਾਲਿਆਂ ਪੰਜ ਮਈ ਦਾ ਦਿਨ ਸਮਝ ਕੇ ਤਿਆਰੀ ਸ਼ੁਰੂ ਕਰ ਦਿੱਤੀ। ਵਾਢੀਆਂ ਦੇ ਦਿਨ ਸਨ। ਤਦੋਂ ਅੱਜ ਵਾਂਗ ਕਣਕ ਗਾਹੁਣ ਲਈ ਮਸ਼ੀਨਾਂ ਨਹੀਂ ਸਨ ਹੁੰਦੀਆਂ, ਫਲੇ ਚੱਲਦੇ ਹੁੰਦੇ ਸੀ। ਕਣਕ ਵੀ ਹੱਥੀਂ ਦਾਤੀਆਂ ਨਾਲ ਵੱਢੀ ਜਾਂਦੀ। ਕਣਕ ਦਾ ਨਿਬੇੜਾ ਕਰਨ ਲਈ ਦੋ-ਢਾਈ ਮਹੀਨੇ ਲੱਗਣੇ ਸੁਭਾਵਕ ਹੁੰਦੇ।

ਘਰ ਵਾਲਿਆਂ ਬਰਾਤ ਲਈ ਦੋ ਭੂੰਡ (ਟੈਂਪੂ) ਬੁੱਕ ਕਰ ਲਏ। ਸ਼ਾਮ ਚੁਰਾਸੀ ਵੱਲ ਇਕ ਪਿੰਡ ਵਿਚ ਬਰਾਤ ਦਾ ਢੁਕਾਅ ਹੋਇਆ। ਢੋਲ ਵਾਲਾ ਵੀ ਨਾਲ਼ ਗਿਆ। ਪਿੰਡ ਦੇ ਬਾਹਰੀ ਚੁਰੱਸਤੇ ਵਿਚ ਬਰਾਤ ਦਾ ਉਤਾਰਾ ਹੋਇਆ। ਢੋਲ ਵੱਜਿਆ। ਨਿਆਣਿਆਂ ਭੰਗੜਾ ਪਾਉਣਾ ਸ਼ੁਰੂ ਕਰ ਦਿੱਤਾ। ਨੇੜੇ ਹੀ ਟਾਂਡਿਆਂ ਦਾ ਮੁਹਾਰਾ ਲੱਗਿਆ ਹੋਇਆ ਸੀ। ਬੱਚਿਆਂ ਨੇ ਮੁਹਾਰੇ 'ਚੋਂ ਟਾਂਡੇ ਖਿੱਚ ਲਏ। ਢੋਲ ਦੀ ਤਾਲ 'ਤੇ ਉਹ ਭੰਗੜਾ ਪਾਉਂਦੇ ਟਾਂਡਿਆਂ ਨੂੰ ਹਵਾ ਵਿਚ ਉਛਾਲਦੇ। ਆਂਢ-ਗੁਆਂਢ 'ਕੱਠਾ ਹੋਇਆ ਕਿ ਵਿਆਹ ਤਾਂ ਕਿਸੇ ਦਾ ਸੁਣਿਆਂ ਨਹੀਂ ਇਹ ਬਰਾਤ ਕਿਹਦੀ ਆ ਗਈ? ਘੁਸਰ-ਮੁਸਰ ਹੋਈ। ਲਾੜੇ ਵਾਲੇ ਵੀ ਪ੍ਰੇਸ਼ਾਨ ਕਿ ਬਰਾਤ ਦੇ ਸਵਾਗਤ ਲਈ ਕੋਈ ਨਹੀਂ ਆਇਆ। ਢੋਲ ਬੰਦ ਹੋਇਆ। ਲਾੜੀ ਘਰ ਬੰਦਾ ਭੇਜਿਆ। ਤਾਂ ਪਤਾ ਲੱਗਾ ਕਿ ਲਾੜੀ ਤਾਂ ਸਮੇਤ ਪਰਿਵਾਰ ਗੁਆਂਢੀ ਪਿੰਡ ਕਣਕ ਵੱਢਣ ਗਈ ਹੋਈ ਹੈ। ਉਥੇ ਪਿੰਡ ਦਾ ਬੰਦਾ ਇਤਲਾਹ ਕਰਨ ਗਿਆ, ਤਾਂ ਕੁੜੀ ਵਾਲੇ ਵੀ ਹੈਰਾਨ ਰਹਿ ਗਏ। ਲਾੜੀ ਅਤੇ ਲਾੜੇ ਦੇ ਬਾਪ ਦਾ ਬੰਨ੍ਹੀ ਤਾਰੀਖ਼ ਨੂੰ ਲੈ ਕੇ ਕੁੱਝ ਬੋਲ ਬੁਲਾਰਾ ਵੀ ਹੋਇਆ। ਅਖ਼ੀਰ ਕੁੜੀ ਵਾਲਿਆਂ ਆਪਣੇ ਭਾਈਚਾਰੇ ਨਾਲ ਸਲਾਹ ਕਰਕੇ ਹਲਕੇ-ਫੁਲਕੇ ਚਾਹ ਪਾਣੀ ਦਾ ਪ੍ਰਬੰਧ ਕਰ ਨੰਦ ਦੇ ਕੇ ਬਰਾਤ ਨੂੰ ਵਿਦਾ ਕਰ ਦਿੱਤਾ। ਅੱਧੀ ਸਦੀ ਤੋਂ ਵੱਧ ਸਮਾਂ ਬੀਤਣ 'ਤੇ ਬਜ਼ੁਰਗ ਅੱਜ ਵੀ ਉਸ ਅਜਬ ਘਟਨਾ ਨੂੰ ਯਾਦ ਕਰਕੇ ਹੱਸਦੇ ਹਨ।



# ਅਮਰੀਕਾ ਅੰਦਰ ਟਰਾਂਸਪੋਰਟਜ਼ ਦੇ ਹਾਲਾਤ


ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ
559-285-0841
ਪੰਜਾਬ ਮੇਲ USA






ਪਿਛਲੇ ਸਮੇਂ ਤੋਂ ਅਮਰੀਕਾ ਅੰਦਰ ਟਰਾਂਸਪੋਰਟ ਦੇ ਧੰਦੇ ਦੇ ਹਾਲਾਤ ਅਜਿਹੇ ਬਣ ਚੁੱਕੇ ਹਨ ਕਿ ਪੁੱਛੋ ਕੁਝ ਨਾ। ਇਸ ਮਸਲੇ ਵਿਚ ਅਮਰੀਕਾ ਦੇ ਵੱਡੇ-ਵੱਡੇ ਟਰਾਂਸਪੋਰਟਰਾਂ ਦਾ ਵੱਡਾ ਨੁਕਸਾਨ ਹੋ ਚੁੱਕਿਆ ਹੈ। ਆਲਮ ਚਾਰੇ ਪਾਸੇ ਇੱਕੋ ਜਿਹਾ ਹੈ, ਕਿਸੇ ਦਾ ਵੀ ਕੁਝ ਸਹੀ ਨਹੀਂ, ਜਿੰਨੇ ਵੱਡੇ ਟਰਾਂਸਪੋਰਟਰ ਹਨ। ਉਨੇ ਹੀ ਵੱਡੇ ਉਨ੍ਹਾਂ ਦੇ ਰੋਣੇ ਹਨ। ਉਨੇ ਹੀ ਵੱਡੇ ਉਨ੍ਹਾਂ ਦੇ ਨੁਕਸਾਨ ਹਨ। ਚਾਰੇ ਪਾਸੇ ਕੂਕਾ ਰੌਲੀ ਪੈ ਚੁੱਕੀ ਹੈ ਕਿ ਅਮਰੀਕਾ ਦਾ ਟਰਾਂਸਪੋਰਟ ਦਾ ਧੰਦਾ ਬੇਹੱਦ ਘਾਟੇ ਵੱਲ ਜਾ ਰਿਹਾ ਹੈ। ਇਹ ਕਹਾਣੀ ਕੋਈ ਇੱਕ ਦਿਨ ਦੀ ਨਹੀਂ ਹੈ। ਇਹ ਵਰ੍ਹਿਆਂ ਦਾ ਵਰਤਾਰਾ ਹੈ, ਜੋ ਹੁਣ ਹੌਲੀ-ਹੌਲੀ ਸਾਡੇ ਸਾਹਮਣੇ ਆ ਰਿਹਾ ਹੈ ਕਿਉਂਕਿ ਅਸੀਂ ਪਹਿਲਾਂ ਕਦੇ ਵੀ ਇਹ ਗੱਲ ਸੋਚੀ ਨਹੀਂ ਸੀ ਕਿ ਅਮਰੀਕਾ ਵਰਗੇ ਮੁਲਕ ਵਿਚ ਟਰਾਂਸਪੋਰਟ ਦੇ ਧੰਦੇ ਦੇ ਹਾਲਾਤ ਇੰਨੇ ਮਾੜੇ ਹੋ ਜਾਣਗੇ, ਜੋ ਕਿਸੇ ਨੇ ਕਦੇ ਕਿਆਸੇ ਨਹੀਂ ਸੀ ਹੋਣੇ। ਅੱਜ ਬਿਨਾਂ ਸ਼ੱਕ ਹਾਲਾਤ ਬਹੁਤ ਮਾੜੇ ਹਨ। ਇਸ ਦਾ ਜ਼ਿੰਮੇਵਾਰ ਕੌਣ ਹੈ। ਇਹ ਸਵਾਲ ਵੀ ਵੱਡੇ ਹਨ। ਇਹ ਧੰਦਾ ਇਸ ਗਿਰਾਵਟ ਵੱਲ ਕਿਉਂ ਆਇਆ, ਸ਼ਾਇਦ ਕਾਰਨ ਕੀ ਬਣੇ, ਕਿਸੇ ਨੂੰ ਵੀ ਕੁਝ ਨਹੀਂ ਪਤਾ। ਹਰ ਇਨਸਾਨ ਦੀਆਂ ਆਪੋ ਆਪਣੀਆਂ ਰਾਵਾਂ ਹਨ। ਇੱਥੇ ਕੋਈ ਵੀ ਕਿਸੇ ਦੀ ਮੰਨਣ ਨੂੰ ਤਿਆਰ ਨਹੀਂ ਹੈ। ਕਿਸੇ ਵੀ ਮਾਮਲੇ ਵਿਚ ਸਾਰਿਆਂ ਨੂੰ ਦੋਸ਼ੀ ਨਹੀਂ ਗਿਣਿਆ ਜਾ ਸਕਦਾ। ਪਰ ਕੁਝ ਬੰਦੇ ਸਾਰਿਆਂ ਦਾ ਨਾਮ ਬਦਨਾਮ ਜ਼ਰੂਰ ਕਰ ਦਿੰਦੇ ਹਨ। ਅੱਜਕੱਲ੍ਹ ਇਹੀ ਕੁਝ ਪੰਜਾਬੀਆਂ ਨਾਲ ਹੋ ਰਿਹਾ ਹੈ ।

ਕੁਝ ਵੀ ਹੋਵੇ ਪਰ ਟਰਾਂਸਪੋਰਟ ਦੇ ਧੰਦੇ ਵਿਚ ਜੋ ਕੁਝ ਟਰਾਂਸਪੋਰਟਰਾਂ ਦੇ ਨਾਲ ਹੋ ਰਿਹਾ ਹੈ, ਉਹ ਬਿਆਨ ਨਹੀਂ ਕੀਤਾ ਜਾ ਸਕਦਾ। ਕਾਗਜ਼ ਪੱਤਰਾਂ ਨੂੰ ਲੈ ਕੇ ਕਾਪੀਆਂ ਤੱਕ ਦੀ ਜੋ ਹਾਲਤ ਹੈ, ਉਹ ਬੇਹੱਦ ਮਾੜੀ ਹੋ ਚੁੱਕੀ ਹੈ। ਸਰਕਾਰ ਵੱਲੋਂ ਆਏ ਦਿਨ ਕਾਨੂੰਨ ਵਿਚ ਸਖਤੀ ਕੀਤੀ ਜਾ ਰਹੀ ਹੈ। ਆਏ ਦਿਨ ਹਦਾਇਤਾਂ ਜਾਰੀ ਹੋ ਰਹੀਆਂ ਹਨ ਕਿ ਟਰਾਂਸਪੋਰਟ ਦੇ ਕੰਮ ਦੇ ਵਿਚ ਬਣਨ ਵਾਲੇ ਕਾਗਜ਼ਾਂ ਦੀ ਰੂਪਰੇਖਾ ਕੀ ਹੋਵੇ, ਅਸਲ ਦਸ਼ਾ ਕੀ ਹੋਣੀ ਚਾਹੀਦੀ ਹੈ। ਜੇਕਰ ਇਹ ਵੀ ਕਹਿ ਲਈਏ, ਤਾਂ ਵੀ ਕੋਈ ਗਲਤ ਨਹੀਂ ਹੋਵੇਗਾ ਕਿ ਟਰਾਂਸਪੋਰਟ ਦੇ ਧੰਦੇ ਵਿਚ ਆਮ ਲੋਕਾਂ ਦੇ ਕੋਕੜੇ ਪੱਕ ਚੁੱਕੇ ਹਨ, ਗਰੀਬੀ ਸਾਹ ਚੁੱਕੀ ਹੈ। ਜਿਹੜੇ ਚੰਗੇ-ਚੰਗੇ ਕਾਰੋਬਾਰੀ ਲੋਕ ਸਨ, ਉਨ੍ਹਾਂ ਦਾ ਵੀ ਹਾਲਾਤ ਬੇਹੱਦ ਮਾੜੇ ਹੋ ਚੁੱਕੇ ਹਨ। ਉਨ੍ਹਾਂ ਦੇ ਘਰਾਂ ਦੇ ਵਿਚ ਗਰੀਬੀ ਪਸਰ ਚੁੱਕੀ ਹੈ ਪਰ ਸਰਕਾਰ ਕੁਝ ਵੀ ਨਹੀਂ ਬੋਲ ਰਹੀ। ਬਿਨਾਂ ਸ਼ੱਕ ਹਰ ਖੇਤਰ ਦੇ ਵਿਚ ਨੁਕਸਾਨ ਹੋਇਆ ਹੈ ਪਰ ਟਰਾਂਸਪੋਰਟਰਾਂ ਦਾ ਬਹੁਤ ਨੁਕਸਾਨ ਹੋਇਆ ਹੈ। ਭਾਵੇਂ ਆਲਮ ਚਾਰੇ ਪਾਸੇ ਇੱਕੋ ਜਿਹਾ ਹੈ, ਟਰਾਂਸਪੋਰਟ ਦੇ ਧੰਦੇ ਵਿਚ ਬਹੁਤ ਜ਼ਿਆਦਾ ਹੈ। ਪੰਜਾਬੀਆਂ ਨੇ ਹਰ ਖੇਤਰ ਦੇ ਵਿਚ ਮਿਹਨਤ ਬਹੁਤ ਕੀਤੀ ਹੈ ਪਰ ਮਾਰ ਵੀ ਖਾਧੀ ਹੈ। ਬਹੁਤਿਆਂ ਨੇ ਮਿਹਨਤ ਕਰਨ ਤੋਂ ਬਾਅਦ ਕਾਰੋਬਾਰ ਅੱਗੇ ਵਧਾਏ ਹਨ।

ਇੱਥੇ ਮੈਂ ਇੱਕ ਗੱਲ ਹੋਰ ਵੀ ਸਾਂਝੀ ਕਰਨੀ ਚਾਹਾਂਗਾ ਕਿ ਭਾਵੇਂ ਅਮਰੀਕਾ ਦੇ ਵਿਚ ਭਾਰਤ ਦੇ ਹੋਰਨਾਂ ਸੂਬਿਆਂ ਤੋਂ ਆ ਕੇ ਆਮ ਲੋਕਾਂ ਨੇ ਟਰਾਂਸਪੋਰਟਰ ਦਾ ਧੰਦਾ ਸ਼ੁਰੂ ਕੀਤਾ। ਇਸ ਸਾਰੇ ਮਾਮਲੇ ਵਿਚ ਉਹ ਵੀ ਰਗੜੇ ਗਏ ਪਰ ਆਪਾਂ ਗੱਲ ਕਰ ਰਹੇ ਹਾਂ ਪੰਜਾਬੀ ਵੀਰਾਂ ਦੀ ਕਿ ਪੰਜਾਬੀਆਂ ਦਾ ਵੀ ਟਰਾਂਸਪੋਰਟ ਦੇ ਧੰਦੇ ਨਾਲ ਗੂੜ੍ਹਾ ਪਿਆਰ ਸੀ ਅਤੇ ਹੈ। ਪਰ ਪੰਜਾਬੀਆਂ ਦਾ ਵੀ ਵੱਡਾ ਨੁਕਸਾਨ ਹੋਇਆ ਹੈ। ਵੱਡੇ-ਵੱਡੇ ਟਰਾਂਸਪੋਰਟ ਫੇਲ ਹੋ ਰਹੇ ਹਨ, ਸਟੋਰ ਖੜ੍ਹ ਗਏ ਹਨ। ਦੁਕਾਨਾਂ ਫੇਲ ਹੋ ਗਈਆਂ ਹਨ ਅਤੇ ਡਰਾਈਵਰਾਂ ਦੀ ਮਾੜੀ ਹਾਲਤ ਹੋ ਚੁੱਕੀ ਹੈ। ਕਈ ਵਾਰ ਅਸੀਂ ਆਪਣਾ ਜਲੂਸ ਆਪ ਕਢਵਾ ਲਿਆ ਹੈ। ਅਸੀਂ ਪਿਛਲੇ ਸਮੇਂ ਤੋਂ ਇਹ ਗੱਲਾਂ ਅਖਬਾਰਾਂ ਅਤੇ ਮੀਡੀਆ ਰਾਹੀਂ ਸਾਂਝੀਆਂ ਵੀ ਕਰਦੇ ਰਹਿੰਦੇ ਸੀ ਕਿ ਅਸੀਂ ਆਪਣਾ ਆਪ ਜਲੂਸ ਕਿਉਂ ਕਢਵਾ ਰਹੇ ਹਾਂ। ਇਥੇ ਕਿਸੇ ਦਾ ਕੋਈ ਕਸੂਰ ਨਹੀਂ ਪਰ ਪੰਜਾਬੀਆਂ ਨੇ ਆਪਣਾ ਜਲੂਸ ਆਪ ਕਢਵਾਇਆ ਹੈ, ਇਹ ਗੱਲ ਵੀ ਥੋੜੀ ਬਹੁਤ ਕਿਤੇ ਨਾ ਕਿਤੇ ਸੱਚੀ। ਜਿਹੜੇ ਸਟੋਰ ਪੰਜਾਬੀਆਂ ਦੇ ਸੀ, ਉਨ੍ਹਾਂ ਦਾ ਵੀ ਹਾਲ ਮੰਦੜਾ ਹੈ, ਉਹ ਵੀ ਖੜ੍ਹ ਚੁੱਕੇ ਹਨ। ਕਈ ਕਲੇਸ਼ੀ ਬੰਦੇ ਸਾਰਿਆਂ ਦਾ ਨਾਮ ਬਦਨਾਮ ਕਰ ਰਹੇ ਹਨ।

ਇਕ ਪਾਸੇ ਜਿੱਥੇ ਵੱਡੀਆਂ-ਵੱਡੀਆਂ ਕੰਪਨੀਆਂ ਫੇਲ ਹੋ ਰਹੀਆਂ ਹਨ, ਸਟੋਰ ਖੜ੍ਹ ਰਹੇ ਹਨ, ਉੱਥੇ ਹੀ ਛੋਟੇ-ਛੋਟੇ ਟਰੱਕਾਂ ਵਾਲਿਆਂ ਦਾ ਬਿਜ਼ਨਸ ਵੀ ਤਬਾਹ ਹੋ ਰਿਹਾ ਹੈ। ਬਹੁਤ ਸਾਰੇ ਪੰਜਾਬੀਆਂ ਦੇ ਛੋਟੇ-ਛੋਟੇ ਕਾਰੋਬਾਰਾਂ ਨੂੰ ਵੱਡਾ ਧੱਕਾ ਲੱਗਾ ਹੈ। ਅਸੀਂ ਸਾਰੇ ਸਰਕਾਰਾਂ ਨੂੰ ਕੋਸ ਰਹੇ ਹਾਂ ਕਿ ਇਸ ਮਸਲੇ ਦੇ ਵਿਚ ਸਰਕਾਰ ਦਾ ਯੋਗਦਾਨ ਵੱਡਾ ਹੈ। ਪਰ ਅਸਲ ਤੱਥਾਂ ਨੂੰ ਸ਼ਾਇਦ ਕੋਈ ਖੰਗਾਲਣ ਦਾ ਯਤਨ ਵੀ ਨਹੀਂ ਕਰਦਾ ਕਿ ਗਲਤੀ ਕਿੱਥੇ ਹੋਈ ਹੈ, ਕਿਉਂ ਇਸ ਸਾਰੇ ਵਰਤਾਰੇ ਦਾ ਇਹ ਹਾਲ ਇੱਥੇ ਤੱਕ ਪਹੁੰਚਿਆ ਹੈ। ਅੱਜ ਟਰੱਕਾਂ ਦਾ ਬਿਜ਼ਨਸ ਕਰਨ ਵਾਲੇ ਬਹੁਤ ਸਾਰੇ ਲੋਕ ਆਪਣੀਆਂ ਕਿਸ਼ਤਾਂ ਭਰਨ ਤੋਂ ਬੇਬਸ ਹੋ ਚੁੱਕੇ ਹਨ। ਉਨ੍ਹਾਂ ਵੱਲੋਂ ਲੋਨ ਲੈ ਕੇ ਆਪਣੇ ਟਰੱਕਾਂ ਦੀਆਂ ਕਿਸ਼ਤਾਂ ਭਰੀਆਂ ਜਾ ਰਹੀਆਂ ਹਨ। ਛੋਟੇ-ਛੋਟੇ ਸਟੋਰਾਂ ਵਾਲਿਆਂ ਦੀ ਜਾਨ ਮੁੱਠੀ ਵਿਚ ਆ ਚੁੱਕੀ ਹੈ ਪਰ ਸਰਕਾਰ ਆਏ ਦਿਨ ਕਾਗਜ਼ਾਂ ਦੀ ਸੋਧ ਦੇ ਨਾਂ 'ਤੇ ਡਰਾਈਵਰ ਭਾਈਚਾਰੇ ਦਾ ਤਰਾਹ ਕੱਢ ਰਹੀ ਹੈ। ਸਰਕਾਰ ਭਾਵੇਂ ਕਹਿੰਦੀ ਹੈ ਕਿ ਅਸੀਂ ਟਰੱਕਿੰਗ ਦੇ ਮਾਮਲੇ ਵਿਚ ਕੋਈ ਵੀ ਗਲਤੀ ਨਹੀਂ ਹੋਣ ਦੇਵਾਂਗੇ ਪਰ ਅਸਲ ਸੱਚ ਕੀ ਹੈ, ਕੁਝ ਵੀ ਨਹੀਂ ਪਤਾ। ਮਾੜੇ ਵੀ ਬਹੁਤ ਹਨ ਅਤੇ ਚੰਗੇ ਵੀ ਬਹੁਤ ਹਨ। ਪਰ ਸਾਨੂੰ ਕਰੋਨਾ ਨੇ ਬਹੁਤ ਭਾਰੀ ਸੱਟ ਮਾਰੀ ਹੈ। ਕਰੋਨਾ ਨੇ ਸਾਡੇ ਕਾਰੋਬਾਰ ਤਬਾਹ ਕਰ ਦਿੱਤੇ।

ਜੇ ਅਸਲ ਮਾਹਰਾਂ ਦੀ ਮੰਨੀਏ ਤਾਂ ਇਸ ਮਾਮਲੇ ਦੇ ਵਿਚ ਇੱਕ ਕਾਰਨ ਹੋਰ ਵੀ ਵੱਡਾ ਸਾਹਮਣੇ ਆਇਆ ਕਿ ਅਸੀਂ ਬਹੁਤ ਕੁਝ ਗਲਤ ਕੀਤਾ। ਸਾਡੇ ਕਾਗਜ਼ ਵੀ ਬਹੁਤ ਜਗ੍ਹਾ ਸਹੀ ਨਹੀਂ ਸਨ, ਅਸੀਂ ਲੋਨ ਦੇ ਨਾਂ 'ਤੇ ਵੀ ਬਹੁਤ ਗਲਤ ਤਰੀਕੇ ਦੇ ਨਾਲ ਕਾਗਜ਼ ਬਣਵਾਏ। ਅਸੀਂ ਇੱਕ ਦੂਜੇ ਦੇ ਡਰਾਈਵਰ ਪੱਟ ਕੇ ਵੱਧ ਪੈਸੇ ਦੇ ਕੇ ਆਪਣਾ ਕਾਰੋਬਾਰ ਚਲਾਉਣ ਦੀ ਕੋਸ਼ਿਸ਼ ਕੀਤੀ। ਅਸੀਂ ਪੰਜਾਬੀਆਂ ਨੇ ਇੱਕ ਦੂਜੇ ਦਾ ਹੀ ਨੁਕਸਾਨ ਕੀਤਾ, ਇੱਕ ਦੂਜੇ ਦੇ ਕਾਰੋਬਾਰ ਨੂੰ ਫੇਲ ਕਰਨ ਦਾ ਯਤਨ ਕੀਤਾ। ਅਸੀਂ ਪੈਟਰੋਲ ਪੰਪਾਂ ਦੇ ਪਿਛਲੇ ਪਾਸੇ ਕੀ ਕੁਝ ਕੀਤਾ, ਕਿਸੇ ਨੂੰ ਸ਼ਾਇਦ ਜਾਣਕਾਰੀ ਹੋਵੇ। ਜਿਵੇਂ ਕਿ ਮੈਂ ਪਹਿਲਾਂ ਆਖ ਚੁੱਕਿਆ ਹਾਂ ਕਿ ਇੱਕ ਦਿਨ ਵਿਚ ਵੀ ਕੁਝ ਹੀ ਨਹੀਂ ਵਾਪਰਦਾ, ਇਹ ਪਿਛਲੇ ਲੰਬੇ ਸਮੇਂ ਤੋਂ ਚੱਲਦਾ ਆਇਆ ਹੈ। ਅਸੀਂ ਲੜਾਈਆਂ-ਝਗੜੇ ਕਰਕੇ ਹੋਰਾਂ ਨਾਲੋਂ ਵੱਧ ਨੁਕਸਾਨ ਆਪਣਾ ਕਰਵਾਇਆ ਹੈ। ਅਸੀਂ ਗੋਲੀਆਂ ਵੀ ਚਲਾਉਂਦੇ ਰਹੇ, ਝਗੜੇ ਵੀ ਕਰਦੇ ਰਹੇ, ਇੱਕ ਦੂਜੇ ਦਾ ਨੁਕਸਾਨ ਵੀ ਕਰਦੇ ਰਹੇ ਪਰ ਕਦੇ ਵੀ ਇੱਕ ਦੂਜੇ ਨੂੰ ਸਮਝਣ ਦਾ ਯਤਨ ਨਹੀਂ ਕੀਤਾ। ਅਸੀਂ ਬਾਹਰਲੇ ਮੁਲਕਾਂ ਵਿਚ ਆ ਕੇ ਵੀ ਨਹੀਂ ਸੰਭਲੇ, ਇੱਥੇ ਵੀ ਬਹੁਤ ਕੁਝ ਅਜਿਹਾ ਕਰਦੇ ਗਏ, ਜੋ ਸ਼ਾਇਦ ਸਹੀ ਨਹੀਂ ਸੀ।


ਕਰੋਨਾ ਮਹਾਂਮਾਰੀ ਦੌਰਾਨ ਅਸੀਂ ਕੀ ਕੁਝ ਕੀਤਾ, ਉਹ ਵੀ ਹੌਲੀ-ਹੌਲੀ ਸਾਡੇ ਸਾਹਮਣੇ ਆ ਰਿਹਾ ਹੈ। ਅਸੀਂ ਵੱਡੇ-ਵੱਡੇ ਟਰੱਕ ਟਰਾਲੇ ਖਰੀਦ ਕੇ ਆਪਣਾ ਬਿਜ਼ਨਸ ਵਧਾਉਣ ਦੇ ਲਈ ਕਾਰੋਬਾਰ ਸ਼ੁਰੂ ਕੀਤੇ, ਜਿਸ ਦਾ ਲਾਹਾ ਉਥੋਂ ਦੇ ਵਾਸੀਆਂ ਨੂੰ ਮਿਲਿਆ, ਸਾਡੇ ਕੱਲੇ ਪੱਲੇ ਕੀ ਪਿਆ, ਇਹ ਵੀ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਅਸੀਂ ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਦੌੜ ਵਿਚ ਆਪਣਾ ਝੁੱਗਾ ਚੌੜ ਕਰਵਾ ਲਿਆ। ਕਰੋੜਾਂ ਦੇ ਕਰਜ਼ਈ ਹੋ ਗਏ। ਹਸਪਤਾਲਾਂ ਦੇ ਅੰਦਰ ਸਾਡੇ ਗੇੜੇ ਵੱਧ ਗਏ ਪਰ ਅਸੀਂ ਅਜੇ ਵੀ ਨਹੀਂ ਸੰਭਲੇ। ਪੰਜਾਬੀਆਂ ਦੇ ਵੱਡੀ ਗਿਣਤੀ ਵਿਚ ਲਾਇਸੰਸ ਕੈਂਸਲ ਕੀਤੇ ਜਾ ਰਹੇ ਹਨ, ਜਿਸ ਦੇ ਵਿਚ ਦੋਸ਼ ਕਿਸ ਦਾ ਹੈ, ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਇਥੇ ਦੋਸ਼ੀ ਕੌਣ ਹੈ। ਸਰਕਾਰਾਂ ਵੱਲੋਂ ਹਰ ਰੋਜ਼ ਆਏ ਦਿਨ ਪੰਜਾਬੀਆਂ ਦੇ ਨਾਲ ਕੀਤੀ ਜਾ ਰਹੀ ਗੱਲਬਾਤ ਅਕਸਰ ਚਰਚਾ ਵਿਚ ਆ ਜਾਂਦੀ ਹੈ, ਜਿਸ ਨੂੰ ਸਾਰੇ ਅਸੀਂ ਸੁਣਦੇ ਪੜ੍ਹਦੇ ਰਹਿੰਦੇ ਹਾਂ ਪਰ ਜੇ ਅਸੀਂ ਅਸਲ ਕਾਰਨਾਂ ਨੂੰ ਵਾਚੀਏ, ਤਾਂ ਸਭ ਕੁਝ ਸਾਹਮਣੇ ਆ ਜਾਂਦਾ ਹੈ। ਅਸੀਂ ਬਹੁਤ ਕੁਝ ਕਰੋਨਾ ਮਹਾਂਮਾਰੀ ਦੌਰਾਨ ਅਜਿਹਾ ਕਰ ਲਿਆ, ਜੋ ਹੁਣ ਸਾਡੇ ਪੈਰ ਧਰਤੀ ਉੱਤੇ ਨਹੀਂ ਲੱਗਣ ਦੇ ਰਿਹਾ।

ਅਸੀਂ ਵੱਡੇ-ਵੱਡੇ ਲੋਨ ਚੱਕ ਕੇ ਟਰਾਲੇ ਤਾਂ ਪਾ ਲਏ ਪਰ ਉਸ ਦੀਆਂ ਕਿਸ਼ਤਾਂ ਦਾ ਪ੍ਰਬੰਧ ਕੌਣ ਕਰੇਗਾ, ਇਹ ਸਾਰੇ ਦਾ ਲਾਹਾ ਸਿਰਫ ਟਰੱਕ ਵੇਚਣ ਵਾਲਿਆਂ ਨੂੰ ਗਿਆ, ਸਾਨੂੰ ਨਹੀਂ। ਅਸੀਂ ਆਪਣੇ ਕਾਰੋਬਾਰ ਵਧਾਉਣ ਦੇ ਨਾ ਉੱਤੇ ਵੱਡੇ-ਵੱਡੇ ਲੋਨ ਲੈ ਲਏ, ਜਿਸ ਦਾ ਸਾਨੂੰ ਹੁਣ ਕਰਜ਼ ਉਤਾਰਨਾ ਔਖਾ ਹੋ ਰਿਹਾ ਹੈ । ਪੰਜਾਬੀ ਬਿਨਾਂ ਸ਼ੱਕ ਇੱਕ ਮਿਹਨਤੀ ਕੌਮ ਹਨ। ਸਾਰਿਆਂ ਨੂੰ ਇੱਕੋ ਰੱਸੇ ਨਹੀਂ ਬੰਨ੍ਹ ਸਕਦੇ ਪਰ ਪੰਜਾਬੀਆਂ ਨੇ ਵਿਦੇਸ਼ਾਂ ਵਿਚ ਆ ਕੇ ਮਿਹਨਤ ਵੀ ਹੱਡ ਭੰਨ੍ਹ ਵੀ ਕੀਤੀ ਹੈ ਪਰ ਬਹੁਤ ਸਾਰੇ ਲੋਕ ਅਜਿਹੇ ਹਨ, ਜੋ ਸਾਰੀ ਜਗ੍ਹਾ ਜਾ ਕੇ ਗਲਤ ਸੰਗਤ ਦਾ ਸ਼ਿਕਾਰ ਹੋ ਕੇ ਬਹੁਤ ਕੁਝ ਅਜਿਹਾ ਕਰ ਜਾਂਦੇ ਹਨ, ਜਿਸ ਦਾ ਅਕਸਰ ਅਸਰ ਹੋਰਨਾਂ ਨੂੰ ਝੱਲਣਾ ਪੈਂਦਾ ਹੈ। ਇਹੀ ਕੁਝ ਅਮਰੀਕਾ, ਕੈਨੇਡਾ ਤੇ ਹੋਰਨਾ ਮੁਲਕਾਂ ਵਿਚ ਹੋ ਰਿਹਾ ਹੈ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸਹਿਜ ਭਰੀ ਜ਼ਿੰਦਗੀ ਜਿਉਂ ਕੇ, ਗੁਰੂ ਸਾਹਿਬ ਦੇ ਫ਼ਲਸਫ਼ੇ ਅਨੁਸਾਰ ਜ਼ਿੰਦਗੀ ਜਿਉ ਕੇ, ਗੁਰੂ ਦੀ ਬਾਣੀ ਨੂੰ ਪੜ੍ਹ ਕੇ ਹੌਲੀ-ਹੌਲੀ ਚੰਗੀ ਜ਼ਿੰਦਗੀ ਜਿਉਂ ਕੇ, ਆਪਣਾ ਕਾਰੋਬਾਰ ਵਧਾਉਣ ਦੇ ਵਿਚ ਸਹਿਜ ਮਤਾ ਅਪਣਾ ਕੇ ਚਲੀਏ। ਇਸ ਦੇ ਵਿਚ ਹੀ ਸਾਡੀ ਸਾਰਿਆਂ ਦੀ ਭਲਾਈ ਹੈ।

# ਖ਼ੂਨ ਦੀ ਕਮੀ (ਅਨੀਮੀਆ) ਦੀ ਵੱਧ ਰਹੀ ਸਮੱਸਿਆ


ਅਨਿਲ ਧੀਰ
ਬਰੈਂਪਟਨ, ਕੈਨੇਡਾ
647-853-5800
ਪੰਜਾਬ ਮੇਲ USA




ਵਿਸ਼ਵ ਭਰ ਵਿਚ ਸਰੀਰ ਅੰਦਰ ਖ਼ੂਨ ਦੀ ਕਮੀ (ਅਨੀਮੀਆ) ਦੀ ਸਮੱਸਿਆ ਬੱਚੇ, ਨੌਜਵਾਨ, ਸੀਨੀਅਰਜ਼ ਅਤੇ ਗਰਭਵਤੀ ਔਰਤਾਂ ਵਿਚ ਤੇਜ਼ੀ ਨਾਲ ਵੱਧ ਰਹੀ ਹੈ। ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਨੇ ਆਇਰਨ ਦੀ ਕਮੀ ਨੂੰ ਪੌਸ਼ਣ ਸੰਬੰਧੀ ਵਿਗਾੜ ਦੱਸਿਆ ਹੈ। ਵਿਸ਼ਵ ਦੇ 80% ਲੋਕਾਂ ਦੇ ਸਰੀਰ ਆਇਰਨ ਦੀ ਕਮੀ ਹੈ ਅਤੇ ਲਗਭਗ 25-30% ਲੋਕ ਅਨੀਮੀਆ ਦੇ ਸ਼ਿਕਾਰ ਹਨ। ਆਲਮੀ ਪੱਧਰ 'ਤੇ ਅਨੀਮੀਆ ਨੇ 162 ਬਿਲੀਅਨ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ। ਮਰਦਾਂ ਵਿਚ ਆਇਰਨ ਦੀ ਕਮੀ 2%, ਗੈਰ- ਹਿਸਪੈਨਿਕ ਵਾਈਟ ਔਰਤਾਂ ਵਿਚ 9-12%, ਕਾਲੇ ਅਤੇ ਮੈਕਸੀਕਨ-ਅਮਰੀਕੀ ਔਰਤਾਂ ਵਿਚ ਲਗਭਗ 20% ਦਾ ਆਂਕੜਾ ਹੋ ਗਿਆ ਹੈ। 65 ਸਾਲ ਤੋਂ ਵੱਧ ਉਮਰ ਦੇ 9% ਰੋਗੀਆਂ ਵਿਚ ਆਇਰਨ ਦੀ ਕਮੀ ਯਾਨਿ ਅਨੀਮੀਆ ਨਾਲ ਗੈਸਰੋਇੰਟੇਸਟਾਈਨਲ ਕੈਂਸਰ ਵੀ ਦੇਖਿਆ ਗਿਆ ਹੈ। ਡਬਲਯੂ.ਐੱਚ.ਓ. ਅਨੁਸਾਰ 47.4% ਪ੍ਰੀਸਕੂਲ ਦੌਰਾਣ ਬੱਚੇ ਆਇਰਨ ਦੀ ਕਮੀ ਦੇ ਸ਼ਿਕਾਰ ਹੋਏ ਹਨ। ਮੁੱਖ ਕਾਰਨ ਸਹੀ ਖੁਰਾਕ ਨਾ ਲੈਣਾ ਹੈ। ਸਰੀਰ ਦੇ ਵਿਕਾਸ ਲਈ ਆਇਰਨ ਦੀ ਸਖਤ ਲੋੜ ਹੁੰਦੀ ਹੈ।

ਸਰੀਰ ਅੰਦਰ ਆਇਰਨ ਦੀ ਕਮੀ ਸੀ, ਡੀ, ਏ ਤਿੰਨ ਕਿਸਮ ਹੁੰਦੀ ਹੈ। ਦੂਜੀ ਕਿਸਮ ਦੀ ਆਮ ਅਤੇ ਤੀਜੀ ਰੇਸਟ ਹੈ। ਪੁਰਾਣਾ ਅਨੀਮੀਆ, ਥਕਾਵਟ, ਚਮੜੀ ਤੇ ਅੱਖਾਂ ਦਾ ਰੰਗ ਪੀਲਾ ਹੋ ਜਾਂਦਾ ਹੈ। ਇੱਕ ਸਟਡੀ ਅਨੁਸਾਰ ਬਲੱਡ ਗਰੁੱਪ ਬੀ, ਏ ਜਾਂ ਏਬੀ ਵਾਲੇ ਲੋਕਾਂ ਨੂੰ ਅਨੀਮੀਆ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਬਲੱਡ ਗਰੁੱਪ ਓ ਵਾਲਿਆਂ ਨੂੰ ਬਿਮਾਰੀ ਦੀ ਸੰਭਾਵਨਾ ਘੱਟ ਹੁੰਦੀ ਹੈ। ਆਇਰਨ ਦੀ ਕਮੀ ਦੇ 3 ਪੜਾਅ ਪ੍ਰੀ-ਲੇਟੈਂਟ, ਲੇਟੈਂਟ ਅਤੇ ਆਈ ਡੀ ਏ. ਹੁੰਦੇ ਹਨ। ਹੀਮੋਗਲੋਬਿਨ ਲਾਲ ਖ਼ੂਨ ਦੇ ਸੈੱਲਾਂ ਦਾ ਉਹ ਹਿੱਸਾ ਹੈ, ਜੋ ਖ਼ੂਨ ਨੂੰ ਆਪਣਾ ਲਾਲ ਰੰਗ ਦਿੰਦਾ ਹੈ ਅਤੇ ਲਾਲ ਖ਼ੂਨ ਦੇ ਸੈੱਲਾਂ ਨੂੰ ਪੂਰੇ ਸਰੀਰ ਅੰਦਰ ਆਕਸੀਜਨ ਬਲੱਡ ਲਿਜਾਣ ਦੇ ਯੋਗ ਬਣਾਉਂਦਾ ਹੈ। ਅਨੀਮੀਆ ਕੁੱਝ ਮਹੀਨੇ ਤੋਂ ਲੈ ਕੇ ਜ਼ਿਆਦਾ ਲੰਬੇ ਸਮੇਂ ਤੱਕ ਰਹਿਣ ਨਾਲ ਗੰਭੀਰ ਵੀ ਹੋ ਸਕਦਾ ਹੈ। ਸਰੀਰ ਦੇ ਟਿਸ਼ੂਆਂ ਨੂੰ ਆਕਸੀਜ਼ਨ ਪਹੁੰਚਾਣ ਲਈ ਲਾਲ ਲਹੂ ਦੇ ਸੈੱਲਾਂ ਦਾ ਸਿਹਤਮੰਦ ਹੋਣਾ ਜ਼ਰੂਰੀ ਹੈ। ਅਨੀਮੀਆ ਦੇ ਆਮ ਹਾਲਤ ਵਿਚ ਮਾਨਸਿਕ-ਸਰੀਰਕ ਥਕਾਵਟ ਰਹਿਣਾ, ਸਰੀਰ ਦੇ ਵਿਕਾਸ ਵਿਚ ਦੇਰੀ, ਖੁਸ਼ਕੀ ਤੇ ਚਮੜੀ ਦੇ ਰੋਗਾਂ ਤੋਂ ਪ੍ਰੇਸ਼ਾਨੀ, ਕਮਜ਼ੋਰ ਨਾਖੁਣ, ਛਾਤੀ 'ਚ ਦਰਦ, ਤੇਜ਼ ਧੜਕਣ ਦੇ ਨਾਲ ਸਾਹ ਔਖਾ ਆਉਣਾ, ਹੱਥ-ਪੈਰ ਠੰਢੇ ਮਹਿਸੂਸ ਹੋਣਾ, ਸਿਰ ਦਰਦ ਦੇ ਨਾਲ ਚੱਕਰ ਆਉਣੇ, ਕਦੇ ਕਬਜ਼-ਕਦੇ ਦਸਤ, ਹਾਜ਼ਮਾ ਖਰਾਬ ਤੇ ਜੀਭ ਦੀ ਸੋਜ਼ਿਸ਼ ਹੋ ਜਾਂਦੀ ਹੈ। ਔਰਤਾਂ ਵਿਚ ਜ਼ਿਆਦਾ ਪੀਰੀਅਡ ਰਹਿਣ ਨਾਲ ਖ਼ੂਨ ਦੀ ਕਮੀ ਹੋ ਜਾਂਦੀ ਹੈ। ਭੋਜਨ ਤੋਂ ਪੌਸ਼ਿਟਕ ਤੱਤਾਂ ਨੂੰ ਜਜ਼ਬ ਕਰਨ ਦੀ ਯੋਗਤਾ ਘੱਟ ਸਕਦੀ ਹੈ।

ਸਰੀਰ ਦੇ ਵਿਕਾਸ ਅਤੇ ਗਰਭਵਤੀ ਔਰਤਾਂ ਅਤੇ ਪੇਟ ਅੰਦਰ ਪਲ ਰਹੇ ਬੱਚੇ ਨੂੰ ਆਇਰਨ ਦੀ ਖਾਸ ਲੋੜ ਹੁੰਦੀ ਹੈ।

ਗੈਰ-ਪੌਸ਼ਿਟਕ ਤੇ ਜੰਕ ਫੂਡ ਦਾ ਜ਼ਿਆਦਾ ਇਸਤੇਮਾਲ ਤੇ ਲੰਬੇ ਸਮੇਂ ਤੱਕ ਸਰੀਰ ਅੰਦਰ ਆਇਰਨ ਦੀ ਕਮੀ ਕਾਰਨ ਪੈਪਟਿਕ ਅਲਸਰ, ਕੋਲੇਰੋਟਲ ਕੈਂਸਰ, ਆਂਤੜੀ ਦੇ ਗੰਭੀਰ ਰੋਗ ਹੋ ਸਕਦੇ ਹਨ। ਆਪਣੀ ਮਰਜ਼ੀ ਨਾਲ ਆਇਰਨ ਸਪਲੀਮੈਂਟਸ ਸ਼ੁਰੂ ਕਰਨ ਨਾਲ ਜਿਗਰ ਖਰਾਬ ਤੇ ਮੁਸ਼ਕਲਾਂ ਪੈਦਾ ਹੋ ਸਕਦੀਆਂ ਹਨ। ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਹੀ ਸਪਲੀਮੈਂਟ ਸ਼ੁਰੂ ਕਰੋ।

## ਹੀਮੋਗਲੋਬਿਨ ਦਾ ਆਮ ਲੈਵਲ

ਨਵਜੰਮੇ ਬੱਚੇ ਵਿਚ-17-22 ਗ੍ਰਾਮ/ਡੀ.ਐੱਲ., ਇਕ ਹਫਤੇ ਦੀ ਉਮਰ ਵਿਚ 15-20 ਗ੍ਰਾਮ/ਡੀ.ਐੱਲ., ਇਕ ਮਹੀਨੇ ਦੀ ਉਮਰ ਵਿਚ 11-15 ਗ੍ਰਾਮ/ਡੀ.ਐੱਲ., ਬੱਚੇ 11-13 ਗ੍ਰਾਮ/ਡੀ.ਐੱਲ., ਬਾਲਗ ਮਰਦ 14-18ਗ੍ਰਾਮ/ਡੀ.ਐੱਲ., ਔਰਤਾਂ ਵਿਚ 12-16 ਗ੍ਰਾਮ/ਡੀ.ਐੱਲ., ਮਿਡਲ ਉਮਰ ਦੇ ਮਰਦਾਂ ਵਿਚ 12.4-14.9 ਗ੍ਰਾਮ/ਡੀ.ਐੱਲ., ਅਤੇ ਮੱਧ ਉਮਰ ਦੀਆਂ ਔਰਤਾਂ ਵਿਚ 11.7-13.8 ਗ੍ਰਾਮ/ਡੀ.ਐੱਲ. ਦੇਖਿਆ ਜਾਂਦਾ ਹੈ।

- ਸਰੀਰ ਦੇ ਵਿਕਾਸ ਲਈ ਤਾਜ਼ੇ ਫੱਲ ਅੰਗੂਰ, ਸੰਤਰਾ, ਬਿਨਾ ਚੀਨੀ ਨਿੰਬੂ-ਸ਼ਿਕੰਜੀ, ਬਿਨਾ ਫੈਟ ਯੋਗਰਟ, ਦਹੀਂ ਦੀ ਲੱਸੀ, ਪੱਤੇਦਾਰ ਸਾਗ-ਸਬਜ਼ੀਆਂ, ਲਾਲ ਮੀਟ, ਮੱਛੀ, ਅੰਡੇ, ਬੀਨਜ਼, ਟੋਫੂ ਮਟਰ, ਦਾਲਾਂ, ਗਿਰੀਦਾਰ ਅਤੇ ਬੀਜ, ਸੁੱਕੇ ਫੱਲ, ਸੌਗੀ, ਖੁਰਮਾਨੀ ਵਗੈਰਾ ਨੂੰ ਆਪਣੀ ਖੁਰਾਕ ਵਿਚ ਸ਼ਾਮਲ ਕਰੋ। ਕਿਡਨੀ ਬੀਨਜ਼, ਐਵੋਕਾਡੋ, ਮੂੰਗਫਲੀ, ਬਰਾਉਣ ਚਾਵਲ, ਤਾਜ਼ੀ ਪਾਲਕ ਦਾ ਸੂਪ, ਮਟਰ ਅਤੇ ਦਾਲਾਂ ਵਿਚ ਮੌਜੂਦ ਫੋਲੇਟ, ਪ੍ਰੋਟੀਨ, ਫਾਈਬਰ, ਵਿਟਾਮਿਨ ਤੇ ਖਣਿਜ ਬਿਮਾਰੀਆਂ ਦੇ ਜ਼ੋਖਮ ਨੂੰ ਘਟਾ ਸਕਦੇ ਹਨ।
- ਸਵੇਰੇ ਸ਼ਾਮ ਬੀਟਰੂਟ, ਅਨਾਰ ਤੇ ਤਾਜ਼ਾ ਜਿੰਜਰ ਮਿਲਾ ਕੇ ਲਗਾਤਾਰ ਜੂਸ ਪੀਣ ਨਾਲ ਥਕਾਵਟ, ਕਮਜ਼ੋਰੀ ਦੂਰ ਹੋ ਜਾਂਦੀ ਹੈ।
- 1 ਚਮਚ ਸੈਸਮੇ (ਤਿਲ) ਸੀਡਜ਼ ਪਾਣੀ 'ਚ 3 ਘੰਟੇ ਲਈ ਭਿਗੋ ਦਿਓ। ਬਾਅਦ ਵਿਚ ਪੀਸ ਕੇ ਸ਼ਹਿਦ ਮਿਕਸ ਕਰਕੇ ਡੇਲੀ ਇਸਤੇਮਾਲ ਕਰ ਸਕਦੇ ਹੋ।
- ਨਾਰੀਅਲ ਦਾ ਦੁੱਧ, ਡਾਰਕ ਚਾਕਲੇਟ ਅਤੇ ਜੈਗਰੀ (ਗੁੜ), ਅਤੇ ਐਂਟੀਆਕਸੀਡੈਂਟ ਫਲ, ਪਰੂਨ ਤੇ ਜੂਸ, ਮਲਬੇਰੀ, ਸਟ੍ਰਾਬੇਰੀ, ਕੀਵੀ ਅਤੇ ਆਲਿਵ ਦੀ ਵਰਤੋਂ ਨਾਲ ਸਰੀਰ ਅੰਦਰ ਆਇਰਨ ਦੀ ਕਮੀ ਦੂਰ ਕੀਤੀ ਜਾ ਸਕਦੀ ਹੈ। ਆਯੂਰਵੈਦਿਕ ਸਪਲੀਮੈਂਟ ਚਿਅਵਨਪ੍ਰਾਸ਼ ਵੀ ਲੈ ਸਕਦੇ ਹੋ।

**ਨੋਟ:** ਗੰਭੀਰ ਬਿਮਾਰੀ ਤੋਂ ਬਚਣ ਲਈ ਸਰੀਰ ਅੰਦਰ ਖ਼ੂਨ ਦੀ ਕਮੀ ਦੇ ਆਮ ਲੱਛਣ ਮਹਿਸੂਸ ਹੁੰਦੇ ਹੀ ਬਿਨਾਂ ਦੇਰ ਕੀਤੇ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਇਲਾਜ ਸ਼ੁਰੂ ਕਰ ਦਿਓ।

# ਜੇਕਰ ਤੁਸੀਂ ਬੱਚੇ ਬਾਰੇ ਮਨ ਬਣਾ ਲਿਆ ਹੈ, ਤਾਂ ਤੁਸੀਂ ਅਤੇ ਤੁਹਾਡਾ ਆਉਣ ਵਾਲਾ ਬੱਚਾ ਪੂਰੀ ਤਰ੍ਹਾਂ ਤੰਦਰੁਸਤ ਰਹੇ, ਆਓ ਜਾਣੀਏ

ਔਰਤ ਦੀ ਜ਼ਿੰਦਗੀ ਵਿਚ ਗਰਭ ਅਵਸਥਾ ਇਕ ਅਜਿਹਾ ਸਫਰ ਹੁੰਦਾ ਹੈ, ਜੋ ਕਿ ਜ਼ੋਖ਼ਮ ਭਰਿਆ ਤਾਂ ਹੁੰਦਾ ਹੈ ਪਰ ਹੁੰਦਾ ਬਹੁਤ ਆਨੰਦਦਾਇਕ ਹੈ। ਇਸ ਸਮੇਂ ਦੌਰਾਨ ਔਰਤ ਨੂੰ ਆਪਣੇ ਅੰਦਰ ਪਲ ਰਹੇ ਨਵੇਂ ਜੀਵ ਬਾਰੇ ਨਿੱਤ ਨਵੀਆਂ ਗੱਲਾਂ ਦਾ ਪਤਾ ਚੱਲਦਾ ਹੈ ਅਤੇ ਉਹ ਆਪਣੇ ਪੇਟ ਵਿਚ ਪਲ ਰਹੇ ਬੱਚੇ ਨਾਲ ਵੀ ਗੱਲਾਂ ਕਰਦੀ ਰਹਿੰਦੀ ਹੈ। ਉਪਰੋਕਤ ਗੱਲਾਂ ਦਾ ਧਿਆਨ ਰੱਖ ਕੇ ਹਰ ਗਰਭਵਤੀ ਔਰਤ ਸਿਹਤਮੰਦ ਅਤੇ ਤੰਦਰੁਸਤ ਬੱਚੇ ਨੂੰ ਜਨਮ ਦੇ ਸਕਦੀ ਹੈ। ਗਰਭ ਅਵਸਥਾ ਉਸ ਨੂੰ ਕਹਿੰਦੇ ਹਨ, ਜਿਸ ਵਿਚ ਇਕ ਔਰਤ ਬੱਚੇ ਨੂੰ ਜਨਮ ਦਿੰਦੀ ਹੈ, ਇਹ ਔਰਤ ਅਤੇ ਮਰਦ ਦੇ ਸਰੀਰਕ ਸਬੰਧਾਂ ਨਾਲ ਜਾਂ ਸਹਾਇਤਾ ਪ੍ਰਜਣਨ ਤਕਨਾਲੋਜੀ ਦੁਆਰਾ ਹੋ ਸਕਦੀ ਹੈ, ਜਿਸ ਨੂੰ ਗਰਭ ਅਵਸਥਾ ਕਹਿੰਦੇ ਹਨ।

ਜੇਕਰ ਤੁਸੀਂ ਬੱਚੇ ਬਾਰੇ ਮਨ ਬਣਾ ਲਿਆ ਹੈ, ਤੁਸੀਂ ਅਤੇ ਤੁਹਾਡਾ ਆਉਣ ਵਾਲਾ ਬੱਚਾ ਪੂਰੀ ਤਰ੍ਹਾਂ ਤੰਦਰੁਸਤ ਰਹੇ। ਗਰਭ ਧਾਰਨ ਕਰਨ ਤੋਂ ਪਹਿਲਾਂ ਲੇਡੀ ਡਾਕਟਰ ਨੂੰ ਮਿਲ ਕੇ ਇਹ ਸਲਾਹ ਕਰ ਸਕਦੇ ਹੋ ਕਿ ਕੀ ਗਰਭ ਅਵਸਥਾ ਦੌਰਾਨ ਖਾਣ ਵਾਲੀਆਂ ਦਵਾਈਆਂ ਅਤੇ ਗਰਭ ਅਵਸਥਾ ਵਿਚ ਭੋਜਨ ਵਿਚ ਕੀ ਨਹੀਂ ਖਾਣਾ ਚਾਹੀਦਾ। ਤੁਹਾਡੀਆਂ ਆਦਤਾਂ, ਜੀਵਨਸ਼ੈਲੀ, ਟੀਕਾਕਰਨ ਦੀ ਸਲਾਹ ਸਮੇਂ-ਸਮੇਂ 'ਤੇ ਲੇਡੀ ਡਾਕਟਰ ਤੁਹਾਨੂੰ ਦਿੰਦੀ ਰਹਿੰਦੀ ਹੈ। ਜੇਕਰ ਤੁਸੀਂ ਬੱਚਾ ਲੈਣ ਬਾਰੇ ਸੋਚ ਹੀ ਲਿਆ ਹੈ, ਤਾਂ ਤੁਸੀਂ ਹੁਣੇ ਹੀ ਆਪਣੇ ਡਾਕਟਰ ਦੀ ਚੋਣ ਕਰ ਲਓ, ਤਾਂ ਕਿ ਤੁਹਾਨੂੰ ਅੱਗੇ ਜਾ ਕੇ ਕੋਈ ਪਰੇਸ਼ਾਨੀ ਨਾ ਆਵੇ। ਗਰਭ ਧਾਰਨ ਕਰਨ ਤੋਂ ਪਹਿਲਾਂ ਤੁਸੀਂ ਦੰਦਾਂ ਦੇ ਡਾਕਟਰ ਕੋਲ ਜਾ ਕੇ ਆਪਣੇ ਦੰਦਾਂ ਅਤੇ ਮਸੂੜਿਆਂ ਦੀ ਚੰਗੀ ਤਰ੍ਹਾਂ ਜਾਂਚ ਕਰਵਾਓ। ਗਰਭ ਧਾਰਨ ਹੋਣ 'ਤੇ ਤੁਸੀਂ ਦੰਦਾਂ ਦੀ ਕੋਈ ਸਰਜਰੀ ਨਹੀਂ ਕਰਵਾ ਸਕਦੇ। ਜੇ ਤੁਹਾਨੂੰ ਪਹਿਲਾਂ ਕਦੇ ਗਰਭ ਧਾਰਨ ਵਿਚ ਕੋਈ ਪ੍ਰੇਸ਼ਾਨੀ ਆਈ ਸੀ, ਇਕ ਤੋਂ ਜ਼ਿਆਦਾ ਗਰਭਪਾਤ ਹੋ ਚੁੱਕੇ ਹਨ, ਤਾਂ ਆਪਣੀ ਡਾਕਟਰ ਨੂੰ ਦੱਸੋ, ਸਲਾਹ ਕਰੋ, ਤਾਂ ਕਿ ਕੋਈ ਅੱਗੋਂ ਪਰੇਸ਼ਾਨੀ ਦੁਬਾਰਾ ਨਾ ਆਵੇ। ਤੁਹਾਨੂੰ ਆਪਣੀ ਅਤੇ ਆਪਣੇ ਪਤੀ ਦੀ ਫੈਮਿਲੀ ਨੂੰ ਵੇਖ ਕੇ ਪਤਾ ਲਗਾਉਣਾ ਪਵੇਗਾ ਕਿ ਕੋਈ ਖਾਨਦਾਨੀ ਰੋਗ ਤਾਂ ਨਹੀਂ ਹੈ। ਜੇਕਰ ਤੁਸੀਂ ਲੰਮੇ ਸਮੇਂ ਤੱਕ ਗਰਭਵਤੀ ਨਹੀਂ ਹੋ ਸਕੇ, ਤਾਂ ਡਾਕਟਰ ਦੀ ਸਲਾਹ ਲਵੋ।

ਗਰਭ ਅਵਸਥਾ ਦੌਰਾਨ ਤੁਹਾਨੂੰ ਕੁਝ ਟੈਸਟਾਂ ਲਈ ਵੀ ਤਿਆਰ ਰਹਿਣਾ ਪਵੇਗਾ... ਸਕੈਨਿੰਗ, ਥਾਇਰਾਇਡ, ਹੈਪੇਟਾਇਟਸ, ਐਂਟੀਬਾਡੀਜ਼, ਹਾਈ ਬਲੱਡ ਪ੍ਰੈਸ਼ਰ, ਸ਼ੂਗਰ, ਯੌਨੀ ਸੰਬੰਧੀ ਰੋਗ। ਜੇਕਰ ਜਾਂਚ ਦੌਰਾਨ ਕਿਸੇ ਰੋਗ ਦਾ ਪਤਾ ਲੱਗੇ, ਤਾਂ ਤੁਰੰਤ ਇਲਾਜ ਕਰਵਾ ਲਓ। ਸੰਤੁਲਿਤ ਭੋਜਨ ਖਾਓ। ਜਣੇਪੇ ਤੋਂ ਪਹਿਲਾਂ ਵਿਟਾਮਿਨ ਜ਼ਰੂਰ ਲਵੋ। ਜੇਕਰ ਤੁਹਾਡਾ ਭਾਰ ਵਧ ਜਾਂ ਘੱਟ ਰਿਹਾ ਹੈ, ਤਾਂ ਇਹ ਦੋਨੋਂ ਸਥਿਤੀਆਂ ਹੀ ਗਰਭ ਧਾਰਨ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਜੇਕਰ ਗਰਭ ਧਾਰਨ ਕਰ ਵੀ ਲਿਆ ਹੈ, ਤਾਂ ਵੀ ਗਰਭ ਅਵਸਥਾ ਦੀਆਂ ਮੁਸ਼ਕਲਾਂ ਆ ਸਕਦੀਆਂ ਹਨ। ਜ਼ਰੂਰਤ ਦੇ ਹਿਸਾਬ ਨਾਲ ਕੈਲੋਰੀ ਦੀ ਮਾਤਰਾ ਘਟਾਓ ਜਾਂ ਵਧਾਓ। ਭਾਰ ਘਟਾਉਣਾ ਹੋਵੇ, ਤਾਂ ਹੌਲੀ-ਹੌਲੀ ਘਟਾਓ, ਇਸ ਅਵਸਥਾ ਦੌਰਾਨ ਗਰਭ ਨੂੰ ਦੋ-ਤਿੰਨ ਮਹੀਨੇ ਟਾਲ ਦਿਓ। ਅਸੰਤੁਲਿਤ ਡਾਈਟਿੰਗ ਨੁਕਸਾਨ ਪਹੁੰਚਾ ਸਕਦੀ ਹੈ। ਜੇਕਰ ਤੁਸੀਂ ਕਮਜ਼ੋਰ ਹੋ, ਤਾਂ ਸੰਤੁਲਤ ਭੋਜਨ ਖਾਣਾ ਸ਼ੁਰੂ ਕਰ ਦਿਓ, ਤਾਂ ਕਿ ਆਉਣ ਵਾਲਾ ਬੱਚਾ ਤੰਦਰੁਸਤ ਸਰੀਰ ਵਿਚ ਆਪਣੀ ਗ੍ਰੋਥ ਚੰਗੀ ਤਰ੍ਹਾਂ ਕਰ ਸਕੇ। ਜੇਕਰ ਤੁਸੀਂ ਕਸਰਤ ਕਰਨ ਦੇ ਆਦੀ ਹੋ, ਤਾਂ ਇਹ ਤੁਹਾਡੇ ਲਈ ਬਹੁਤ ਵਧੀਆ ਹੈ। ਕਸਰਤ ਕਰਨ ਨਾਲ ਤੁਹਾਡਾ ਭਾਰ ਘੱਟ ਹੋਵੇਗਾ ਅਤੇ ਮਾਸਪੇਸ਼ੀਆਂ ਲਚਕੀਲੀਆਂ ਹੋ ਜਾਣਗੀਆਂ। ਜ਼ਿਆਦਾ ਕਸਰਤ ਕਰਨੀ ਵੀ ਮਾੜੀ ਹੈ। ਇਸ ਨਾਲ ਤੁਸੀਂ ਗਰਭ ਧਾਰਨ ਨਹੀਂ ਕਰ ਸਕੋਗੇ। ਕੁਝ ਦਵਾਈਆਂ ਵੀ ਅਜਿਹੀਆਂ ਹੁੰਦੀਆਂ ਹਨ, ਜੋ ਗਰਭ ਅਵਸਥਾ ਤੋਂ ਪਹਿਲਾਂ ਜਾਂ ਬਾਅਦ ਵਿਚ ਲੈਣੀਆਂ ਖ਼ਤਰਨਾਕ ਹੁੰਦੀਆਂ ਹਨ। ਜੇਕਰ ਤੁਸੀਂ ਵੀ ਕੋਈ ਦਵਾਈ ਖਾ ਰਹੇ ਹੋ, ਤਾਂ ਤੁਰੰਤ ਡਾਕਟਰ ਦੀ ਸਲਾਹ ਲੈ ਲਵੋ। ਹਰਬਲ ਦਵਾਈਆਂ ਕੁਦਰਤੀ ਮੰਨੀਆਂ ਜਾਂਦੀਆਂ ਹਨ ਪਰ ਇਸ ਦਾ ਮਤਲਬ ਇਹ ਨਹੀਂ ਕਿ ਇਹ ਸੁਰੱਖਿਅਤ ਹੋਣਗੀਆਂ। ਗਰਭ ਅਵਸਥਾ ਦੌਰਾਨ ਹਰਬਲ ਦਵਾਈਆਂ ਵੀ ਡਾਕਟਰ ਦੀ ਸਲਾਹ ਤੋਂ ਬਗੈਰ ਨਾ ਲਓ। ਕੈਫੀਨ ਦੀ ਮਾਤਰਾ ਨਾ ਲਓ। ਕੌਫ਼ੀ ਤੇ ਚਾਹ ਦੀ ਮਾਤਰਾ ਵੀ ਘੱਟ ਕਰ ਦਿਓ। ਜੇਕਰ ਤੁਸੀਂ ਸ਼ਰਾਬ ਪੀਂਦੇ ਹੋ, ਤਾਂ ਇਸ ਨੂੰ ਵੀ ਪੀਣਾ ਬੰਦ ਕਰ ਦਿਓ। ਅਲਕੋਹਲ ਪੀਣ ਨਾਲ ਗਰਭ ਧਾਰਨ ਕਰਨ ਵਿਚ ਜ਼ਿਆਦਾ ਸਮਾਂ ਲੱਗ ਸਕਦਾ ਹੈ। ਅਜਿਹੀ ਸਥਿਤੀ ਵਿਚ ਤੰਬਾਕੂ ਖਾਣਾ ਬਿਲਕੁਲ ਛੱਡ ਦਿਓ। ਰੇਡੀਏਸ਼ਨ ਤੋਂ ਆਪਣਾ ਬਚਾਓ ਕਰੋ। ਰਸਾਇਣਾਂ ਤੋਂ ਵੀ ਆਪਣਾ ਬਚਾਅ ਕਰਨਾ ਚਾਹੀਦਾ ਹੈ।

## ਗਰਭ ਧਾਰਨ

ਹਰ ਰੋਜ਼ ਸੈਕਸ ਕਰਨ ਨਾਲ ਸਪਰਮ ਦੀ ਗਿਣਤੀ ਘੱਟ ਹੁੰਦੀ ਹੈ। ਇਸ ਕਰਕੇ ਗਰਭ ਧਾਰਨ ਕਰਨਾ ਔਖਾ ਹੋ ਸਕਦਾ ਹੈ। ਜੇਕਰ ਤੁਸੀਂ ਕੋਈ ਖਿਡਾਰੀ ਹੋ, ਜਿਵੇਂ ਕਿ ਫੁੱਟਬਾਲ, ਹਾਕੀ, ਬੇਸਬਾਲ, ਕਬੱਡੀ, ਘੋੜ ਸਵਾਰੀ ਖੇਡਦੇ ਹੋ, ਤਾਂ ਧਿਆਨ ਨਾਲ ਆਪਣੇ ਜਣਨ ਅੰਗਾਂ ਦੀ ਸੁਰੱਖਿਆ ਕਰੋ। ਸਾਈਕਲ ਚਲਾਉਂਦੇ ਸਮੇਂ ਵੀ ਸਾਈਕਲ ਦੀ ਸੀਟ ਦਾ ਦਬਾਅ ਪੈਣ ਨਾਲ ਕਈ ਧਮਣੀਆਂ ਨੂੰ



ਨੁਕਸਾਨ ਹੁੰਦਾ ਹੈ। ਅਜਿਹਾ ਕਰਦੇ ਸਮੇਂ ਜਣਨ ਅੰਗਾਂ ਵਿਚ ਕੁਝ ਝੁੰਜਲਾਹਟ ਅਤੇ ਸੁੰਨ ਹੋਣ 'ਤੇ ਤੁਰੰਤ ਡਾਕਟਰ ਨੂੰ ਮਿਲੋ। ਆਪਣੇ ਆਪ ਨੂੰ ਸ਼ਾਂਤ ਰੱਖੋ, ਤਣਾਅਮੁਕਤ ਰਹੋ, ਨਤੀਜੇ ਉਨੀ ਜਲਦੀ ਸਾਹਮਣੇ ਆਉਣਗੇ।

## ਗਰਭਵਤੀ ਹੋਣ ਦੀਆਂ ਨਿਸ਼ਾਨੀਆਂ

ਮਹਾਵਾਰੀ ਦਾ ਨਾ ਆਉਣਾ, ਛਾਤੀ ਦਾ ਨਰਮ/ਨਾਜ਼ੁਕ, ਦਿਲ ਦਾ ਕੱਚਾ ਹੋਣਾ ਤੇ ਉਲਟੀਆ ਆਉਣਾ, ਥਕਾਵਟ ਮਹਿਸੂਸ ਹੋਣਾ, ਬਾਰ-ਬਾਰ ਪੇਸ਼ਾਬ ਦਾ ਆਉਣਾ, ਸਵਾਦ ਤੇ ਸੁਗੰਧ ਵਿਚ ਫਰਕ ਮਹਿਸੂਸ ਹੋਣਾ, ਕਬਜ਼ ਹੋਣਾ

## 9 ਮਹੀਨੇ ਤੇ ਖਾਣ-ਪੀਣ

ਆਓ ਤੁਹਾਨੂੰ ਦੱਸਦੇ ਹਾਂ 9 ਮਹੀਨੇ ਅਤੇ ਤੁਹਾਡਾ ਖਾਣ-ਪੀਣ ਕਿਹੋ ਜਿਹਾ ਹੋਣਾ ਚਾਹੀਦਾ ਹੈ। ਹੁਣ ਤੁਹਾਡੇ ਪੇਟ ਅੰਦਰ ਇਕ ਨੰਨ੍ਹਾ ਜਿਹਾ ਬੱਚਾ ਪਲ ਰਿਹਾ ਹੈ। ਤੁਸੀਂ ਪੂਰੇ ਨੌਂ ਮਹੀਨੇ ਤੱਕ ਆਪਣੇ ਬੱਚੇ ਲਈ ਪੌਸ਼ਟਿਕ ਆਹਾਰ ਲੈਣਾ ਹੈ। ਜਦੋਂ ਵੀ ਤੁਸੀਂ ਕੁਝ ਖਾਓ-ਪੀਵੋ, ਤਾਂ ਤੁਸੀਂ ਆਪਣੇ ਬੱਚੇ ਸਬੰਧੀ ਸੋਚੋ। ਜੇਕਰ ਤੁਸੀਂ ਭੁੱਖੇ ਰਹੋਗੇ, ਤਾਂ ਤੁਹਾਡਾ ਬੱਚਾ ਵੀ ਭੁੱਖਾ ਰਹਿ ਜਾਵੇਗਾ। ਦੁੱਧ, ਦਹੀਂ, ਅਨਾਜ, ਸਬਜ਼ੀਆਂ ਖਾਓ, ਤੁਹਾਨੂੰ ਹਰ ਰੋਜ਼ 300 ਕੈਲਰੀ ਤੋਂ ਵੱਧ ਲੋੜ ਪੈਣੀ ਹੈ। ਤੁਹਾਡੇ ਹਾਰਮੋਨ ਵਿਚ ਬਦਲਾਅ ਵੀ ਆਵੇਗਾ। ਚਿੰਤਾ ਨਾ ਕਰੋ। ਕਈ ਔਰਤਾਂ ਗਰਭਵਤੀ ਅਵਸਥਾ ਦੌਰਾਨ ਚਿੰਤਤ ਰਹਿੰਦੀਆਂ ਹਨ। ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਆਪਣੇ ਮਨ ਦੀ ਬਾਤ ਆਪਣੇ ਪਤੀ ਨਾਲ ਹਰ ਰੋਜ਼ ਸਾਂਝੀ ਕਰੋ, ਕੋਈ ਪ੍ਰੇਸ਼ਾਨੀ ਹੈ, ਤਾਂ ਡਾਕਟਰ ਨੂੰ ਦੱਸੋ,

## ਗਰਭਪਾਤ ਹੋਣ ਦੇ ਲੱਛਣ

**ਆਓ ਤੁਹਾਨੂੰ ਦੱਸਦੇ ਹਾਂ ਗਰਭਪਾਤ ਹੋਣ ਦੇ ਲੱਛਣ।** ਜਦੋਂ ਤੁਹਾਡੇ ਪੇਟ ਦੇ ਹੇਠਲੇ ਹਿੱਸੇ ਵਿਚ ਦਰਦ ਨਾਲ ਖ਼ੂਨ ਰਿਸਦਾ ਹੋਵੇ, ਇਕ ਦਿਨ ਤੋਂ ਵੱਧ ਤੇਜ਼ ਦਰਦ, ਹਲਕਾ ਖ਼ੂਨ ਦੋ-ਚਾਰ ਦਿਨ ਤੱਕ ਰਿਸਦਾ ਰਹੇ, ਹਲਕਾ ਸਲੇਟੀ ਜਾਂ ਗੁਲਾਬੀ ਰਸਾਅ ਹੋਵੇ, ਤਾਂ ਸਮਝ ਲਓ ਗਰਭਪਾਤ ਸ਼ੁਰੂ ਹੋ ਗਿਆ ਹੈ। ਅਜਿਹੇ ਸਮੇਂ ਤੁਸੀਂ ਡਾਕਟਰ ਕੋਲ ਤੁਰੰਤ ਜਾਓ।

## ਗਰਭਕਾਲ ਮਹੀਨਿਆਂ ਵਿਚ ਨਹੀਂ ਹਫ਼ਤਿਆਂ ਵਿਚ ਨਾਪਦੇ ਨੇ ਡਾਕਟਰ

ਉਂਜ ਤਾਂ ਗਰਭਕਾਲ ਮਹੀਨਿਆਂ ਵਿਚ ਨਾਪਿਆ ਜਾਂਦਾ ਹੈ ਪ੍ਰੰਤੂ ਡਾਕਟਰ ਇਸ ਨੂੰ ਹਫ਼ਤਿਆਂ ਵਿਚ ਗਿਣਦੇ ਹਨ। ਗਰਭਕਾਲ ਦੌਰਾਨ ਤੁਸੀਂ ਇੱਕ ਤੋਂ ਚਾਰ ਹਫ਼ਤੇ ਤੱਕ ਦੇਖਣ ਵਿਚ ਗਰਭਵਤੀ ਨਹੀਂ ਲੱਗਦੇ ਪਰ ਮਹਿਸੂਸ ਹੋਣਾ ਤੁਹਾਨੂੰ ਲਾਜ਼ਮੀ ਹੈ। ਥਕਾਵਟ ਤੇ ਛਾਤੀ ਵਿਚ ਬਦਲਾਅ ਤੇ ਹੋਰ ਲੱਛਣ ਵੀ ਆਉਣੇ ਸ਼ੁਰੂ ਹੋ ਜਾਂਦੇ ਹਨ। ਤੁਹਾਡੀ ਜੀਵਨ ਸ਼ੈਲੀ ਵਿਚ ਵੀ ਬਦਲਾਅ ਆਉਣਾ ਸ਼ੁਰੂ ਹੋ ਜਾਂਦਾ ਹੈ। ਪਹਿਲੇ ਹਫ਼ਤੇ ਬੱਚਾ ਨਾ ਦੇਖਦਾ ਹੈ, ਨਾ ਅੰਦਰ ਹੈ।

ਦੂਸਰੇ ਹਫ਼ਤੇ ਦੌਰਾਨ ਬੱਚਾ ਤਾਂ ਅਜੇ ਵੀ ਨਹੀਂ ਬਣਿਆ ਹੁੰਦਾ ਪਰ ਤੁਹਾਡੀ ਓਵਰੀ ਦੇ ਫੈਲਕਨ ਪੱਕੇ ਹੋ ਰਹੇ ਹੁੰਦੇ ਹਨ। ਕੌਸ਼ਿਕ ਜੀਵ ਇਕ ਲੜਕਾ ਜਾਂ ਲੜਕੀ ਬਣਨ ਵਾਲਾ ਹੈ ਪ੍ਰੰਤੂ ਪਹਿਲਾਂ ਇਸ ਨੂੰ ਫੋਲੋਪਿਯੇਨ ਟਿਊਬ ਵਿਚ ਲੱਕੀ ਸਪਰਮ ਨਾਲ ਮਿਲਣਾ ਹੋਵੇਗਾ।

ਤੀਸਰੇ ਹਫ਼ਤੇ ਦੌਰਾਨ ਤੁਸੀਂ ਗਰਭ ਧਾਰਨ ਕਰ ਲਿਆ ਹੈ, ਬਹੁਤ ਜਲਦੀ ਹੀ ਤੁਹਾਡੇ ਗਰਭ ਵਿਚ ਬੱਚਾ ਹੋਵੇਗਾ।

ਚੌਥੇ ਹਫ਼ਤੇ ਦੌਰਾਨ ਭਰੂਣ ਬਣ ਗਿਆ ਹੁੰਦਾ ਹੈ, ਜੋ ਨੌਂ ਮਹੀਨੇ ਤੁਹਾਡੇ ਪੇਟ ਵਿਚ ਰਹਿੰਦਾ ਹੈ ਅਤੇ ਇੱਥੇ ਹੀ ਆਪਣੀ ਗ੍ਰੋਥ ਕਰਦਾ ਹੈ।

ਪੰਜਵੇਂ ਹਫ਼ਤੇ ਦੌਰਾਨ ਤੁਹਾਡਾ ਬੱਚਾ ਇਕ ਛੋਟਾ ਜਿਹਾ ਭਰੂਣ ਸੰਤਰੇ ਦੇ ਬੀਜ ਜਿਨ੍ਹਾਂ ਤਿਆਰ ਹੋ ਜਾਂਦਾ ਹੈ ਪਰ ਪਹਿਲਾਂ ਨਾਲੋਂ ਵੱਡਾ ਹੋਣ ਲੱਗਦਾ ਹੈ, ਦਿਲ ਵੀ ਆਪਣਾ ਆਕਾਰ ਲੈ ਲੈਂਦਾ ਹੈ।

ਛੇਵੇਂ ਹਫ਼ਤੇ ਦੌਰਾਨ ਬੱਚੇ ਦੇ ਜਬਾੜੇ ਗੱਲ ਕੰਨ ਬਣਨ ਲੱਗ ਜਾਂਦੇ ਹਨ, ਚਿਹਰੇ ਤੇ ਛੋਟਾ ਛੇਕਾਂ ਵਿਚ ਅੱਖਾਂ ਬਣਨੀਆਂ, ਕਿਡਨੀ, ਲੀਵਰ, ਫੇਫੜੇ ਵੀ ਆਪਣਾ ਆਕਾਰ ਬਣਾਉਣਾ ਸ਼ੁਰੂ ਕਰ ਦਿੰਦੇ ਹਨ। ਸਿਰ ਅੱਗੇ ਛੋਟਾ ਜਿਹਾ ਬਿੰਦੂ ਕੁਝ ਦਿਨਾਂ ਅੰਦਰ ਹੀ ਬਟਨ ਜਿੰਨੀ ਲੁੱਕ ਵਿਚ ਬਦਲ ਜਾਂਦਾ ਹੈ, ਤੁਹਾਡੇ ਨੰਨ੍ਹੇ ਮੁੰਨੇ ਦਾ ਦਿਲ ਇਕ ਦਿਨ ਵਿਚ 80 ਵਾਰ ਧੜਕਦਾ ਹੈ, ਹਰ ਰੋਜ਼ ਇਸ ਦੀ ਗਤੀ ਤੇਜ਼ ਹੁੰਦੀ ਹੈ।

ਸੱਤਵੇਂ ਹਫ਼ਤੇ ਦੌਰਾਨ ਤੁਹਾਡਾ ਬੱਚਾ ਗਰਭ ਧਾਰਨ ਦੀ ਤੁਲਨਾ ਵਿਚ 10 ਹਜ਼ਾਰ ਗੁਣਾ ਵੱਡਾ ਹੋ ਜਾਂਦਾ ਹੈ। ਇਹ ਵਿਕਾਸ ਜ਼ਿਆਦਾ ਸਿਰ ਵਾਲੇ ਹਿੱਸੇ ਵਿਚ ਹੁੰਦਾ ਹੈ। ਦਿਮਾਗ ਦੀਆਂ ਕੋਸ਼ਿਕਾਵਾਂ 100 ਕੋਸ਼ਕਾਵਾਂ ਪ੍ਰਤੀ ਮਿੰਟ ਦੇ ਹਿਸਾਬ ਨਾਲ ਪੈਦਾ ਹੁੰਦੀਆਂ ਹਨ। ਇਸ ਹਫਤੇ ਬੱਚੇ ਦੇ ਮੂੰਹ, ਜੀਭ ਬਣਨ ਲੱਗ ਜਾਂਦੇ ਹਨ। ਬਾਂਹ ਅਤੇ ਲੱਤਾਂ ਵੀ ਬਣ ਜਾਂਦੀਆਂ ਹਨ। ਬੱਚੇ ਦੀ ਕਿਡਨੀ ਵੀ ਆਪਣੀ ਸਹੀ ਜਗ੍ਹਾ 'ਤੇ ਜਾ ਕੇ ਕੰਮ ਕਰਨਾ ਸ਼ੁਰੂ ਕਰ ਦਿੰਦੀ ਹੈ।

ਅੱਠਵੇਂ ਹਫ਼ਤੇ ਦੌਰਾਨ ਬੱਚੇ ਦਾ ਆਕਾਰ ਅੱਧਾ ਇੰਚ ਵਧ ਜਾਂਦਾ ਹੈ। ਨੱਕ, ਪਲਕਾਂ, ਲੱਤਾਂ, ਪਿੱਠ ਤੇ ਆਪਣਾ ਆਕਾਰ ਬਣਾ ਲੈਂਦਾ ਹੈ। ਬੱਚੇ ਦਾ ਦਿਲ ਡੇਢ ਸੌ ਵਾਰ ਧੜਕਣ ਲੱਗ ਪੈਂਦਾ ਹੈ। ਬੱਚਾ ਲਗਾਤਾਰ ਹਰਕਤ ਕਰਨ ਲੱਗ ਪੈਂਦਾ ਹੈ ਪਰ ਤੁਸੀਂ ਅਜੇ ਮਹਿਸੂਸ ਨਹੀਂ ਕਰ ਸਕਦੇ।

ਨੌਂਵੇਂ ਹਫ਼ਤੇ ਦੌਰਾਨ ਬੱਚੇ ਦਾ ਸਿਰ ਕਾਫ਼ੀ ਹੱਦ ਤੱਕ ਬਣ ਕੇ ਤਿਆਰ ਹੋ ਜਾਂਦਾ ਹੈ। ਛੋਟੀਆਂ ਮਾਸਪੇਸ਼ੀਆਂ ਵੀ ਵੱਡੀਆਂ ਹੁੰਦੀਆਂ ਹਨ, ਤਾਂ ਜੋ ਆਪਣੇ ਹੱਥ-ਪੈਰ ਹਿਲਾ ਸਕੇ। ਕਰੀਬ ਬੱਚੇ ਦੇ ਲੱਤਾਂ ਦੀ ਹਰਕਤ ਪਤਾ ਚੱਲਣ ਲੱਗ ਪੈਂਦੀ ਹੈ।

ਦਸਵੇਂ ਹਫ਼ਤੇ ਦੌਰਾਨ ਬੱਚਾ ਦਿਨ-ਰਾਤ ਵਧ ਰਿਹਾ ਹੁੰਦਾ ਹੈ। ਉਸ ਦੀਆਂ ਹੱਡੀਆਂ, ਪੈਰ, ਹੱਥ, ਕੂਹਣੀਆਂ ਵੀ ਕੰਮ ਕਰਨ ਲੱਗ ਜਾਂਦੀਆਂ ਹਨ। ਮਸੂੜਿਆਂ ਦੇ ਵਿਚ ਬੇਬੀ ਦੇ ਦੰਦ ਆਉਣੇ ਸ਼ੁਰੂ ਹੋ ਜਾਂਦੇ ਹਨ।

ਗਿਆਰ੍ਹਵੇਂ ਹਫ਼ਤੇ ਵਿਚ ਬੱਚਾ ਪੈਰਾਂ ਦੇ ਨਹੁੰ ਉਗਾਉਣ ਲੱਗ ਪੈਂਦਾ ਹੈ।

ਬਾਰ੍ਹਵੇਂ ਹਫ਼ਤੇ ਵਿਚ ਬੱਚੇ ਦਾ ਆਕਾਰ ਪਿਛਲੇ ਹਫ਼ਤਿਆਂ ਨਾਲੋਂ ਦੁੱਗਣਾ ਹੋ ਜਾਂਦਾ ਹੈ। ਪਾਚਨਤੰਤਰ ਨੇ ਸੁੰਗੜਨ ਦਾ ਅਭਿਆਸ ਸ਼ੁਰੂ ਕਰ ਦਿੱਤਾ ਹੁੰਦਾ ਹੈ, ਤਾਂ ਜੋ ਖਾਣ ਯੋਗ ਬਣ ਸਕੇ। ਬ੍ਰੇਨ ਤੇ ਹਾਰਮੋਨ ਬਣਨ ਲੱਗ ਪੈਂਦੇ ਹਨ।

ਤੇਰ੍ਹਵੇਂ ਹਫ਼ਤੇ ਦੌਰਾਨ ਅੰਤੜੀਆਂ ਪੇਟ ਵਿਚ ਸਹੀ ਥਾਂ ਬਣਾਉਣ ਲੱਗ ਜਾਂਦੀਆਂ ਹਨ ਤੇ ਬੱਚਾ ਰੋਣ ਦੀ ਤਿਆਰੀ ਕਰ ਰਿਹਾ ਹੁੰਦਾ ਹੈ।

14ਵੇਂ ਹਫ਼ਤੇ ਦੌਰਾਨ ਬੱਚੇ ਦੇ ਸਿਰ ਦੇ ਵਾਲ ਉੱਗਣੇ ਸ਼ੁਰੂ ਹੋ ਜਾਂਦੇ ਹਨ ਅਤੇ ਭਰਵੱਟੇ ਵੀ ਉੱਗਣ ਲੱਗ ਪੈਂਦੇ ਹਨ।

ਪੰਦਰਵੇਂ ਹਫ਼ਤੇ 'ਤੇ ਬੱਚਾ ਸੋਟੇ ਸੰਤਰੇ ਜਿੰਨਾ ਹੋ ਜਾਂਦਾ ਹੈ। ਉਹ ਆਪਣੇ ਪੈਰਾਂ ਦੀਆਂ ਉਂਗਲਾਂ ਨੂੰ ਹਿਲਾ ਸਕਦਾ ਹੈ, ਆਪਣਾ ਅੰਗੂਠਾ ਚੂਸ ਸਕਦਾ ਹੈ। ਚੰਗੀ ਤਰ੍ਹਾਂ ਸਾਹ ਲੈ ਸਕਦਾ ਹੈ। ਹਾਲਾਂਕਿ ਤੁਸੀਂ ਇਸ ਦੀ ਹਰਕਤ ਨੂੰ ਮਹਿਸੂਸ ਨਹੀਂ ਕਰ ਪਾਉਂਦੇ।

ਸੋਲ੍ਹਵੇਂ ਹਫ਼ਤੇ ਦੌਰਾਨ ਬੱਚੇ ਦਾ ਚਿਹਰਾ ਵੀ ਨਿਖਰ ਕੇ ਮੂਹਰੇ ਆ ਜਾਂਦਾ ਹੈ। ਅੱਖਾਂ ਕੰਮ ਕਰਨ ਲੱਗ ਪੈਂਦੀਆਂ ਹਨ, ਹਾਲਾਂਕਿ ਪਲਕਾਂ ਅਜੇ ਬੰਦ ਹੁੰਦੀਆਂ ਹਨ। ਤੁਸੀਂ ਜਦੋਂ ਆਪਣਾ ਪੇਟ ਦਾ ਉਭਾਰ ਛੂੰਹਦੇ ਹੋ, ਤਾਂ ਬੱਚੇ ਨੂੰ ਇਹ ਮਹਿਸੂਸ ਹੁੰਦਾ ਹੈ।

ਸਤਾਰਵੇਂ ਹਫ਼ਤੇ ਦੌਰਾਨ ਬੱਚੇ ਦਾ ਭਾਰ ਪੰਜ ਔਂਸ ਤੋਂ ਵੀ ਜ਼ਿਆਦਾ ਹੁੰਦਾ ਹੈ। ਬੱਚਾ ਹਥੇਲੀ ਜਿੰਨਾ ਹੋ ਜਾਂਦਾ ਹੈ, ਚਰਬੀ ਬਣਨ ਲੱਗ ਪੈਂਦੀ ਹੈ। ਇਨ੍ਹਾਂ ਦਿਨਾਂ ਵਿਚ ਚੂਸਣ ਅਤੇ ਨਿਗਲਣ ਦੀ ਕਲਾ ਸਿੱਖ ਲੈਂਦਾ ਹੈ ਕਿਉਂਕਿ ਦੁਨੀਆਂ ਵਿਚ ਆਉਂਦੇ ਹੀ ਉਸ ਨੂੰ ਪੇਟ ਭਰਨ ਲਈ ਸਭ ਤੋਂ ਪਹਿਲਾਂ ਇਸ ਦੀ ਜ਼ਰੂਰਤ ਪੈਂਦੀ ਹੈ।

ਅਠਾਰ੍ਹਵੇਂ ਹਫ਼ਤੇ ਦੌਰਾਨ ਬੱਚਾ ਜਿਸ ਦਾ ਪਹਿਲਾਂ ਕੋਈ ਵਜੂਦ ਨਹੀਂ ਹੁੰਦਾ। ਉਹ ਹੁਣ ਇੱਕ ਸੁੰਦਰ ਆਕਾਰ ਲੈ


ਗੁਰਭਿੰਦਰ ਗੁਰੀ
447951590424
ਪੰਜਾਬ ਮੇਲ USA




ਲੈਂਦਾ ਹੈ। ਬਹੁਤ ਜਲਦੀ ਹੀ ਤੁਸੀਂ ਬੱਚੇਦਾਨੀ ਦੀ ਹਰਕਤ ਨੂੰ ਵੀ ਮਹਿਸੂਸ ਕਰ ਪਾਉਂਦੇ ਹੋ। ਤੁਹਾਡੇ ਪੇਟ ਦਾ ਗੋਲ ਆਕਾਰ ਤੁਹਾਨੂੰ ਗਰਭਕਾਲ ਦੀ ਹਰਕਤ ਵੱਲ ਲੈ ਜਾਵੇਗਾ। ਹਾਲਾਂਕਿ ਤੁਹਾਡਾ ਬੱਚਾ ਅਜੇ ਤੁਹਾਡੀ ਨਰਸਰੀ 'ਚ ਨਹੀਂ ਹੈ ਪ੍ਰੰਤੂ ਇਹ ਅਹਿਸਾਸ ਹੀ ਕਾਫ਼ੀ ਹੈ। ਇਸ ਦੌਰਾਨ ਬੱਚੇ ਦਾ ਭਾਰ ਪੰਜ ਔਂਸ ਤੋਂ ਜ਼ਿਆਦਾ ਹੋ ਜਾਂਦਾ ਹੈ। ਉਸ ਦੀਆਂ ਲੱਤਾਂ, ਮੁੱਕਿਆਂ ਦੀ ਹਲਚਲ ਦਾ ਅੰਦਾਜ਼ਾ ਹੋਣ ਲੱਗ ਪੈਂਦਾ ਹੈ। ਉਹ ਹਿਚਕੀ ਲੈਣ ਵੀ ਲੱਗ ਪੈਂਦਾ ਹੈ।

19ਵੇਂ ਹਫ਼ਤੇ ਦੌਰਾਨ ਬੱਚਾ ਇੱਕ ਫਲ ਦੀ ਤਰ੍ਹਾਂ ਇੱਕ ਵੱਡੇ ਅੰਬ ਜਿਹਾ ਬਣ ਜਾਂਦਾ ਹੈ। ਬੱਚੇ ਦੀ ਲੰਬਾਈ ਛੇ ਤੇ ਭਾਰ ਅੱਧਾ ਪੌਂਡ ਹੋ ਜਾਂਦਾ ਹੈ।

ਵੀਹਵੇਂ ਹਫ਼ਤੇ ਦੌਰਾਨ ਤੁਹਾਡਾ ਬੱਚਾ ਲੜਕਾ ਹੈ, ਤਾਂ ਉਸ ਦੇ ਗੁਪਤ ਅੰਗ ਤਿਆਰ ਹੋਣੇ ਸ਼ੁਰੂ ਹੋ ਜਾਂਦੇ ਹਨ। ਬੱਚੇ ਕੋਲ ਤੁਹਾਡੀ ਕੁੱਖ ਵਿਚ ਖਾਣ-ਪੀਣ ਕੁੱਦਣ ਲਈ ਕਾਫੀ ਜਗ੍ਹਾ ਹੁੰਦੀ ਹੈ। ਇੱਕੀਵੇਂ ਹਫ਼ਤੇ ਦੌਰਾਨ ਤੁਹਾਡੇ ਬੱਚੇ ਦਾ ਭਾਰ ਵਧਣਾ ਸ਼ੁਰੂ ਹੋ ਜਾਂਦਾ ਹੈ ਅਤੇ ਜੋ ਤੁਸੀਂ ਖਾਂਦੇ ਹੋ, ਜਿਵੇਂ ਤਰਬੂਜ਼, ਕੇਲਾ, ਸੰਤਰਾ, ਖਰਬੂਜ਼ਾ, ਅੰਬ, ਅੰਗੂਰ ਆਦਿ ਹੋਰ ਫ਼ਲ ਜੋ ਤੁਹਾਨੂੰ ਚੰਗੇ ਲੱਗਦੇ ਹਨ, ਉਹ ਖਾਓ ਤਾਂ ਕਿ ਤੁਹਾਡਾ ਬੱਚਾ ਉਸ ਦਾ ਸੁਆਦ ਮਹਿਸੂਸ ਕਰ ਸਕੇ। ਬੱਚੇ ਦੀ ਹਲਚਲ ਵੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵਧ ਜਾਂਦੀ ਹੈ।

22ਵੇਂ ਹਫ਼ਤੇ ਦੌਰਾਨ ਬੱਚੇ ਦਾ ਭਾਰ ਲੰਬਾਈ ਜਿੱਥੇ ਗ੍ਰੋਥ ਕਰ ਰਹੀ ਹੁੰਦੀ ਹੈ, ਇੰਦਰੀਆਂ ਵਿਕਸਿਤ ਹੋ ਰਹੀਆਂ ਹੁੰਦੀਆਂ ਹਨ, ਬੱਚਾ ਹਨੇਰੇ ਅਤੇ ਚਾਨਣ ਨੂੰ ਵੀ ਮਹਿਸੂਸ ਕਰਨ ਲੱਗ ਪੈਂਦਾ ਹੈ

22 ਤੋਂ ਲੈ ਕੇ 27ਵੇਂ ਹਫ਼ਤੇ ਤੁਹਾਡੇ ਬੱਚੇ ਬਾਰੇ ਤੁਹਾਨੂੰ ਕੋਈ ਭੁਲੇਖਾ ਨਹੀਂ ਰਹਿੰਦਾ ਕਿ ਤੁਹਾਡੇ ਪੇਟ ਵਿਚ ਇਕ ਜਿਊਂਦਾ ਜਾਗਦਾ ਬੱਚਾ ਹੈ, ਜਿਸ ਦੀਆਂ ਲੱਤਾਂ-ਮੁੱਕੇ ਵੱਜਣੇ ਸ਼ੁਰੂ ਹੋ ਜਾਂਦੇ ਹਨ, ਹਿਚਕੀ ਵੀ ਮਹਿਸੂਸ ਹੋਵੇਗੀ। ਇਸ ਮਹੀਨੇ ਬੱਚੇ ਦੀ ਲੰਬਾਈ ਤੇ ਆਕਾਰ ਲਗਾਤਾਰ ਵੱਧਦੇ ਹਨ

28 ਤੋਂ 31 ਹਫ਼ਤਿਆਂ ਦੌਰਾਨ ਤੁਹਾਨੂੰ ਇਹ ਪਤਾ ਲੱਗਣਾ ਸ਼ੁਰੂ ਹੋ ਜਾਵੇਗਾ ਕਿ ਬੱਚਾ ਤੁਹਾਡੇ ਹੱਥਾਂ ਵਿਚ ਆਉਣ ਲਈ ਤਿਆਰ ਹੈ। ਇਸ ਸਮੇਂ ਤੁਹਾਨੂੰ ਜ਼ਿਆਦਾ ਪਰੇਸ਼ਾਨੀ ਝੱਲਣੀ ਪਵੇਗੀ ਕਿਉਂਕਿ ਕਈ ਗੁਣਾ ਭਾਰ ਵੀ ਵੱਧ ਮਹਿਸੂਸ ਹੋਵੇਗਾ, ਤੁਹਾਡੀ ਡਲਿਵਰੀ ਦਾ ਸਮਾਂ ਵੀ ਨਜ਼ਦੀਕ ਹੋਵੇਗਾ ਤੇ ਡਿਲੀਵਰੀ ਲਈ ਤਿਆਰ ਰਹਿਣਾ ਪਵੇਗਾ। ਤੁਹਾਨੂੰ 32 ਤੋਂ 35ਵੇਂ ਹਫਤੇ ਦੌਰਾਨ ਜਾਣੀ ਕਿ ਅੱਠਵੇਂ ਮਹੀਨਾ ਸ਼ੁਰੂ ਹੋ ਚੁੱਕਾ ਹੁੰਦਾ ਹੈ। ਇਸ ਦੌਰਾਨ ਬੱਚੇ ਦੀ ਮਾਂ ਆਉਣ ਵਾਲੇ ਬੱਚੇ ਦੀ ਝਲਕ ਲੈਣ ਲਈ ਉਤਾਵਲੀ ਹੋ ਜਾਂਦੀ ਹੈ। ਤੁਹਾਡਾ ਪਹਿਲਾ ਬੱਚਾ ਤੁਸੀਂ ਘਬਰਾਹਟ ਤੋਂ ਬਾਹਰ ਆ ਕੇ ਆਪਣੇ ਬਜ਼ੁਰਗਾਂ ਸੱਸ ਮਾਂ, ਦਾਦੀ ਮਾਂ, ਨਾਨੀ, ਸਹੇਲੀਆਂ ਨਾਲ ਗੱਲਾਂ ਕਰੋ। ਉਨ੍ਹਾਂ ਨੇ ਵੀ ਪਹਿਲਾਂ ਅਜਿਹੀਆਂ ਮੁਸ਼ਕਲਾਂ ਤਣਾਅ ਮਹਿਸੂਸ ਕੀਤਾ ਹੁੰਦਾ ਹੈ। ਉਹ ਤੁਹਾਨੂੰ ਭਰਪੂਰ ਜਾਣਕਾਰੀ ਦੇ ਕੇ ਇਸ ਡਰ ਤੋਂ ਮੁਕਤ ਕਰਵਾਉਣਗੀਆਂ। ਅੱਠਵੇਂ ਮਹੀਨੇ ਦੌਰਾਨ ਬੱਚੇ ਨੇ ਸਾਹ ਲੈਣ, ਚੂਸਣ, ਲੰਘਾਉਣ, ਲੱਤਾਂ ਚਲਾਉਣ ਦਾ ਅਭਿਆਸ ਕਰਨਾ ਹੈ, ਤਾਂ ਜੋ ਕੁੱਖ ਤੋਂ ਬਾਹਰ ਆਉਣ 'ਤੇ ਦੁਨੀਆਂ ਵਿਚ ਜੀਅ ਸਕੇ। ਦਿਮਾਗ ਦਾ ਵਿਕਾਸ ਵੀ ਤੇਜ਼ੀ ਨਾਲ ਵਧ ਰਿਹਾ ਹੁੰਦਾ ਹੈ ਅਤੇ ਚਮੜੀ ਦਾ ਰੰਗ ਵੀ ਤੁਹਾਡੀ ਚਮੜੀ ਵਰਗਾ ਹੋ ਜਾਂਦਾ ਹੈ।

ਛੱਤੀ ਤੋਂ ਚਾਲ੍ਹੀਵੇਂ ਹਫ਼ਤੇ ਜਾਣੀ ਕਿ ਨੌਂਵਾਂ ਮਹੀਨਾ ਇਸ ਦੌਰਾਨ ਤੁਸੀਂ ਬੱਚੇ ਦੀ ਝਲਕ ਲੈਣ ਲਈ ਉਤਾਵਲੇ ਹੋ ਜਾਂਦੇ ਹੋ ਬੱਚੇ ਦੇ ਸਵਾਗਤ ਲਈ ਕਾਹਲੇ ਪੈਣ ਲੱਗ ਪੈਂਦੇ ਹੋ, ਬੱਚੇ ਦੇ ਕਮਰੇ ਦੇ ਰੰਗ ਦੀ ਚੋਣ, ਡਾਕਟਰ, ਕੱਪੜੇ ਆਦਿ ਵੀ ਖਰੀਦਦਾਰੀ ਦੇ ਨਾਲ-ਨਾਲ ਇਹ ਮਹੀਨਾ ਤੁਹਾਨੂੰ ਲੰਮਾ ਲੱਗਣ ਲੱਗਦਾ ਹੈ। ਇਸ ਦੌਰਾਨ ਹਾਲਾਂਕਿ ਬੱਚਾ ਤੁਹਾਨੂੰ ਪਹਿਲੀ ਵਾਰ ਦੇਖੇਗਾ ਪਰ ਉਹ ਤੁਹਾਡੀ ਆਵਾਜ਼ ਜ਼ਰੂਰ ਪਹਿਚਾਣ ਜਾਵੇਗਾ। ਹੁਣ ਦੇਖਣਾ ਬਣਦਾ ਹੈ ਕਿ ਬੱਚਾ ਤੁਹਾਡੇ ਡਾਕਟਰ ਵੱਲੋਂ ਦੱਸੀ ਤਰੀਕ 'ਤੇ ਹੁੰਦਾ ਹੈ ਜਾਂ ਅੱਗੇ-ਪਿੱਛੇ। ਬਹੁਤ ਘੱਟ ਬੱਚੇ ਡਾਕਟਰ ਦੇ ਦਿੱਤੇ ਹੋਈ ਪ੍ਰਾਈਮ ਤਰੀਕ 'ਤੇ ਪੈਦਾ ਹੁੰਦੇ ਹਨ। ਜਨਮ ਸਮੇਂ ਬੱਚੇ ਦੇ ਨੇਲ ਵੱਡੇ ਹੁੰਦੇ ਹਨ ਅਤੇ ਅੱਖਾਂ ਖੁੱਲ੍ਹੀਆਂ ਹੁੰਦੀਆਂ ਹਨ। ਡਿਲਿਵਰੀ ਹਮੇਸ਼ਾ ਡਾਕਟਰ ਦੀ ਨਿਗਰਾਨੀ ਹੇਠ ਹੀ ਕਰਨੀ ਚਾਹੀਦੀ ਹੈ।

## ਗਰਭ ਅਵਸਥਾ ਦੌਰਾਨ ਖਤਰੇ ਦੇ ਚਿੰਨ੍ਹ

- ਗਰਭ ਧਰਨ ਵੇਲੇ ਉਮਰ ਘੱਟੋ-ਘੱਟ 18 ਸਾਲ ਹੋਣੀ ਚਾਹੀਦੀ ਹੈ ਅਤੇ ਵੱਧ ਤੋਂ ਵੱਧ 35 ਸਾਲ ਤੱਕ ਹੋਣੀ ਚਾਹੀਦੀ ਹੈ
- ਪੰਜ ਵਾਰ ਜਾਂ ਉਸ ਤੋਂ ਵੱਧ ਗਰਭ ਧਾਰਨ ਕੀਤਾ ਹੋਵੇ
- ਬਹੁਤ ਛੋਟਾ ਕੱਦ 140 ਸੈਂਟੀਮੀਟਰ ਤੋਂ ਘੱਟ
- ਸਰੀਰ ਵਿਚ ਖ਼ੂਨ ਦੀ ਜ਼ਿਆਦਾ ਘੱਟ ਹੀਮੋਗਲੋਬਨ (<7ਗ੍ਰਾਮ/ਡੀ.ਐੱਲ.)
- ਆਰ.ਐੱਚ. ਨੈਗੇਟਿਵ (ਆਰ.ਐੱਚ.-ਵੀ.ਈ.)
- ਖ਼ੂਨ ਦਾ ਦਬਾਅ ਬਲੱਡ ਪ੍ਰੈਸ਼ਰ ਬੀ.ਪੀ. 140/90ਐੱਚ.ਜੀ. ਜਾਂ ਜ਼ਿਆਦਾ ਹੋਵੇ
- ਗਰਭ ਅਵਸਥਾ ਦੌਰਾਨ ਕਿਸੇ ਵੀ ਸਮੇਂ ਖ਼ੂਨ ਦਾ ਵਹਾਅ ਹੋਣਾ
- ਪਿਛਲੇ ਜਣੇਪੇ ਦੌਰਾਨ ਮਰੇ ਬੱਚੇ ਦਾ ਜਨਮ ਨਵਜਾਤ ਸ਼ਿਸ਼ੂ ਦੀ ਮੌਤ ਜਾਂ ਵਾਰ-ਵਾਰ ਗਰਭਪਾਤ ਹੋਣਾ
- ਲੰਮੇ ਸਮੇਂ ਤੋਂ ਤੇਜ਼ ਸਿਰਦਰਦ ਹੋਵੇ ਜਾਂ ਨਜ਼ਰ ਦਾ ਧੁੰਦਲਾ ਹੋਣ
- ਲੰਮੇ ਸਮੇਂ ਤੋਂ ਬੁਖਾਰ ਦਾ ਹੋਣਾ
- ਬੁਖਾਰ ਦੇ ਨਾਲ ਸਰੀਰ 'ਤੇ ਧੱਫੜ ਹੋਣੈ
- ਗਰਭਵਤੀ ਔਰਤ ਨੂੰ ਦਿਲ ਦੀਆਂ ਬੀਮਾਰੀਆਂ, ਦਮਾ, ਸ਼ੂਗਰ, ਦੌਰੇ ਪੈਣੇ ਆਦਿ ਜਾਂ ਕੋਈ ਵੀ ਲੰਬੀ ਬਿਮਾਰੀ ਹੋਵੇ।
- ਪਿਛਲੇ ਜਣੇਪੇ ਦੌਰਾਨ ਵੱਡਾ ਆਪਰੇਸ਼ਨ, ਸੀਜ਼ੇਰੀਅਨ ਜਾਂ ਕਦੇ ਕੋਈ ਹੋਰ ਪੇਟ ਦਾ ਅਪਰੇਸ਼ਨ ਹੋਇਆ ਹੋਵੇ
- ਬਾਂਝਪਨ ਦਾ ਇਲਾਜ ਕਰਵਾਇਆ ਹੋਵੇ
- ਜੋੜੇ ਬੱਚੇ ਜਾਂ ਜ਼ਿਆਦਾ ਬੱਚੇ ਪੈਦਾ ਹੋਏ ਹਨ।
- ਕਮਜ਼ੋਰ, ਪੁੱਠਾ, ਟਿੰਡਾ ਬੱਚਾ ਪੈਦਾ ਹੋਇਆ ਹੋਵੇ।
- ਪੇਟ ਦਰਦ ਜਾਂ ਜੂਨੀ ਤੋਂ ਅਸਾਧਾਰਨ ਪਾਣੀ ਪੈਣਾ ਜੋ ਕਿ ਭਰਾ ਜਣਨ ਅੰਗਾਂ ਦੀ ਲਾਗ ਸੰਭੋਗ ਰਾਹੀਂ ਹੋਣ ਵਾਲੀ ਲਾਗ ਐੱਚ.ਆਈ.ਵੀ. ਏਡਜ਼ ਨੂੰ ਦਰਸਾਉਂਦਾ ਹੈ
- ਪਹਿਲਾਂ ਬੱਚੇ ਦਾ ਭਾਰ ਦੋ ਕਿਲੋਗ੍ਰਾਮ ਤੋਂ ਘੱਟ ਜਾਂ ਚਾਰ ਕਿਲੋਗ੍ਰਾਮ ਤੋਂ ਵੱਧ ਹੋਵੇ।
- ਜਮਾਂਦਰੂ ਨੁਕਸ ਵਾਲਾ ਬੱਚਾ ਹੋਣਾ
- ਮਾਂ ਦੇ ਗਰਭ ਵਿਚ ਬੱਚੇ ਦੀ ਹਰਕਤ ਘੱਟ ਜਾਵੇ ਜਾਂ ਬੰਦ ਹੋ ਜਾਵੇ

ਜੇਕਰ ਇਹ ਜਨਤਾ ਨੂੰ ਨਜ਼ਰ ਆਉਂਦੇ ਹਨ, ਤਾਂ ਤੁਸੀਂ ਤੁਰੰਤ ਆਪਣੇ ਡਾਕਟਰ ਨਾਲ ਸਲਾਹ ਕਰੋ ਜਾਂ ਨੇੜੇ ਦੇ ਸਰਕਾਰੀ ਹਸਪਤਾਲ ਜਾਓ। ਜਿੱਥੇ ਕਿ ਜਣੇਪੇ ਦੌਰਾਨ ਦਿੱਤੀਆਂ ਡਾਕਟਰੀ ਇਲਾਜ ਤੇ ਦਵਾਈਆਂ ਤੇ ਜਣੇਪਾ ਬਿਲਕੁਲ ਫ੍ਰੀ ਕੀਤਾ ਜਾਂਦਾ ਹੈ। ਤੁਹਾਨੂੰ ਕਿਸੇ ਵੀ ਕਿਸਮ ਦੇ ਡਰਨ ਘਬਰਾਉਣ ਦੀ ਕੋਈ ਲੋੜ ਨਹੀਂ।

## ਗਰਭ ਅਵਸਥਾ ਦੌਰਾਨ ਸਾਵਧਾਨੀਆਂ

### ਹਵਾਈ ਸਫ਼ਰ ਤ ੋਂ ਪ੍ਰਹੇਜ਼

ਏਅਰਲਾਈਨ ਕੰਪਨੀਆਂ ਗਰਭਵਤੀ ਔਰਤਾਂ ਨੂੰ ਅੰਤਲੇ ਦਿਨਾਂ ਵਿਚ ਹਵਾਈ ਸਫ਼ਰ ਨਹੀਂ ਕਰਨ ਦਿੰਦੀਆਂ। ਇਹ ਇਸ ਕਰਕੇ ਨਹੀਂ ਕਿ ਇਸ ਨਾਲ ਬੱਚੇ ਜਾਂ ਮਾਂ ਨੂੰ ਕੋਈ ਨੁਕਸਾਨ ਹੋ ਸਕਦਾ ਹੈ। ਬਲਕਿ ਜੇ ਸਫ਼ਰ ਦੌਰਾਨ ਉਨ੍ਹਾਂ ਨੂੰ ਦਰਦਾਂ ਸ਼ੁਰੂ ਹੋ ਜਾਣ, ਤਾਂ ਮੁਸ਼ਕਿਲ ਖੜ੍ਹੀ ਹੋ ਜਾਵੇਗੀ। ਇਸ ਸੰਬੰਧ ਵਿਚ ਹੋਏ ਜ਼ਿਆਦਾਤਰ ਅਧਿਐਨ ਮੁਸਾਫਰਾਂ ਉੱਪਰ ਨਹੀਂ, ਬਲਕਿ ਫਲਾਈਟ ਅਟੈਂਡੈਂਟਾਂ ਉੱਪਰ ਹੋਏ ਹਨ। ਵੇਖਿਆ ਗਿਆ ਕਿ ਫਲਾਈਟ ਅਟੈਂਡੈਂਟਾਂ ਵਿਚ ਬੱਚਾ ਡਿੱਗਣ ਦਾ ਮੁੱਖ ਕਾਰਨ ਉਨੀਂਦਰਾ ਸੀ। ਜਿਨ੍ਹਾਂ ਦੀਆਂ ਸ਼ਿਫ਼ਟਾਂ ਸੌਖੀਆਂ ਸਨ, ਉਨ੍ਹਾਂ ਨੂੰ ਅਜਿਹੀ ਕੋਈ ਦਿੱਕਤ ਨਹੀਂ ਆਈ। ਇਸ ਪ੍ਰਕਾਰ ਆਮ ਕਰਕੇ ਇਹ ਸਲਾਹਾਂ ਬਹੁਤੀਆਂ ਜ਼ਿਆਦਾ ਵਿਗਿਆਨਕ ਨਹੀਂ ਹੁੰਦੀਆਂ। ਸੋ ਹਿਸਾਬ ਨਾਲ ਖਾਓ, ਜਿੱਥੇ ਜੀਅ ਕਰੇ ਘੁੰਮੋਂ ਅਤੇ ਤੁਹਾਡੀਆਂ ਮਾਂਹਵਾਰੀ ਦੀਆਂ ਦਰਦਾਂ ਦਾ ਬੱਚੇ ਦੇ ਜਨਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਗਰਭਵਤੀ ਔਰਤਾਂ ਆਮ ਔਰਤਾਂ ਦੇ ਮੁਕਾਬਲੇ ਕਾਫ਼ੀ ਸਵਾਦਿਸ਼ਟ ਹੁੰਦੀਆਂ ਹਨ। ਵਿਗਿਆਨੀਆਂ ਦਾ ਮੰਨਣਾ ਹੈ ਕਿ ਉਹ ਆਮ ਔਰਤਾਂ ਦੇ ਮੁਕਾਬਲੇ ਮੱਛਰਾਂ ਨੂੰ ਦੁੱਗਣੀ ਤੇਜ਼ੀ ਨਾਲ ਆਕਰਸ਼ਿਤ ਕਰਦੀਆਂ ਹਨ। ਇਨ੍ਹਾਂ ਦੇ ਸਰੀਰ ਦਾ ਤਾਪਮਾਨ ਵੀ ਵੱਧ ਹੁੰਦਾ ਹੈ ਜੇਕਰ ਤੁਸੀਂ ਅਜਿਹੇ ਇਲਾਕੇ ਵਿਚ ਰਹਿ ਰਹੇ ਹੋ, ਜਿੱਥੇ ਮੱਛਰ ਹਨ, ਤਾਂ ਤੁਸੀਂ ਆਪਣਾ ਖ਼ਾਸ ਧਿਆਨ ਰੱਖੋ।

ਗਰਭ ਅਵਸਥਾ ਦੌਰਾਨ ਤੁਸੀਂ ਪਹਾੜੀ ਇਲਾਕੇ ਵਿਚ ਨਾ ਜਾਵੋ। ਕਬਜ਼ ਤੋਂ ਬਚੋ। ਪਿਸ਼ਾਬ ਨੂੰ ਨਾ ਰੋਕੋ। ਬਲੱਡ ਪ੍ਰੈਸ਼ਰ ਨੂੰ ਵਧਣ ਨਾ ਦਿਓ।

ਗਰਭ ਅਵਸਥਾ ਦੌਰਾਨ ਕੁਝ ਤਸਵੀਰਾਂ ਖਿਚਵਾ ਕੇ ਰੱਖੋ, ਜਿਸ ਨੂੰ ਅੱਗੇ ਜਾ ਕੇ ਤੁਸੀਂ ਅਤੇ ਤੁਹਾਡਾ ਬੱਚਾ ਦੇਖ ਕੇ ਖ਼ੁਸ਼ ਹੋਵੋਗੇ। ਇਹ ਤੁਹਾਡੀ ਜ਼ਿੰਦਗੀ ਜ਼ਿੰਦਗੀ ਦੀ ਇਕ ਖ਼ੂਬਸੂਰਤ ਯਾਦਗਾਰ ਬਣ ਜਾਏਗਾ।

# ਬਾਡੀ ਬਿਲਡਰ ਅਦਾਕਾਰ ਵਰਿੰਦਰ ਸਿੰਘ ਘੁੰਮਣ

ਅੰਗਰੇਜ ਸਿੰਘ ਵਿਰਦੀ
ਮੋਬਾਇਲ : 94646-28857
ਪੰਜਾਬ ਮੇਲ USA



ਵਰਿੰਦਰ ਸਿੰਘ ਘੁੰਮਣ ਪੰਜਾਬ ਦਾ ਇੱਕ ਐਸਾ ਨੌਜਵਾਨ ਜਿਸ ਨੇ ਪੂਰੀ ਦੁਨੀਆਂ ਵਿਚ ਦੇਸ਼ ਦਾ ਨਾਂ ਉੱਚਾ ਕੀਤਾ। ਬਚਪਨ ਤੋਂ ਹੀ ਉਸ ਦਾ ਸੁਪਨਾ ਸੀ ਕਿ ਉਸ ਦਾ ਵੀ ਦੁਨੀਆਂ ਵਿਚ ਨਾਮ ਹੋਵੇ ਤੇ ਲੋਕ ਉਸ ਨੂੰ ਉਸ ਦੇ ਕੰਮਾਂ ਕਰਕੇ ਜਾਨਣ। ਉਸ ਨੇ ਅਣਥੱਕ ਮਿਹਨਤ, ਲਗਨ ਅਤੇ ਦ੍ਰਿੜ੍ਹ ਇਰਾਦੇ ਨਾਲ ਆਪਣੇ ਸੁਪਨਿਆਂ ਨੂੰ ਪੂਰਾ ਕੀਤਾ। ਉਹ ਦੁਨੀਆਂ ਦਾ ਪਹਿਲਾ ਪੇਸ਼ੇਵਰ ਸ਼ਾਕਾਹਾਰੀ ਬਾਡੀ ਬਿਲਡਰ ਸੀ, ਜਿਸ ਨੇ ਛੋਟੀ ਉਮਰ ਵਿਚ ਹੀ ਬਾਡੀ ਬਿਲਡਿੰਗ ਮੁਕਾਬਲਿਆਂ ਵਿਚ ਬਹੁਤ ਸਾਰੇ ਖਿਤਾਬ ਆਪਣੇ ਨਾਂ ਕੀਤੇ।

**ਜਨਮ ਅਤੇ ਪਰਿਵਾਰਿਕ ਪਿਛੋਕੜ**:- ਵਰਿੰਦਰ ਘੁੰਮਣ ਦਾ ਜਨਮ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਤਲਵੰਡੀ ਵਿਚ ਪਿਤਾ ਸ. ਭੁਪਿੰਦਰ ਸਿੰਘ ਅਤੇ ਮਾਤਾ ਸਰਦਾਰਨੀ ਹਰਭਜਨ ਕੌਰ ਦੇ ਘਰ 28 ਦਸੰਬਰ 1982 ਨੂੰ ਹੋਇਆ। ਜਦੋਂ ਵਰਿੰਦਰ ਅਜੇ ਛੋਟਾ ਹੀ ਸੀ, ਤਾਂ ਉਸ ਦੇ ਪਿਤਾ ਜੋ ਪੁਲਿਸ ਵਿਚ ਨੌਕਰੀ ਕਰਦੇ ਸਨ, ਪੰਜਾਬ ਦਾ ਮਾਹੌਲ ਠੀਕ ਨਾ ਹੋਣ ਕਰਕੇ ਪਤਨੀ ਅਤੇ ਵਰਿੰਦਰ ਦੇ ਛੋਟੇ ਭਰਾ ਭਗਵੰਤ ਸਿੰਘ ਘੁੰਮਣ ਨੂੰ ਨਾਲ ਲੈ ਕੇ ਜਲੰਧਰ ਆ ਵੱਸੇ ਪਰ ਵਰਿੰਦਰ ਪਿੰਡ ਹੀ ਆਪਣੇ ਦਾਦਾ-ਦਾਦੀ ਕੋਲ ਰਿਹਾ। ਪਿੰਡ ਵਿਚ ਮੁੱਢਲੀ ਪੜ੍ਹਾਈ ਖਤਮ ਕਰ ਕੇ ਵਰਿੰਦਰ ਵੀ ਜਲੰਧਰ ਆਪਣੇ ਮਾਤਾ-ਪਿਤਾ ਕੋਲ ਆ ਗਿਆ, ਜਿੱਥੇ ਉਸ ਨੇ ਲਾਇਲਪੁਰ ਖਾਲਸਾ ਕਾਲਜ ਤੋਂ ਆਪਣੀ ਬੀ.ਏ. ਦੀ ਡਿਗਰੀ ਹਾਸਿਲ ਕਰਨ ਉਪਰੰਤ ਐੱਮ.ਏ. ਇੰਗਲਿਸ਼ ਦੀ ਪੋਸਟ ਗ੍ਰੈਜੂਏਸ਼ਨ ਦੀ ਡਿਗਰੀ ਵੀ ਹਾਸਲ ਕੀਤੀ। ਵਰਿੰਦਰ ਦੇ ਪਰਿਵਾਰ ਦਾ ਜੱਦੀ ਪੁਸ਼ਤੀ ਕੰਮ ਖੇਤੀਬਾੜੀ ਤੇ ਡੇਅਰੀ ਫਾਰਮਿੰਗ ਸੀ, ਜਿਸ ਕਰਕੇ ਦੁੱਧ ਘਿਓ ਦੀ ਘਰ ਵਿਚ ਕੋਈ ਥੋੜ ਨਹੀਂ ਸੀ, ਇਸ ਕਰਕੇ ਖੁੱਲ੍ਹਾ ਖਾਣ-ਪੀਣ ਤੇ ਮਾਂ ਬਾਪ ਦੇ ਜੀਨਸ ਕਰਕੇ ਵਰਿੰਦਰ ਨੇ ਵਧੀਆ ਕੱਦ-ਕਾਠ ਕੱਢ ਲਿਆ। ਉਸ ਦਾ ਕੱਦ 6 ਫੁੱਟ 3 ਇੰਚ ਸੀ ਤੇ ਉਸ ਦਾ ਛੋਟਾ ਭਰਾ ਉਸ ਤੋਂ ਵੀ ਲੰਬਾ ਸੀ।

**ਬਾਡੀ ਬਿਲਡਿੰਗ ਵਿਚ ਕੈਰੀਅਰ**:- ਕਾਲਜ ਟਾਈਮ ਵਰਿੰਦਰ ਨੂੰ ਕ੍ਰਿਕਟ ਖੇਡਣ ਦਾ ਬੇਹੱਦ ਸ਼ੌਕ ਸੀ ਤੇ ਉਹ ਇੱਕ ਵਧੀਆ ਤੇਜ਼ ਗੇਂਦਬਾਜ਼ ਬਣਨ ਲਈ ਜਲੰਧਰ ਦੇ ਕ੍ਰਿਕਟ ਸਟੇਡੀਅਮ ਵਿਚ ਪ੍ਰੈਕਟਿਸ ਕਰਿਆ ਕਰਦਾ ਸੀ। ਜਦੋਂ ਉਹ ਅਜੇ 16-17 ਸਾਲ ਦਾ ਹੀ ਸੀ, ਤਾਂ ਉਸ ਦੀ ਵਧੀਆ ਗੇਂਦਬਾਜ਼ੀ ਨੂੰ ਵੇਖ ਕੇ ਕ੍ਰਿਕਟਰ ਹਰਭਜਨ ਸਿੰਘ ਦੇ ਕੋਚ ਨੇ ਉਸ ਦੇ ਪਿਤਾ ਜੀ ਨੂੰ ਕਿਹਾ ਕਿ ਇਸ ਨੂੰ ਮੈਨੂੰ ਸੌਂਪ ਦਿਓ, ਮੈਂ ਇਸ ਨੂੰ ਵਧੀਆ ਗੇਂਦਬਾਜ਼ ਵਜੋਂ ਕੋਚਿੰਗ ਦੇਵਾਂਗਾ ਤੇ ਭਾਰਤੀ ਟੀਮ ਲਈ ਤਿਆਰ ਕਰਾਗਾ ਪਰ ਵਰਿੰਦਰ ਦੇ ਪਿਤਾ ਨਾ ਮੰਨੇ, ਉਹ ਇਨ੍ਹਾਂ ਨੂੰ ਪੁਲਿਸ ਵਿਚ ਭਰਤੀ ਕਰਵਾਉਣਾ ਚਾਹੁੰਦੇ ਸਨ। ਉਨ੍ਹਾਂ ਵਰਿੰਦਰ ਨੂੰ ਸ਼ਾਟਪੁੱਟ ਗੇਮ ਵਿਚ ਪਾ ਦਿੱਤਾ। ਬੇਸ਼ੱਕ ਵਰਿੰਦਰ ਆਪਣੇ ਪਿਤਾ ਜੀ ਦੇ ਕਹਿਣ 'ਤੇ ਇਹ ਖੇਡ ਖੇਡਿਆ ਕਰਦਾ ਸੀ ਪਰ ਉਸ ਦਾ ਇਸ ਖੇਡ ਵਿਚ ਮਨ ਨਾ ਲੱਗਾ। 1999 ਵਿਚ ਬਾਡੀ ਬਿਲਡਿੰਗ ਦੇ ਏਸ਼ੀਅਨ ਚੈਂਪੀਅਨ ਮਨਜੀਤ ਸਿੰਘ ਨਾਲ ਇਨ੍ਹਾਂ ਦੀ ਇੱਕ ਈਵੈਂਟ ਵਿਚ ਮੁਲਾਕਾਤ ਹੋਈ, ਜਿੱਥੇ ਉਸ ਦੀ ਮਸਕੂਲਰ ਬਾਡੀ ਨੂੰ ਵੇਖ ਕੇ ਵਰਿੰਦਰ ਦੇ ਮਨ ਵਿਚ ਵੀ ਉਸ ਵਰਗੇ ਮਸਲ ਬਣਾਉਣ ਦੀ ਰੀਝ ਪੈਦਾ ਹੋਈ। ਵਰਿੰਦਰ ਨੇ ਉਸੇ ਵੇਲੇ ਮਨ ਵਿਚ ਠਾਣ ਲਿਆ ਕਿ ਉਸ ਨੂੰ ਵੀ ਮਨਜੀਤ ਸਿੰਘ ਵਰਗਾ ਹੀ ਬਾਡੀ ਬਿਲਡਰ ਬਣਨਾ ਹੈ, ਜਿਸ ਲਈ ਉਸ ਨੇ ਜਿੰਮ ਜੁਆਇਨ ਕਰ ਲਿਆ ਤੇ ਬਤੌਰ ਕੋਚ ਮਨਜੀਤ ਸਿੰਘ ਕੋਲੋਂ ਹੀ ਬਾਡੀ ਬਣਾਉਣ ਦੀ ਟਰੇਨਿੰਗ ਲੈਣੀ ਸ਼ੁਰੂ ਕਰ ਦਿੱਤੀ।

**ਬਾਡੀ ਬਿਲਡਰ ਵਜੋਂ ਪਹਿਚਾਣ ਹਾਸਿਲ ਕਰਨਾ**:- ਸਾਲ 2000 ਵਿਚ ਜਿੰਮ ਟਰੇਨਿੰਗ ਦੀ ਸ਼ੁਰੂਆਤ ਕਰਕੇ ਵਰਿੰਦਰ ਨੇ ਆਪਣੀ ਮਿਹਨਤ, ਲਗਨ ਤੇ ਦ੍ਰਿੜ੍ਹ ਇਰਾਦੇ ਨਾਲ ਵਧੀਆ ਮਸਕੂਲਰ ਬਾਡੀ ਬਣਾ ਲਈ। ਬੇਸ਼ੱਕ ਉਹ ਜਿੰਮ ਵਿਚ ਅਣਥੱਕ ਮਿਹਨਤ ਕਰਦਾ ਸੀ ਪਰ ਉਸ ਦੀ ਡਾਇਟ ਸ਼ਾਕਾਹਾਰੀ ਹੀ ਸੀ। ਦੁੱਧ, ਘਿਓ, ਪਨੀਰ ਦੇ ਨਾਲ-ਨਾਲ ਉਹ ਮੱਝਾ ਦੇ ਪਹਿਲੇ ਦੁੱਧ ਦੀ ਬਹੁਲੀ ਖਾਇਆ ਕਰਦਾ ਸੀ। ਉਸ ਦਾ ਪਰਿਵਾਰ ਸ਼ਾਕਾਹਾਰੀ ਹੋਣ ਕਰਕੇ ਉਹ ਬਚਪਨ ਤੋਂ ਹੀ ਮਾਸ, ਮੱਛੀ, ਅੰਡੇ ਦਾ ਸੇਵਨ ਨਹੀਂ ਕਰਦਾ ਸੀ। ਇਸ ਕਰਕੇ ਉਸ ਨੇ ਇਸ ਖੇਤਰ ਵਿਚ ਆਉਣ ਤੋਂ ਬਾਅਦ ਵੀ ਆਪਣੇ ਆਪ ਨੂੰ ਸ਼ਾਕਾਹਾਰੀ ਹੀ ਬਣਾ ਕੇ ਰੱਖਿਆ ਤੇ ਦੁਨੀਆਂ ਦਾ ਪਹਿਲਾ ਸ਼ਾਕਾਹਾਰੀ ਬਾਡੀ ਬਿਲਡਰ ਹੋਣ ਦਾ ਮਾਣ ਵੀ ਹਾਸਿਲ ਕੀਤਾ।



> *ਸਾਲ 2006 ਵਿਚ ਵਰਿੰਦਰ ਨੇ ਡਿਸਟ੍ਰਿਕ ਚੈਂਪੀਅਨਸ਼ਿਪ ਜਿੱਤੀ, ਜਿਸ ਤੋਂ ਬਾਅਦ ਉਸ ਦੀਆਂ ਜਿੱਤਾਂ ਦਾ ਸਿਲਸਿਲਾ ਸ਼ੁਰੂ ਹੋਇਆ। ਉਸ ਤੋਂ ਬਾਅਦ ਪੰਜਾਬ ਜੂਨੀਅਰ, ਪੰਜਾਬ ਸੀਨੀਅਰ, ਨੈਸ਼ਨਲ ਅਤੇ 2006 ਵਿਚ ਜੂਨੀਅਰ ਏਸ਼ੀਅਨ, ਸੀਨੀਅਰ ਏਸ਼ੀਅਨ ਚੈਂਪੀਅਨਸ਼ਿਪ ਦਾ ਖਿਤਾਬ ਆਪਣੇ ਨਾਮ ਕੀਤਾ। ਸਾਲ 2008 ਵਿਚ ਉਹ ਜੂਨੀਅਰ ਵਰਲਡ ਚੈਂਪੀਅਨਸ਼ਿਪ ਲਈ ਸਿਲੈਕਟ ਹੋਇਆ ਅਤੇ ਸਾਲ 2010 ਵਿਚ ਸੀਨੀਅਰ ਵਰਲਡ ਚੈਂਪੀਅਨਸ਼ਿਪ ਆਰਨੌਲਡ ਕਲਾਸਿਕ ਲਈ ਸਿਲੈਕਟ ਹੋਇਆ।*

ਸਾਲ 2006 ਵਿਚ ਵਰਿੰਦਰ ਨੇ ਡਿਸਟ੍ਰਿਕ ਚੈਂਪੀਅਨਸ਼ਿਪ ਜਿੱਤੀ, ਜਿਸ ਤੋਂ ਬਾਅਦ ਉਸ ਦੀਆਂ ਜਿੱਤਾਂ ਦਾ ਸਿਲਸਿਲਾ ਸ਼ੁਰੂ ਹੋਇਆ। ਉਸ ਤੋਂ ਬਾਅਦ ਪੰਜਾਬ ਜੂਨੀਅਰ, ਪੰਜਾਬ ਸੀਨੀਅਰ, ਨੈਸ਼ਨਲ ਅਤੇ 2006 ਵਿਚ ਜੂਨੀਅਰ ਏਸ਼ੀਅਨ, ਸੀਨੀਅਰ ਏਸ਼ੀਅਨ ਚੈਂਪੀਅਨਸ਼ਿਪ ਦਾ ਖਿਤਾਬ ਆਪਣੇ ਨਾਮ ਕੀਤਾ। ਸਾਲ 2008 ਵਿਚ ਉਹ ਜੂਨੀਅਰ ਵਰਲਡ ਚੈਂਪੀਅਨਸ਼ਿਪ ਲਈ ਸਿਲੈਕਟ ਹੋਇਆ ਅਤੇ ਸਾਲ 2010 ਵਿਚ ਸੀਨੀਅਰ ਵਰਲਡ ਚੈਂਪੀਅਨਸ਼ਿਪ ਆਰਨੌਲਡ ਕਲਾਸਿਕ ਲਈ ਸਿਲੈਕਟ ਹੋਇਆ। ਇਸ ਤਰ੍ਹਾਂ ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਤੋਂ ਉੱਠ ਕੇ ਉਸ ਨੇ ਪੂਰੀ ਦੁਨੀਆਂ ਵਿਚ ਆਪਣਾ ਨਾਂ ਬਣਾਇਆ। ਬਾਡੀ ਬਿਲਡਿੰਗ ਵਿਚ ਉਸ ਨੇ ਮਿਸਟਰ ਇੰਡੀਆ ਅਤੇ ਮਿਸਟਰ ਏਸ਼ੀਆ ਦੇ ਵੱਕਾਰੀ ਖਿਤਾਬ ਆਪਣੇ ਨਾਮ ਕੀਤੇ। ਉਹ ਪਹਿਲਾ ਭਾਰਤੀ ਸੀ, ਜਿਸ ਨੇ ਇੰਟਰਨੈਸ਼ਨਲ ਫਿਟਨਸ ਅਤੇ ਬਾਡੀ ਬਿਲਡਿੰਗ ਫੈਡਰੇਸ਼ਨ (ਆਈ.ਐੱਫ.ਬੀ.ਬੀ.) ਦਾ ਪ੍ਰੋ ਕਾਰਡ ਪ੍ਰਾਪਤ ਕੀਤਾ। ਉਸ ਦੀਆਂ ਅੰਤਰਰਾਸ਼ਟਰੀ ਪ੍ਰਾਪਤੀਆਂ ਕਰਕੇ ਮਸ਼ਹੂਰ ਬਾਡੀ ਬਿਲਡਰ ਆਰਨੌਲਡ ਦਾ ਧਿਆਨ ਉਸ ਵੱਲ ਗਿਆ ਤੇ ਉਸ ਨੇ ਵਰਿੰਦਰ ਨੂੰ ਏਸ਼ੀਆ ਵਿਚ ਆਪਣੇ ਜਿੰਮ ਪ੍ਰੋਡੰਕਟ ਲਈ ਬਰਾਂਡ ਅੰਬੈਸਡਰ ਬਣਾਇਆ।

**ਫ਼ਿਲਮਾਂ ਵਿਚ ਅਦਾਕਾਰੀ**:- ਉਸ ਦੇ ਸੋਹਣੇ ਡੀਲ-ਡੌਲ ਉੱਚਾ-ਲੰਮਾ ਕੱਦ ਅਤੇ ਸੋਹਣੀ ਸੂਰਤ ਵੇਖ ਕੇ ਪਹਿਲੀ ਵਾਰ ਉਸ ਨੂੰ ਬਤੌਰ ਮਾਡਲ ਗਾਇਕ ਜੈਲੀ ਦੇ ਹਿੱਟ ਗੀਤ 'ਜਿੰਨੀ ਡੋਲਿਆ 'ਚ ਜਾਨ ਥੰਮ ਦਈ ਦੇ ਤੂਫਾਨ' ਵਿਚ ਬਤੌਰ ਮਾਡਲ ਕੰਮ ਕਰਨ ਦਾ ਮੌਕਾ ਮਿਲਿਆ, ਜਿਸ ਵਿਚ ਉਸ ਦੇ ਨਾਲ ਉਸ ਦੇ ਛੋਟੇ ਭਰਾ ਭਗਵੰਤ ਘੁੰਮਣ ਨੇ ਵੀ ਕੰਮ ਕੀਤਾ ਸੀ। ਇਸ ਗੀਤ ਦੀ ਸਫਲਤਾ ਤੋਂ ਬਾਅਦ ਵਰਿੰਦਰ ਨੇ ਪੰਜਾਬੀ ਫ਼ਿਲਮ ਕਬੱਡੀ ਵੰਨਸ ਅਗੇਨ ਵਿਚ ਬਤੌਰ ਲੀਡ ਰੋਲ ਕੰਮ ਕੀਤਾ। 8 ਜੂਨ 2012 ਨੂੰ ਸਿਨੇ ਪਰਦੇ 'ਤੇ ਆਈ ਇਸ ਫ਼ਿਲਮ ਦੇ ਨਿਰਦੇਸ਼ਕ ਸਨ ਸੁਖਮੰਦਰ ਧੰਜਲ ਅਤੇ ਇਸ ਫ਼ਿਲਮ ਵਿਚ ਵਰਿੰਦਰ ਨੇ ਸ਼ਿੰਗਾਰਾ ਸਿੰਘ ਨਾਂ ਦੇ ਕਬੱਡੀ ਖਿਡਾਰੀ ਦੀ ਮੁੱਖ ਭੂਮਿਕਾ ਨਿਭਾਈ ਸੀ, ਜਿਸ ਵਿਚ ਬਾਕੀ ਅਦਾਕਾਰਾਂ ਵਿਚ ਸੁਦੀਪਾ ਸਿੰਘ, ਜਸਵਿੰਦਰ ਭੱਲਾ ਅਤੇ ਬੀਨੂੰ ਢਿੱਲੋਂ ਪ੍ਰਮੁੱਖ ਸਨ।

31 ਅਕਤੂਬਰ 2014 ਵਿਚ ਵਰਿੰਦਰ ਦੀ ਪਹਿਲੀ ਹਿੰਦੀ ਫ਼ਿਲਮ ਰੋਅਰ ਦਾ ਟਾਈਗਰ ਆਫ ਸੁੰਦਰਬਨ ਰਿਲੀਜ਼ ਹੋਈ ਜਿਸ ਵਿਚ ਇਨ੍ਹਾਂ ਨੇ ਚੀਨਾ ਨਾਂ ਦੇ ਸ਼ਕਸ ਦਾ ਕਿਰਦਾਰ ਨਿਭਾਇਆ ਸੀ। ਅਦਾਕਾਰ ਅਭਿਨਵ ਸ਼ੁਕਲਾ, ਹਿਮਰਸ਼ਾ, ਨੌਰਾ ਫਤਿਹੀ, ਵੈਂਕਟਸੁਆਮੀ ਅਤੇ ਅਚਿੰਤ ਕੌਟ ਦੀਆਂ ਭੂਮਿਕਾਵਾਂ ਨਾਲ ਸਜੀ ਇਸ ਫ਼ਿਲਮ ਦੇ ਨਿਰਦੇਸ਼ਕ ਸਨ ਕਮਲ ਸਦਾਨਾ।

15 ਨਵੰਬਰ 2019 ਵਿਚ ਵਰਿੰਦਰ ਦੀ ਦੂਸਰੀ ਹਿੰਦੀ ਫ਼ਿਲਮ ਮਰਜਾਵਾਂ ਰਿਲੀਜ਼ ਹੋਈ। ਰਿਤੇਸ਼ ਦੇਸ਼ਮੁੱਖ, ਸਿਧਾਰਥ ਮਲਹੋਤਰਾ ਅਤੇ ਤਾਰਾ ਸੁਤਾਰੀਆ ਦੀਆਂ ਮੁੱਖ ਭੂਮਿਕਾਵਾਂ ਵਾਲੀ ਇਸ ਫ਼ਿਲਮ ਦੇ ਨਿਰਦੇਸ਼ਕ ਸਨ ਮਿਲਾਪ ਜਾਵੇਰੀ, ਜਿਸ ਵਿਚ ਵਰਿੰਦਰ ਨੇ ਰਾਕਾ ਨਾਂ ਦੇ ਸ਼ਕਸ ਦਾ ਕਿਰਦਾਰ ਨਿਭਾਇਆ ਸੀ। ਇਸ ਫ਼ਿਲਮ ਤੋਂ ਬਾਅਦ ਵਰਿੰਦਰ ਦੀ ਆਖਰੀ ਬੌਲੀਵੁੱਡ ਫ਼ਿਲਮ ਟਾਈਗਰ 3 ਜਿਸ ਵਿਚ ਉਸ ਨੇ ਸਲਮਾਨ ਖਾਨ, ਕੈਟਰੀਨਾ ਕੈਫ਼, ਸ਼ਾਹਰੁਖ ਖਾਨ ਨਾਲ ਕੰਮ ਕੀਤਾ ਸੀ ਮਿਤੀ 12 ਨਵੰਬਰ 2023 ਵਿਚ ਰਿਲੀਜ਼ ਹੋਈ। ਨਿਰਦੇਸ਼ਕ ਮਨੀਸ਼ ਸ਼ਰਮਾ ਦੀ ਇਸ ਫ਼ਿਲਮ ਵਿਚ ਵਰਿੰਦਰ ਨੇ ਪਾਕਿਸਤਾਨੀ ਜੇਲ੍ਹਰ ਸ਼ਕੀਲ ਦੀ ਅਹਿਮ ਭੂਮਿਕਾ ਅਦਾ ਕੀਤੀ ਸੀ। ਵਰਿੰਦਰ ਨੇ ਕੁਝ ਸਾਊਥ ਦੀਆਂ ਫ਼ਿਲਮਾਂ ਵਿਚ ਵੀ ਕੰਮ ਕੀਤਾ ਸੀ। ਆਉਣ ਵਾਲੇ ਸਮੇਂ ਵਿਚ ਉਹ ਪੰਜਾਬੀ ਐਕਸ਼ਨ ਫ਼ਿਲਮ ਮਾਝੇ ਦਾ ਭਾਊ ਵਿਚ ਵੀ ਕੰਮ ਕਰ ਰਿਹਾ ਸੀ ਪਰ ਉਸ ਦੇ ਅਚਨਚੇਤ ਇਸ ਦੁਨੀਆਂ ਤੋਂ ਚਲੇ ਜਾਣ ਕਾਰਣ, ਉਹ ਅਧੂਰੀ ਹੀ ਰਹਿ ਗਈ।

**ਪਰਿਵਾਰਕ ਜ਼ਿੰਮੇਵਾਰੀਆਂ**:- ਜਿੱਥੇ ਵਰਿੰਦਰ ਖੇਡਾਂ ਅਤੇ ਫਿਲਮੀ ਦੁਨੀਆਂ ਵਿਚ ਵਧੀਆ ਕੰਮ ਕਰ ਰਿਹਾ ਸੀ, ਉੱਥੇ ਉਹ ਆਪਣੇ ਪਰਿਵਾਰ ਪ੍ਰਤੀ ਵੀ ਪੂਰਾ ਸਮਰਪਿਤ ਸੀ। ਖੇਤੀਬਾੜੀ ਅਤੇ 1000 ਮੱਝਾਂ ਗਾਵਾਂ ਦੀ ਡੇਅਰੀ ਉਹ ਪੂਰੀ ਸਫ਼ਲਤਾ ਨਾਲ ਸੰਭਾਲ ਰਿਹਾ ਸੀ। ਅਗਸਤ 2010 ਵਿਚ ਉਸ ਦੀ ਮਾਤਾ ਦਾ ਦਿਹਾਂਤ ਹੋ ਗਿਆ ਤੇ ਉਨ੍ਹਾਂ ਦੇ ਜਾਣ ਤੋਂ 6 ਮਹੀਨੇ ਬਾਅਦ ਸੰਨ 2011 ਵਿਚ ਉਸ ਦਾ ਛੋਟਾ ਭਰਾ ਭਗਵੰਤ ਸਿੰਘ ਘੁੰਮਣ ਭਰ ਜਵਾਨੀ ਵਿਚ ਸਿਰਫ 27 ਸਾਲ ਦੀ ਉਮਰ ਵਿਚ ਨਸ਼ਿਆਂ ਵਿਚ ਪੈ ਕੇ ਇਸ ਦੁਨੀਆਂ ਤੋਂ ਰੁਕਸਤ ਹੋ ਗਿਆ। ਆਪਣੇ ਚਾਰ ਬੱਚਿਆਂ ਦੋ ਕੁੜੀਆਂ, ਦੋ ਮੁੰਡੇ ਅਤੇ ਨਾਲ ਹੀ ਆਪਣੇ ਭਰਾ ਦੇ ਦੋ ਮੁੰਡਿਆਂ ਨੂੰ ਪਾਲਣ ਦੀ ਜ਼ਿੰਮੇਵਾਰੀ ਉਹ ਬਾਖੂਬੀ ਨਿਭਾ ਰਿਹਾ ਸੀ।

**ਦੁਨੀਆਂ ਤੋਂ ਰੁਖ਼ਸਤੀ**:- ਮਿਤੀ 9 ਅਕਤੂਬਰ, 2025 ਨੂੰ 42 ਸਾਲ ਦੀ ਉਮਰ ਵਿਚ ਮੋਢੇ ਦੇ ਦਰਦ ਲਈ ਇੱਕ ਨਿਯਮਤ ਸਰਜੀਕਲ ਪ੍ਰਕਿਰਿਆ ਤੋਂ ਬਾਅਦ ਦਿਲ ਦਾ ਦੌਰਾ ਪੈਣ ਕਾਰਨ ਅੰਮ੍ਰਿਤਸਰ ਦੇ ਇੱਕ ਨਾਮੀ ਹਸਪਤਾਲ ਵਿਚ ਵਰਿੰਦਰ ਦਾ ਦੇਹਾਂਤ ਹੋ ਗਿਆ। ਉਸਦੀ ਅਚਨਚੇਤ ਇਸ ਤਰ੍ਹਾਂ ਦੁੱਖਦਾਈ ਮੌਤ ਦੀ ਖ਼ਬਰ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ।

ਮਾਸਾਹਾਰੀ ਖੁਰਾਕ ਨਾਲ ਜੁੜੀ ਇੱਕ ਖੇਡ ਵਿਚ ਸ਼ਾਕਾਹਾਰੀ ਜੀਵਨ ਸ਼ੈਲੀ ਪ੍ਰਤੀ ਉਸਦੀ ਵਚਨਬੱਧਤਾ ਨੇ ਉਸਨੂੰ ਇੱਕ ਵਿਲੱਖਣ ਅਤੇ ਪ੍ਰੇਰਨਾਦਾਇਕ ਸ਼ਖਸੀਅਤ ਬਣਾ ਦਿੱਤਾ ਸੀ। ਵਰਿੰਦਰ ਸਿੰਘ ਘੁੰਮਣ ਆਪਣੀ ਨਿਮਰਤਾ, ਅਨੁਸ਼ਾਸਨ, ਤੰਦਰੁਸਤੀ ਅਤੇ ਸ਼ਾਕਾਹਾਰੀ ਦੀ ਵਕਾਲਤ ਲਈ ਜਾਣਿਆ ਜਾਂਦਾ ਸੀ, ਜਿਸਨੇ ਚਾਹਵਾਨ ਬਾਡੀ ਬਿਲਡਰਾਂ ਅਤੇ ਫਿਟਨੈੱਸ ਉਤਸ਼ਾਹੀਆਂ 'ਤੇ ਸਥਾਈ ਪ੍ਰਭਾਵ ਛੱਡਿਆ। ਸੋਸ਼ਲ ਮੀਡੀਆਂ 'ਤੇ ਉਹ ਕਾਫੀ ਐਕਟਿਵ ਰਹਿੰਦਾ ਸੀ ਤੇ ਨੌਜਵਾਨਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਦਾ ਰਹਿੰਦਾ ਸੀ।

"ਜ਼ਿੰਦਗੀ ਵਿਚ, ਸਰੀਰ ਹਮੇਸ਼ਾ ਸਾਡੇ ਨਾਲ ਨਹੀਂ ਰਹਿੰਦਾ... ਪਰ ਕੀਤਾ ਕੰਮ, ਦਿੱਤੀ ਗਈ ਪ੍ਰੇਰਨਾ ਅਤੇ ਸਖ਼ਤ ਮਿਹਨਤ ਦੀ ਵਿਰਾਸਤ ਕਦੇ ਨਹੀਂ ਮਰਦੀ। ਵਰਿੰਦਰ ਸਿੰਘ ਘੁੰਮਣ ਸਿਰਫ਼ ਇੱਕ ਬਾਡੀ ਬਿਲਡਰ ਨਹੀਂ ਸੀ- ਉਹ ਇੱਕ ਵਿਚਾਰ ਸੀ ਅਤੇ ਵਿਚਾਰ ਕਦੇ ਖਤਮ ਨਹੀਂ ਹੁੰਦੇ।"

ਡਾ. ਮਨਜੀਤ ਸਿੰਘ ਬੱਲ
ਪਟਿਆਲਾ
+91-98728-43491
ਪੰਜਾਬ ਮੇਲ USA



# ਕਾਲ਼ੇ ਪਾਣੀ ਜੇਲ੍ਹ ਦਾ ਰੌਸ਼ਨੀ ਤੇ ਆਵਾਜ਼ ਸ਼ੋਅ




ਪਿਛਲੇ ਦਿਨੀਂ, ਸੈਲਾਨੀਆਂ ਦੇ ਤੌਰ 'ਤੇ ਸਾਡਾ ਅੰਡੇਮਾਨ-ਨਿਕੋਬਾਰ ਟਾਪੂਆਂ 'ਤੇ ਜਾਣ ਦਾ ਸਬੱਬ ਬਣਿਆ। ਇੱਥੇ, ਪੋਰਟ ਬਲੇਅ ਦੀ ਸੈਲੂਲਰ ਜੇਲ੍ਹ ਕਾਰਣ ਇਸ ਦਾ ਨਾਂ ਕਾਲ਼ੇ ਪਾਣੀ ਵਜੋਂ ਮਸ਼ਹੂਰ ਹੈ। ਕਾਲੇ ਪਾਣੀ ਜੇਲ੍ਹ ਬਨਣ ਤੋਂ ਕਈ ਸਾਲ ਪਹਿਲਾਂ, 1857 ਵਾਲ਼ੇ ਗ਼ਦਰ ਤੋਂ ਬਾਅਦ ਹੀ ਫਰੀਡਮ ਫਾਇਟਰਾਂ ਨੂੰ ਭਾਰਤ ਦੀ ਜ਼ਮੀਨ ਤੋਂ ਕੋਹਾਂ ਦੂਰ, ਪਾਣੀ ਨਾਲ਼ ਘਿਰੇ ਇਸ ਦੂਰ-ਦੁਰਾਡੇ ਟਾਪੂ 'ਤੇ ਦੇਸ਼ ਨਿਕਾਲ਼ਾ ਦੇ ਕੇ ਭੇਜਿਆ ਜਾਂਦਾ ਸੀ। ਆਜ਼ਾਦੀ ਦੇ ਪ੍ਰਵਾਨਿਆਂ ਨੂੰ ਸਜ਼ਾਵਾਂ ਦੇਣ ਵਾਸਤੇ ਅੰਗਰੇਜ਼ਾਂ ਨੇ ਅੰਡੇਮਾਨ ਦੀਪ ਸਮੂਹ ਦੇ ਵੱਡੇ ਟਾਪੂ ਪੋਰਟ ਬਲੇਅਰ ਜੋ ਹੁਣ, ਯੂਨੀਅਨ ਟੈਰੀਟਰੀ ਆਫ਼ ਅੰਡੇਮਾਨ-ਨਿਕੋਬਾਰ ਦੀਪ-ਸਮੂਹ ਦੀ ਰਾਜਧਾਨੀ ਹੈ, ਵਿਚ ਸੈਲੂਲਰ ਜੇਲ੍ਹ ਤਾਮੀਰ ਕੀਤੀ ਸੀ, ਜਿੱਥੇ ਕੈਦੀਆਂ ਨੂੰ ਕੋਠੜੀਆਂ ਵਿਚ ਬੰਦ ਰੱਖਿਆ ਜਾਂਦਾ ਸੀ, ਬੇਹੱਦ ਅਣਮਨੁੱਖੀ ਤਸੀਹੇ ਦਿੱਤੇ ਜਾਂਦੇ ਸਨ ਤੇ ਕਈਆਂ ਨੂੰ ਇੱਥੇ ਫਾਂਸੀਆਂ ਦਿੱਤੀਆਂ ਗਈਆਂ। ਜੇਲ੍ਹ ਦੀ ਉਸਾਰੀ 1886 ਤੋਂ 1906 ਦਰਮਿਆਨ ਕੀਤੀ ਗਈ ਸੀ। ਸੈਲੂਲਰ ਅਰਥਾਤ 'ਕੱਲੇ 'ਕੱਲੇ ਕੈਦੀ ਵਾਸਤੇ 698 ਕੋਠੜੀਆਂ (ਸੈੱਲਜ਼) ਬਣਾਈਆਂ ਗਈਆਂ ਸਨ, ਹਰੇਕ ਕੋਠੜੀ 13-6" × 7'-.6" ਆਕਾਰ ਦੀ ਸੀ, ਜੋ ਹੁਣ ਵੀ ਮੌਜੂਦ ਹਨ। ਇਨ੍ਹਾਂ ਕੋਠੜੀਆਂ ਵਿਚ ਕੈਦੀਆਂ ਨੂੰ ਇਕ ਦੂਜੇ ਨੂੰ ਮਿਲਣ ਦੀ ਗੱਲ ਤਾਂ ਛੱਡੋ, ਵੇਖਣਾ ਵੀ ਨਸੀਬ ਨਹੀਂ ਸੀ ਹੁੰਦਾ। ਉਸ ਵੇਲ਼ੇ ਜੇਲ੍ਹ ਦੀ ਉਸਾਰੀ 'ਤੇ 517352/- ਰੁਪੈ ਖ਼ਰਚ ਕੀਤੇ ਗਏ ਸਨ, ਜਦਕਿ ਮਜ਼ਦੂਰਾਂ ਵਜੋਂ ਕੰਮ ਕਰਨ ਵਾਲ਼ੇ ਕੈਦੀ ਹੀ ਸਨ। ਜੇਲ੍ਹ ਇਸ ਤਰ੍ਹਾਂ ਬਣਾਈ ਗਈ ਸੀ ਕਿ ਇਮਾਰਤ ਦੇ ਕੇਂਦਰ ਤੋਂ ਕੋਠੜੀਆਂ ਦੀਆਂ ਕਤਾਰਾਂ ਦੇ ਸੱਤ ਵਿੰਗ ਬਾਹਰ ਨੂੰ ਜਾਂਦੇ ਸਨ।

1941 ਦੇ ਵੱਡੇ ਭੂਚਾਲ ਤੇ ਜਾਪਾਨ ਨਾਲ ਹੋਏ ਦੂਜੇ ਵਿਸ਼ਵ-ਯੁੱਧ ਦੌਰਾਨ ਇਸ ਦੇ ਦੋ ਵਿੰਗ ਢਹਿ ਗਏ। ਦੇਸ਼ ਆਜ਼ਾਦ ਹੋ ਜਾਣ ਤੋਂ ਬਾਅਦ 1950 ਵਿਚ ਕੁਝ ਹੋਰ ਵਿੰਗ ਢਾਹ ਕੇ, 1963 ਵਿਚ ਇਥੇ 500 ਬਿਸਤਰਿਆਂ ਵਾਲ਼ਾ ਗੋਵਿੰਦ ਵਲੱਭ ਪੰਤ ਹਸਪਤਾਲ ਬਣਾ ਦਿੱਤਾ ਗਿਆ। ਇਸ ਵੇਲ਼ੇ ਜੇਲ੍ਹ ਦੀ ਇਮਾਰਤ ਦੇ ਤਿੰਨ ਵਿੰਗ ਕਾਇਮ ਹਨ। 2015 ਤੋਂ ਇਸ ਹਸਪਤਾਲ਼ ਨਾਲ ਸਬੰਧਤ ਮੈਡੀਕਲ ਕਾਲਜ (ਅੰਡੇਮਾਨ ਐਂਡ ਨਿਕੋਬਾਰ ਆਇਲੈਂਡ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ANIIMS) ਵੀ ਚੱਲ ਰਿਹਾ ਹੈ, ਜੋ ਪਾਂਡੀਚਰੀ ਯੂਨੀਵਰਸਿਟੀ ਨਾਲ ਅਫੀਲੀਏਟਡ ਹੈ।

11 ਫਰਵਰੀ, 1979 ਨੂੰ ਭਾਰਤ ਦੇ ਉਸ ਵੇਲ਼ੇ ਦੇ ਪ੍ਰਧਾਨ ਮੰਤਰੀ ਸ਼੍ਰੀ ਮੁਰਾਰ ਜੀ ਡੇਸਾਈ ਨੇ ਕਾਲੇ ਪਾਣੀ ਜੇਲ੍ਹ ਦੀ ਇਮਾਰਤ ਨੂੰ ਰਾਸ਼ਟਰੀ ਸਮਾਰਕ ਘੋਸ਼ਿਤ ਕੀਤਾ ਸੀ। ਇਸ ਸਮਾਰਕ ਨੂੰ ਵੇਖਣ ਵਾਸਤੇ ਟਿਕਟ ਖ਼ਰੀਦਣੀ ਪੈਂਦੀ ਹੈ, ਤਾਂ ਕਿ ਇਸ ਦਾ ਰੱਖ-ਰਖਾਵ ਸਹੀ ਢੰਗ ਨਾਲ ਚਲਦਾ ਰਹੇ। ਪੋਰਟ ਬਲੇਅਰ ਦਾ ਨਾਂ ਹੁਣ 'ਵਿਜੈ ਪੁਰਮ' ਹੈ। ਪੋਰਟ ਬਲੇਅਰ ਪਹੁੰਚਣ ਵਾਸਤੇ ਦਿੱਲੀ ਅਤੇ ਹੋਰਨਾਂ ਵੱਡੇ ਹਵਾਈ ਅੱਡਿਆਂ ਤੋਂ ਹਵਾਈ ਉਡਾਨਾਂ ਉਪਲੱਬਧ ਹਨ ਅਤੇ ਕਲਕੱਤਾ, ਚੱਨਈ ਤੇ ਵਿਸ਼ਾਖਾਪਟਨਮ ਬੰਦਰਗਾਹਾਂ ਤੋਂ ਸਮੁੰਦਰੀ ਜਹਾਜ਼ ਚੱਲਦੇ ਹਨ।

ਸਾਨੂੰ, ਕਾਲੇਪਾਣੀ-ਜੇਲ੍ਹ ਅੰਦਰ ਚੱਲ ਰਹੇ 'ਲਾਇਟ ਐਂਡ ਸਾਊਂਡ ਸ਼ੋਅ' ਵੇਖਣ ਦਾ ਵੀ ਮੌਕਾ ਮਿਲਿਆ। 'ਰੌਸ਼ਨੀ ਤੇ ਆਵਾਜ਼' ਦਾ ਇਹ ਸ਼ੋਅ Tricolor India Schauspiel ਦੁਆਰਾ ਤਿਆਰ ਕੀਤਾ ਹੈ, ਜੋ 13 ਦਸੰਬਰ, 2024 ਤੋਂ ਨਿਰੰਤਰ ਚੱਲ ਰਿਹਾ ਹੈ। ਸੈਲਾਨੀਆਂ ਵਾਸਤੇ ਇਹ ਸ਼ੋਅ ਬਹੁਤ ਹੀ ਜਾਣਕਾਰੀ ਭਰਪੂਰ, ਰੋਮਾਂਚਕ, ਇਤਿਹਾਸਕ, ਅੰਗ੍ਰੇਜ਼ਾਂ ਦੁਆਰਾ ਭਾਰਤ ਦੇ ਆਜ਼ਾਦੀ ਘੁਲਾਟੀਆਂ ਨੂੰ ਦਿੱਤੇ ਗਏ ਅਥਾਹ ਤਸੀਹਿਆਂ ਦੀ ਤਰਜਮਾਨੀ ਨੂੰ ਦਰਸਾਉਂਦਾ ਹੈ। ਜੰਜ਼ੀਰਾਂ, ਹੱਥਕੜੀਆਂ, ਗੋਲ਼ੀਆਂ ਦੀਆਂ ਆਵਾਜ਼ਾਂ, ਕਦਮਾਂ ਦੀ ਆਹਟ, ਤਸੀਹਿਆਂ ਨਾਲ ਕਰਾਹ ਰਹੇ ਕੈਦੀ, ਅੰਗਰੇਜ਼ ਅਫਸਰਾਂ ਦੇ ਹਿੰਗਲਿਸ਼ ਵਿਚ ਡਾਇਲਾਗ, ਰੇਲ ਗੱਡੀ, ਬੋਲਦਾ ਪਿੱਪਲ਼, ਉਸ ਵੇਲ਼ੇ ਦੇ ਸਮੁੰਦਰ ਨਾਲ਼ ਘਿਰੇ ਇਸ ਛੋਟੇ ਜਿਹੇ ਟਾਪੂ 'ਤੇ ਬੁਲਬਲਾਂ ਤੇ ਹੋਰ ਪੰਛੀਆਂ ਦੀ ਚਿਹਚਿਆਹਟ, ਹਾਈ ਕੁਆਲਿਟੀ ਸਾਊਂਡ ਨਾਲ ਜੇਲ੍ਹ ਦੀਆਂ ਦੀਵਾਰਾਂ 'ਤੇ ਪ੍ਰੋਜੈਕਟ ਹੁੰਦੀਆਂ ਲੇਜ਼ਰ ਪ੍ਰੋਜੈਕਸ਼ਨਜ਼ ਵਾਲ਼ੀਆਂ ਤਸਵੀਰਾਂ, ਬੈਕ ਗਰਾਉਂਡ ਵਿਚ ਗਾਇਕ ਸੁਖਵਿੰਦਰ ਦਾ ਇਕ ਗੀਤ, ਬਹੁਤ ਹੀ ਆਕਰਸ਼ਕ ਤੇ ਪ੍ਰਭਾਵਸ਼ਾਲੀ ਢੰਗ ਨਾਲ ਚਿਤਿਰਿਆ ਜਾਂਦਾ ਹੈ। ਸ਼ੋਅ ਦੇ ਆਰੰਭ ਵਿਚ ਮਿਥਿਹਾਸ ਵਾਲ਼ੀ ਗੱਲ ਕਰਕੇ ਟਾਪੂ ਦੇ ਨਾਮ 'ਅੰਡੇਮਾਨ' ਨੂੰ ਹਨੂਮਾਨ ਨਾਲ ਜੋੜਿਆ ਗਿਆ ਹੈ।






ਲਾਇਟ ਐਂਡ ਸਾਊਂਡ ਸ਼ੋਅ ਦਾ ਇਹ ਪ੍ਰੋਜੈਕਟ ਬਨਾਉਣ ਵਾਲਿਆਂ ਨੇ ਲੈਂਡ ਸਕੇਪ ਵਿਚ ਜੇਲ੍ਹ ਦੇ ਗੇਟ ਦੇ ਅੰਦਰਵਾਰ ਪਿੱਪਲ ਦੇ ਇਕ ਪੁਰਾਣੇ ਰੁੱਖ ਨੂੰ ਵੀ ਇਕ ਚਰਿੱਤਰ ਦੇ ਤੌਰ 'ਤੇ ਵਿਖਾਇਆ ਹੈ। ਪਿੱਪਲ 'ਤੇ ਰੌਸ਼ਨੀ ਪੈਂਦੀ ਹੈ, ਤਾਂ ਇਹ ਬੋਲਦਾ ਹੈ, "ਇਸ ਜੇਲ੍ਹ ਦੀ ਇਮਾਰਤ ਬਨਾਉਣ ਵਾਸਤੇ ਪਹਾੜੀਆਂ ਨੂੰ ਪੱਧਰਾ ਕੀਤਾ ਗਿਆ ਤੇ ਅਨੇਕਾਂ ਹੀ ਰੁੱਖ ਵੱਢੇ ਗਏ ਸਨ; ਮੇਰੇ ਮਨ ਵਿਚ ਆਇਆ ਸੀ ਕਿ ਮੈਂ ਵੀ ਇਨ੍ਹਾਂ ਜ਼ਾਲਮਾਂ ਤੋਂ ਬੱਚ ਨਹੀਂ ਸਕਾਂਗਾ ਪਰ ਗੇਟ ਦੇ ਅੰਦਰਵਾਰ ਖਾਲੀ ਗਰਾਊਂਡ ਵਿਚ ਹੋਣ ਕਰਕੇ ਮੈਂ ਬਚ ਗਿਆ। ਇਸ ਜੇਲ੍ਹ ਵਿਚ ਆਉਣ ਵਾਲੇ ਕੈਦੀ ਤੇ ਅੰਗਰੇਜ਼ ਅਫ਼ਸਰ, ਸਾਰੇ ਮੇਰੇ ਹੇਠੋਂ ਦੀ ਹੀ ਲੰਘਦੇ ਹੁੰਦੇ ਸਨ। ਮੈਂ ਸਭ ਨੂੰ ਵੇਖਿਆ ਹੈ। ਮੈਂ ਅੰਗਰੇਜ਼ ਜ਼ਾਲਮਾਂ ਦੁਆਰਾ ਆਜ਼ਾਦੀ ਦੇ ਪ੍ਰਵਾਨਿਆਂ ਉਤੇ ਢਾਹੇ ਗਏ ਜ਼ੁਲਮਾਂ ਦਾ ਗਵਾਹ ਹਾਂ"।

ਪੰਜਾਬੀਆ ਤੇ ਸਿੱਖਾਂ ਦੀਆਂ ਸਭ ਤੋਂ ਵੱਧ ਕੁਰਬਨੀਆਂ ਦੇ ਬਾਵਜੂਦ, ਇਸ ਸ਼ੋਅ ਦੇ ਕੰਟੈਂਟ ਵਿਚ, ਜਿਵੇਂ ਪਹਿਲਾਂ ਵੀ ਕਈ ਪਲੇਟਫਾਰਮਾਂ 'ਤੇ ਹੁੰਦਾ ਹੈ, ਪੰਜਾਬੀਆਂ ਨੂੰ ਜਾਣਬੁੱਝ ਕੇ ਅੱਖੋਂ-ਪਰੋਖੇ ਕੀਤਾ ਗਿਆ ਹੈ। ਪੂਰੇ ਸ਼ੋਅ ਵਿਚ ਸਿਰਫ ਇਕ ਵਾਰ ਗ਼ਦਰੀ ਬਾਬੇ ਸੋਹਣ ਸਿੰਘ ਭਕਨਾ ਦਾ ਹੀ ਨਾਮ ਲਿਆ ਗਿਆ ਹੈ। ਪ੍ਰੋਜੈਕਸ਼ਨ ਵਿਚ ਕਿਸੇ ਵੀ ਪੰਜਾਬੀ ਜਾਂ ਸਿੱਖ ਦੀ ਫੋਟੋ ਨਹੀਂ ਹੈ। ਜਦਕਿ 18ਵੀਂ ਤੇ 19ਵੀਂ ਸਦੀ ਵਿਚ ਕਾਲੇ ਪਾਣੀ ਦੀ ਸਜ਼ਾ ਵਾਲ਼ੇ ਕੁੱਲ 2646 ਕੈਦੀਆਂ ਵਿਚੋਂ 2147 ਸਿੱਖ ਸਨ ਤੇ 599 ਗ਼ੈਰ ਸਿੱਖ ਸਨ। ਆਜ਼ਾਦੀ ਅੰਦੋਲਨ ਵਾਲ਼ੇ ਆਜ਼ਾਦੀ ਘੁਲਾਟੀਆਂ ਦਾ ਜਿਹੜਾ ਗਰੁੱਪ ਸਭ ਤੋਂ ਪਹਿਲਾਂ, ਕਾਲ਼ੇ ਪਾਣੀ ਭੇਜਿਆ ਗਿਆ ਸੀ, ਉਹ ਗ਼ਦਰ ਪਾਰਟੀ ਦੇ 41 ਗ਼ਦਰੀ ਸਨ। ਇਨ੍ਹਾਂ ਤੋਂ ਇਲਾਵਾ 55 ਹੋਰ ਸਨ। ਜੋ ਬਗ਼ਾਵਤ ਕੇਸ ਵਿਚ ਸਨ। ਬਾਬਾ ਸੋਹਣ ਸਿੰਘ ਭਕਨਾ ਤੇ ਛਤਰ ਸਿੰਘ ਦੇ ਨਾਮ ਪ੍ਰਮੁੱਖ ਹਨ, ਬਾਕੀ ਕੈਦੀ ਸਨ ਭਾਨ ਸਿੰਘ, ਦੀਵਾਨ ਸਿੰਘ ਕਾਲੇ ਪਾਨੀ, ਫ਼ਜ਼ਲੇ ਹੱਕ ਖ਼ੈਰਾਬਾਦੀ, ਯੋਗਿੰਦਰ ਸ਼ੁਕਲਾ, ਭਗਤ ਸਿੰਘ ਦਾ ਸਾਥੀ ਬਟੁਕੇਸ਼ਵਰ ਦੱਤ, ਸਚਿਤਰਾ ਨਾਥ ਸਾਨਿਆਲ, ਹਰੇ ਕ੍ਰਿਸਨ ਕੋਨਾਰ, ਭਾਈ ਪਰਮਾਨੰਦ, ਸੁਬੋਧ ਰਾਏ, ਤ੍ਰਿਲੋਕੀ ਨਾਥ ਚਕਰਵਰਤੀ, ਵਿਨਾਇਕ ਦਮੋਦਰ ਸਾਵਰਕਰ ਆਦਿ। ਹਾਂ ਇਸ ਸ਼ੋਅ ਵਿਚ ਵਿਨਾਇਕ ਦਮੋਦਰ ਸਾਵਰਕਰ ਨੂੰ ਕਾਫੀ ਸਮਾਂ ਦਿੱਤਾ ਗਿਆ ਹੈ। ਬੁਲਬੁਲਾਂ ਤਾਂ ਦਿਖਾਈਆਂ ਗਈਆਂ ਹਨ ਪਰ ਕਰਨਾਟਕ ਵਿਚ ਰੋਹਿਤ ਚਕਰਤੀਰਥ ਦਵਾਰਾ ਰਿਵਾਈਜ਼ ਕੀਤੀ ਹੋਈ ਹਾਈ ਸਕੂਲ ਦੀ ਪਾਠ ਪੁਸਤਕ ਅਨੁਸਾਰ ਵਿਨਾਇਕ ਸਾਵਰਕਰ ਦਵਾਰਾ, ਬੁਲਬੁਲਾਂ ਦੇ ਖੰਭਾਂ 'ਤੇ ਚੜ੍ਹ ਕੇ ਜੇਲ੍ਹ ਤੋਂ ਬਾਹਰ ਆਉਣ ਵਾਲੀ ਘਟਨਾ ਨਹੀਂ ਦਿਖਾਈ ਗਈ। ਇਸ ਸੈਲੂਲਰ ਜੇਲ੍ਹ ਦੇ ਬਾਹਰ ਪਾਰਕ ਦੇ ਨਾਂ 'ਤੇ ਪੋਰਟ ਬਲੇਅਰ ਦੇ ਹਵਾਈ ਅੱਡੇ ਦਾ ਨਾਂ ਵੀ ਵਿਨਾਇਕ ਦਮੋਦਰ ਸਾਵਰਕਰ ਦੇ ਨਾਂ 'ਤੇ ਹੈ। ਜਗਤਾਰ ਸਿੰਘ ਤੇ ਗੁਰਦਰਸ਼ਨ ਸਿੰਘ ਬਾਹੀਆ ਨੇ ਆਪਣੀ ਕਿਤਾਬ **"Kalapani: Punjabis' Role in Freedom Struggle"** ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਕਿਉਂਕਿ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੌਰਾਨ ਪੰਜਾਬੀਆਂ ਦੇ ਰੋਲ਼ ਨੂੰ ਸਹੀ ਢੰਗ ਨਾਲ ਨਹੀਂ ਸਰਸਾਇਆ ਗਿਆ, ਸੋ ਇਤਿਹਾਸ ਨੂੰ ਘੋਖ ਕੇ ਇਸ ਨੂੰ ਦੁਬਾਰਾ ਲਿਖਣ ਦੀ ਲੋੜ ਹੈ।

# ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਸਿਰਫ਼ ਇੱਕ ਸਿੱਖਿਆ ਸੰਸਥਾ ਨਹੀਂ, ਸਗੋਂ ਪੰਜਾਬ ਦੀ ਅਸਲ ਰੂਹ ਦੀ ਪ੍ਰਤੀਕ ਹੈ

ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA





ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਸਿਰਫ਼ ਇੱਕ ਸਿੱਖਿਆ ਸੰਸਥਾ ਨਹੀਂ, ਸਗੋਂ ਪੰਜਾਬ ਦੀ ਅਸਲ ਰੂਹ ਦੀ ਪ੍ਰਤੀਕ ਹੈ। ਇਹ ਯੂਨੀਵਰਸਿਟੀ ਆਪਣੇ ਇਤਿਹਾਸ, ਸੱਭਿਆਚਾਰ ਤੇ ਵਿਦਿਆ ਦੇ ਉੱਚ ਮਾਪਦੰਡਾਂ ਕਰਕੇ ਸਾਰੇ ਦੇਸ਼ ਵਿਚ ਵੱਖਰਾ ਮੁਕਾਮ ਰੱਖਦੀ ਹੈ।

ਪੰਜਾਬ ਯੂਨੀਵਰਸਿਟੀ ਦੀ ਜੜ੍ਹਾਂ ਲਾਹੌਰ ਤੱਕ ਜਾਂਦੀਆਂ ਹਨ, ਜਿੱਥੇ 1882 ਵਿਚ ਇਸ ਦੀ ਸਥਾਪਨਾ ਹੋਈ ਸੀ। ਵੰਡ ਤੋਂ ਬਾਅਦ, ਇਸ ਯੂਨੀਵਰਸਿਟੀ ਨੂੰ ਚੰਡੀਗੜ੍ਹ ਵਿਚ ਨਵੇਂ ਰੂਪ ਵਿਚ ਦੁਬਾਰਾ ਸਥਾਪਤ ਕੀਤਾ ਗਿਆ। ਇਹ ਸਿਰਫ਼ ਇਮਾਰਤਾਂ ਦਾ ਤਬਾਦਲਾ ਨਹੀਂ ਸੀ, ਸਗੋਂ ਪੰਜਾਬੀ ਮਨੁੱਖੀ ਸੰਘਰਸ਼ ਅਤੇ ਉਤਸ਼ਾਹ ਦੀ ਨਵੀਂ ਕਹਾਣੀ ਸੀ।

ਅੱਜ ਪੰਜਾਬ ਯੂਨੀਵਰਸਿਟੀ ਵਿਗਿਆਨ, ਕਲਾ, ਭਾਸ਼ਾ, ਇੰਜੀਨੀਅਰਿੰਗ ਅਤੇ ਪ੍ਰਬੰਧਨ ਦੇ ਖੇਤਰਾਂ ਵਿਚ ਵਿਸ਼ਵ ਪੱਧਰੀ ਖੋਜ ਅਤੇ ਪੜ੍ਹਾਈ ਦਾ ਕੇਂਦਰ ਹੈ। ਇਹ ਪੰਜਾਬ ਦੀ ਮਿੱਟੀ ਨਾਲ ਜੁੜੀ ਹੋਈ ਸੰਸਥਾ ਹੈ, ਜਿੱਥੇ ਵਿਦਿਆ ਨਾਲ-ਨਾਲ ਸੱਭਿਆਚਾਰ, ਮੁੱਲਾਂਕਣ ਅਤੇ ਲੋਕ ਧਾਰਾਵਾਂ ਦਾ ਸਤਿਕਾਰ ਕੀਤਾ ਜਾਂਦਾ ਹੈ।

ਯੂਨੀਵਰਸਿਟੀ ਦੇ ਕੈਂਪਸ ਦਾ ਹਰ ਕੋਨਾ ਪੰਜਾਬੀ ਜੀਵਨ ਦੀ ਰੌਣਕ ਨਾਲ ਭਰਿਆ ਹੋਇਆ ਹੈ। ਇਥੇ ਦੇ ਵਿਦਿਆਰਥੀ ਨਾ ਕੇਵਲ ਅਕਾਦਮਿਕ ਤੌਰ 'ਤੇ ਮਜਬੂਤ ਬਣਦੇ ਹਨ, ਸਗੋਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਵੀ ਸਮਝਦੇ ਹਨ। ਪੰਜਾਬੀ ਸਾਹਿਤ, ਲੋਕ ਕਲਾ ਤੇ ਸੰਗੀਤ ਇਥੇ ਦੇ ਵਿਦਿਆਰਥੀ ਜੀਵਨ ਦਾ ਅਟੁੱਟ ਹਿੱਸਾ ਹਨ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਮਹਿਜ਼ ਇੱਟਾਂ ਅਤੇ ਸੀਮੈਂਟ ਨਾਲ ਬਣੀ ਇੱਕ ਇਮਾਰਤ ਨਹੀਂ, ਸਗੋਂ ਇਹ ਪੰਜਾਬ ਦੀ ਸੱਭਿਆਚਾਰਕ, ਬੌਧਿਕ ਅਤੇ ਇਤਿਹਾਸਕ ਪਛਾਣ ਦਾ ਇੱਕ ਜੀਵੰਤ ਪ੍ਰਤੀਕ ਹੈ। ਇਸਦੀ ਨੀਂਹ ਭਾਵੇਂ 1882 ਵਿਚ ਲਾਹੌਰ ਵਿਚ ਰੱਖੀ ਗਈ ਸੀ, ਪਰ 1947 ਦੀ ਵੰਡ ਤੋਂ ਬਾਅਦ, ਇਸਨੇ 1956 ਵਿਚ ਚੰਡੀਗੜ੍ਹ ਵਿਚ ਆਪਣਾ ਮੌਜੂਦਾ ਕੈਂਪਸ ਸਥਾਪਿਤ ਕੀਤਾ ਅਤੇ ਨਵੇਂ ਪੰਜਾਬ ਦੀ ਆਤਮਾ ਨੂੰ ਸੁਰਜੀਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ।

## ਇਤਿਹਾਸਕ ਵਿਰਾਸਤ ਅਤੇ ਬੌਧਿਕ ਕੇਂਦਰ

ਯੂਨੀਵਰਸਿਟੀ ਦਾ ਇਤਿਹਾਸ ਪੰਜਾਬ ਦੇ ਇਤਿਹਾਸ ਨਾਲ ਗੂੜ੍ਹਾ ਜੁੜਿਆ ਹੋਇਆ ਹੈ। ਇਹ ਉਹ ਕੇਂਦਰ ਰਿਹਾ ਹੈ, ਜਿੱਥੇ ਸਿੱਖਿਆ, ਕਲਾ, ਵਿਗਿਆਨ ਅਤੇ ਰਾਜਨੀਤੀ ਦੇ ਖੇਤਰ ਵਿਚ ਅਨੇਕਾਂ ਮਹਾਨ ਸ਼ਖਸੀਅਤਾਂ ਨੇ ਜਨਮ ਲਿਆ। ਇਸਨੇ ਦਹਾਕਿਆਂ ਤੋਂ ਪੰਜਾਬ ਅਤੇ ਪੂਰੇ ਦੇਸ਼ ਦੇ ਕੋਨੇ-ਕੋਨੇ ਤੋਂ ਆਏ ਵਿਦਿਆਰਥੀਆਂ ਨੂੰ ਗਿਆਨ ਅਤੇ ਰੌਸ਼ਨੀ ਦਿੱਤੀ ਹੈ। ਯੂਨੀਵਰਸਿਟੀ ਨੇ ਵੱਡੇ ਅਫ਼ਸਰ, ਵਿਦਵਾਨ, ਕਲਾਕਾਰ ਅਤੇ ਰਾਸ਼ਟਰੀ ਪੱਧਰ 'ਤੇ ਪੰਜਾਬ ਦੀ ਆਵਾਜ਼ ਬਣਨ ਵਾਲੇ ਨੇਤਾ ਪੈਦਾ ਕੀਤੇ ਹਨ।

- **1882 ਵਿਚ ਸਥਾਪਨਾ:** ਲਾਹੌਰ (ਹੁਣ ਪਾਕਿਸਤਾਨ) ਵਿਚ ਪੰਜਾਬ ਯੂਨੀਵਰਸਿਟੀ ਕਾਇਮ ਕੀਤੀ ਗਈ।
- **1956 ਵਿਚ ਚੰਡੀਗੜ੍ਹ ਕੈਂਪਸ:** ਵੰਡ ਤੋਂ ਬਾਅਦ, ਯੂਨੀਵਰਸਿਟੀ ਦਾ ਮੌਜੂਦਾ ਕੈਂਪਸ ਚੰਡੀਗੜ੍ਹ ਦੇ ਸੈਕਟਰ 14 ਅਤੇ 25 ਵਿਚ ਸਥਾਪਿਤ ਹੋਇਆ।

## ਸੱਭਿਆਚਾਰਕ ਅਤੇ ਸਮਾਜਿਕ ਰੂਹ

ਪੰਜਾਬ ਯੂਨੀਵਰਸਿਟੀ ਦੀ ਅਸਲ ਖ਼ੂਬਸੂਰਤੀ ਇਸਦੇ 'ਵਿਦਿਆਰਥੀ ਕੇਂਦਰ' ਵਿਚ ਝਲਕਦੀ ਹੈ, ਜੋ ਕਿ ਸਿਰਫ਼ ਇੱਕ ਇਮਾਰਤ ਨਹੀਂ, ਸਗੋਂ ਕੈਂਪਸ ਦੀ ਸੱਭਿਆਚਾਰਕ ਨਬਜ਼ ਹੈ। ਇਹ ਉਹ ਥਾਂ ਹੈ, ਜਿੱਥੇ ਵੱਖ-ਵੱਖ ਵਿਚਾਰਾਂ, ਪਹਿਰਾਵਿਆਂ ਅਤੇ ਖੇਤਰਾਂ ਦੇ ਵਿਦਿਆਰਥੀ ਮਿਲਦੇ ਹਨ, ਵਿਚਾਰ-ਵਟਾਂਦਰਾ ਕਰਦੇ ਹਨ ਅਤੇ ਇੱਕ ਸੰਜੀਦਾ ਬਹਿਸ ਦਾ ਮਾਹੌਲ ਬਣਾਉਂਦੇ ਹਨ। ਪੰਜਾਬੀ ਸਾਹਿਤ, ਕਲਾ, ਸੰਗੀਤ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਵਾਲੇ ਵਿਭਾਗਾਂ ਨੇ ਇਸਨੂੰ ਸੱਚਮੁੱਚ ਪੰਜਾਬ ਦੀ ਅਮੀਰ ਵਿਰਾਸਤ ਦਾ ਗੜ੍ਹ ਬਣਾਇਆ ਹੈ।

- **ਵਿਭਿੰਨਤਾ ਦਾ ਕੇਂਦਰ:** ਇਹ ਪੰਜਾਬ, ਹਰਿਆਣਾ, ਹਿਮਾਚਲ ਅਤੇ ਹੋਰ ਰਾਜਾਂ ਦੇ ਵਿਦਿਆਰਥੀਆਂ ਦਾ ਇੱਕ ਸੰਗਮ ਹੈ, ਜੋ ਇੱਥੇ ਆ ਕੇ ਇੱਕ ਸਾਂਝੀ ਸੱਭਿਆਚਾਰਕ ਪਛਾਣ ਸਿਰਜਦੇ ਹਨ।
- **ਖੋਜ ਅਤੇ ਆਧੁਨਿਕੀਕਰਨ:** ਯੂਨੀਵਰਸਿਟੀ ਵਿਗਿਆਨ, ਤਕਨਾਲੋਜੀ ਅਤੇ ਕਲਾ ਦੇ ਖੇਤਰਾਂ ਵਿਚ ਉੱਚ-ਪੱਧਰੀ ਕੋਰਸ ਅਤੇ ਖੋਜ ਡਿਗਰੀਆਂ ਪ੍ਰਦਾਨ ਕਰਦੀ ਹੈ, ਜਿਸ ਨਾਲ ਪੰਜਾਬ ਦੀ ਨਵੀਂ ਪੀੜ੍ਹੀ ਵਿਸ਼ਵ ਪੱਧਰ 'ਤੇ ਮੁਕਾਬਲਾ ਕਰਨ ਦੇ ਸਮਰੱਥ ਹੁੰਦੀ ਹੈ।

## ਪੰਜਾਬ ਦੇ ਹੱਕਾਂ ਦੀ ਰਾਖੀ

ਮੌਜੂਦਾ ਸਮੇਂ ਵਿਚ, ਪੰਜਾਬ ਯੂਨੀਵਰਸਿਟੀ ਦੀ ਸਥਿਤੀ ਅੰਤਰ-ਰਾਜੀ ਬਾਡੀ ਕਾਰਪੋਰੇਟ ਵਜੋਂ ਕੇਂਦਰ ਸਰਕਾਰ ਦੇ ਅਧੀਨ ਹੈ, ਜਿਸ ਵਿਚ ਪੰਜਾਬ ਸਰਕਾਰ ਦਾ ਵੀ ਯੋਗਦਾਨ ਹੈ। ਸਮੇਂ-ਸਮੇਂ 'ਤੇ ਇਸਦੀ ਸਥਿਤੀ ਨੂੰ ਲੈ ਕੇ ਵਿਵਾਦ ਖੜ੍ਹੇ ਹੁੰਦੇ ਰਹੇ ਹਨ, ਜਿੱਥੇ ਪੰਜਾਬ ਨਾਲ ਜੁੜੇ ਸੰਗਠਨ ਇਸਨੂੰ ਪੰਜਾਬ ਦੇ ਹੱਕਾਂ ਦਾ ਪ੍ਰਤੀਕ ਮੰਨਦੇ ਹੋਏ, ਇਸਦੇ ਪੰਜਾਬ ਦੇ ਅਧਿਕਾਰ ਖੇਤਰ ਵਿਚ ਰਹਿਣ ਦੀ ਵਕਾਲਤ ਕਰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਸੰਸਥਾ ਸਿਰਫ਼ ਪੜ੍ਹਾਉਂਦੀ ਨਹੀਂ, ਸਗੋਂ ਪੰਜਾਬ ਦੀ ਆਵਾਜ਼ ਅਤੇ ਮੂਲ ਭਾਵਨਾ ਨੂੰ ਵੀ ਜਿਉਂਦਾ ਰੱਖਦੀ ਹੈ।

ਸਿੱਟੇ ਵਜੋਂ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਸਿਰਫ਼ ਇੱਕ ਅਕਾਦਮਿਕ ਸੰਸਥਾ ਨਹੀਂ, ਸਗੋਂ ਇੱਕ ਚਲਦਾ-ਫਿਰਦਾ ਇਤਿਹਾਸ ਹੈ। ਇਹ ਪੰਜਾਬ ਦੀ ਮਿੱਟੀ, ਮਿਹਨਤ ਅਤੇ ਮਾਣ ਨੂੰ ਦਰਸਾਉਂਦੀ ਹੈ। ਇਸ ਦੀ ਹੋਂਦ ਪੰਜਾਬ ਦੇ ਲੋਕਾਂ ਲਈ ਮਾਣ, ਸਿੱਖਿਆ ਅਤੇ ਸੱਭਿਆਚਾਰ ਦਾ ਸਰੋਤ ਹੈ, ਜੋ ਇਸਨੂੰ ਅਸਲ ਵਿਚ ਪੰਜਾਬ ਦੀ ਰੂਹ ਦਾ ਪ੍ਰਤੀਕ ਬਣਾਉਂਦਾ ਹੈ।

ਪੰਜਾਬ ਯੂਨੀਵਰਸਿਟੀ ਦਾ ਮਾਣ ਇਸ ਗੱਲ ਵਿਚ ਹੈ ਕਿ ਇਹ ਹਰ ਪੰਜਾਬੀ ਦਾ ਗੌਰਵ ਹੈ। ਇਸ ਦੀ ਹਰ ਇਮਾਰਤ, ਹਰ ਦਰੱਖ਼ਤ ਤੇ ਹਰ ਵਿਦਿਆਰਥੀ ਵਿਚ ਪੰਜਾਬ ਦੀ ਰੂਹ ਵੱਸਦੀ ਹੈ। ਇਸ ਲਈ ਕਹਿਣਾ ਠੀਕ ਹੈ:

"ਪੰਜਾਬ ਯੂਨੀਵਰਸਿਟੀ ਸਿਰਫ਼ ਚੰਡੀਗੜ੍ਹ ਦੀ ਨਹੀਂ, ਇਹ ਪੂਰੇ ਪੰਜਾਬ ਦੀ ਹੈ।"

# ਗੁਆਂਢੀਆਂ ਨਾਲ ਬਣੀ ਹੀ ਚੰਗੀ

ਰਮੇਸ਼ ਬੱਗਾ ਚੋਹਲਾ
ਲੁਧਿਆਣਾ
ਮੋਬ : 94631-32719
ਪੰਜਾਬ ਮੇਲ USA

ਇਹ ਗੱਲ ਆਮ ਕਹੀ ਜਾਂਦੀ ਹੈ ਕਿ 'ਹਮਸਾਏ ਮਾਂ-ਪਿਉ ਜਾਏ'। ਸਿਆਣਿਆਂ ਅਤੇ ਦਿਮਾਗਦਾਰਾਂ ਦੇ ਇਸ ਕਥਨ ਵਿਚ ਕਾਫੀ ਹੱਦ ਤੱਕ ਸੱਚਾਈ ਵੀ ਹੁੰਦੀ ਹੈ, ਜਿਸ ਤਹਿਤ ਇਹ ਤਸਲੀਮ ਕੀਤਾ ਜਾਂਦਾ ਹੈ ਕਿ ਜਦੋਂ ਕਦੇ ਕਿਸੇ ਮਨੁੱਖ 'ਤੇ ਕੋਈ ਦੁੱਖਦਾਈ ਸਮਾਂ ਆਉਂਦਾ ਹੈ, ਤਾਂ ਮਨੁੱਖ ਦੇ ਸਕੇ-ਸੋਧਰਿਆਂ ਨਾਲੋਂ ਗੁਆਂਢ ਵਿਚ ਵੱਸਣ ਵਾਲਾ ਵਿਅਕਤੀ ਜਾਂ ਉਸ ਦਾ ਪਰਿਵਾਰ ਸੰਬੰਧਤ ਮਨੁੱਖ ਦੇ ਦੁੱਖ ਨੂੰ ਵੰਡਾਉਣ ਜਾਂ ਘਟਾਉਣ ਲਈ ਸਭ ਤੋਂ ਪਹਿਲਾਂ ਸਹਾਈ ਹੁੰਦਾ ਹੈ। ਉਸ ਦੇ ਰਿਸ਼ਤੇਦਾਰਾਂ ਤੱਕ ਖ਼ਬਰ ਪਹੁੰਚਾਉਣ ਅਤੇ ਉਸ ਖ਼ਬਰ ਨੂੰ ਸੁਣ ਕੇ ਉਨ੍ਹਾਂ (ਰਿਸ਼ਤੇਦਾਰਾਂ) ਦੇ (ਦੂਰ-ਦੁਰਾਡੇ ਤੋਂ) ਆਉਣ ਵਿਚ ਕੁੱਝ ਮੀਲਾਂ ਜਾਂ ਕੋਹਾਂ ਦਾ ਫ਼ਾਸਲਾ ਹੁੰਦਾ ਹੈ, ਜਿਸ ਨੂੰ ਤਹਿ ਕਰਨ ਵਿਚ ਕੁੱਝ ਸਮਾਂ ਲੱਗਣਾ ਹੁੰਦਾ ਹੈ। ਕਈ ਵਾਰੀ ਇਸ ਫ਼ਾਸਲੇ ਨੂੰ ਤਹਿ ਕਰਨ ਵਿਚ ਸਮਾਂ ਲੋੜ ਤੋਂ ਵੱਧ ਲੱਗ ਜਾਂਦਾ ਹੈ, ਜੋ ਪ੍ਰਭਾਵਿਤ ਪੁਰਸ਼ ਦੇ ਜਾਨੀ ਜਾਂ ਮਾਲੀ ਨੁਕਸਾਨ ਦਾ ਬਾਇਸ ਬਣ ਸਕਦਾ ਹੈ।

ਜਿਥੇ ਇੱਕ ਚੰਗੇ ਗੁਆਂਢ ਦਾ ਹੋਣਾ ਕਿਸੇ ਮਨੁੱਖ ਲਈ ਸੁਖਦਾਈ ਅਤੇ ਉਤਸ਼ਾਹੀ ਹੋ ਸਕਦਾ ਹੈ, ਉਥੇ ਕਿਸੇ ਮਾੜੇ ਉਰਫ ਚੰਦਰੇ ਗੁਆਂਢ ਦੀ ਹੋਂਦ ਵੀ ਕਿਸੇ ਵਿਅਕਤੀ ਲਈ ਸਿਰਦਰਦੀ ਦਾ ਕਾਰਨ ਬਣ ਸਕਦੀ ਹੈ। ਇਸ ਲਈ ਤਾਂ ਕਹਿੰਦੇ ਹਨ ਕਿ 'ਲਾਈਲੱਗ ਨਾ ਹੋਵੇ ਘਰਵਾਲਾ ਤੇ ਚੰਦਰਾ ਗੁਆਂਢ ਨਾ ਹੋਵੇ'।

ਮੈਂ ਜਦੋਂ ਕਿਸੇ ਕਾਰਨ ਵੱਸ ਆਪਣੇ ਪਿੰਡ ਚੋਹਲਾ ਸਾਹਿਬ ਤੋਂ ਆ ਕੇ ਮਹਾਂਨਗਰ ਵਿਚ ਵਸੇਬਾ ਕੀਤਾ, ਤਾਂ ਉਹ ਸਮਾਂ ਮੇਰੇ ਪਰਿਵਾਰ ਦੇ ਪਲੱਸ (ਵਿਆਹ ਕਰਵਾਕੇ) ਹੋਣ ਦਾ ਸੀ। ਇਸ ਖ਼ੁਸ਼ੀ ਨੂੰ ਸਾਂਝਿਆਂ ਕਰਨ ਲਈ ਮੈਂ ਆਪਣੀ ਗਲੀ-ਮੁਹੱਲੇ ਦੇ ਤਕਰੀਬਨ ਸਾਰੇ ਹੀ ਘਰਾਂ ਤੱਕ ਪਹੁੰਚ ਕੀਤੀ ਅਤੇ ਵਿਆਹ ਸਮਾਗਮ ਦੀ ਰੌਣਕ ਨੂੰ ਵਧਾਉਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ। ਮੇਰੀ ਇਸ ਬੇਨਤੀ ਨੂੰ ਪ੍ਰਵਾਨਗੀ ਦਿੰਦਿਆਂ ਮੇਰੇ ਨਵੇਂ ਮੁਹੱਲੇ ਦੇ ਬਾਸ਼ਿੰਦਿਆਂ ਨੇ ਮੇਰੀ ਸ਼ਾਦੀ ਉਰਫ ਖ਼ਾਨਾ ਆਬਾਦੀ ਮੌਕੇ ਆਪਣੀਆਂ ਭਰਪੂਰ ਹਾਜ਼ਰੀਆਂ ਲਗਵਾਈਆਂ ਅਤੇ ਮੇਰੇ ਲਈ ਇਹ ਸੁੱਖਦ ਅਹਿਸਾਸ ਛੱਡਿਆ ਕਿ ਮੈਂ ਉਨ੍ਹਾਂ ਲਈ ਕੋਈ ਬਹੁਤਾ ਓਪਰਾ ਨਹੀਂ ਹਾਂ। ਪਰ ਦਾਨਿਸ਼ਮੰਦਾਂ ਦੀ ਰਾਇ ਦੇ ਮੁਤਾਬਕ ਸਮਾਂ ਸਦਾ ਇਕੋ ਜਿਹਾ ਨਹੀਂ ਰਹਿੰਦਾ। ਇੱਕ ਵਾਰੀ ਜੇਕਰ ਇਹ ਹਾਸੇ ਵੰਡਦਾ ਹੈ, ਤਾਂ ਦੂਜੀ ਵਾਰੀ ਰੋਣਾ ਵੀ ਝੋਲੀ ਵਿਚ ਪਾ ਦਿੰਦਾ ਹੈ, ਭਾਵ ਦੁੱਖ਼ ਅਤੇ ਸੁੱਖ ਇਕੋ ਹੀ ਸਿੱਕੇ ਦੇ ਪਾਸੇ ਹਨ। ਇਸ ਸੋਚ ਦੇ ਤਹਿਤ ਸਾਲ ਕੁ ਬਾਅਦ ਜਦੋਂ ਸਾਡੇ ਪਰਿਵਾਰ ਦਾ ਮਾਹੌਲ (ਪੁੱਤਰ ਦੇ ਸਦੀਵੀ ਵਿਛੋੜੇ ਕਾਰਨ) ਕੁੱਝ ਦੁਖਦਾਈ ਹੋ ਗਿਆ, ਤਾਂ ਉਸ ਮਾਹੌਲ ਵਿਚ ਸ਼ਿਰਕਤ ਕਰਕੇ ਸਾਡਾ ਦੁੱਖ ਨੂੰ ਵੰਡਉਣ ਵਾਲਿਆਂ ਦੀ ਨਫ਼ਰੀ ਬਹੁਤ ਘੱਟ ਸੀ। ਜੇਕਰ ਥੋੜ੍ਹੀ-ਬਹੁਤੀ ਸੀ, ਤਾਂ ਉਹ ਖ਼ਾਨਾਪੂਰਤੀ ਤੱਕ ਹੀ ਸੀਮਤ ਸੀ। ਗੁਆਂਢੀਆਂ ਦਾ ਇਹ ਵਰਤਾਰਾ ਕੁੱਝ ਬੁਰਾ ਤਾਂ ਲੱਗਾ ਪਰ ਇਸ ਨੂੰ ਸ਼ਹਿਰੀਕਰਨ ਦੀ ਦੇਣ ਸਮਝ ਕੇ ਸਵੀਕਾਰ ਕਰ ਲਿਆ। ਗੱਲ ਇਥੇ ਹੀ ਬਸ ਨਹੀਂ, ਅੱਗੇ ਜਾ ਕੇ ਇਸ ਸ਼ਹਿਰੀਕਰਣ ਦੀ ਮਾਰ ਸਾਨੂੰ ਹੋਰ ਵੀ ਸਹਿਣੀ ਪਈ।

ਲੋਕ ਕਹਿੰਦੇ ਹਨ ਕਿ ਆਂਢ-ਗਆਂਢ ਨਾਲ ਛੇਤੀ ਕੀਤਿਆਂ ਵਿਗਾੜਨੀ ਨਹੀਂ ਚਾਹੀਦੀ ਪਰ ਵਿਗਾੜ ਪੈਣ ਦੀਆਂ ਸੰਭਾਵਨਾਵਾਂ ਵੀ ਵਧੇਰੇ ਆਂਢ-ਗੁਆਂਢ ਵਿਚ ਹੀ ਬਣਦੀਆਂ ਹਨ। ਮੇਰੇ ਘਰ ਦੇ ਨਜ਼ਦੀਕ ਰਹਿੰਦਾ ਹੈ ਕਸਤੂਰੀ ਲਾਲ, ਜਿਸ ਦੀ ਡਿਊਟੀ ਇੱਕ ਪੋਲਟਰੀ ਵਿਚ ਹੈ। ਜਦੋਂ ਤਾਂ ਉਸ ਨਾਲ ਬਣਦੀ ਸੀ, ਤਾਂ ਉਹ ਅੰਡਿਆਂ ਦੀਆਂ ਇੱਕ ਦੋ ਟਰੇਆਂ ਆਪ ਹੀ ਸਾਡੇ ਘਰ ਪਹੁੰਚਾ ਦਿਆ ਕਰਦਾ ਸੀ ਪਰ ਜਦ ਤੋਂ ਉਸ ਦੇ ਲਾਡਲੇ ਨਾਲ ਬੋਲ-ਬੁਲਾਰਾ ਜਿਹਾ ਹੋ ਗਿਆ, ਤਾਂ ਉਹ ਬੇਮੁੱਖ ਜਿਹਾ ਹੋ ਗਿਆ। ਉਸ ਦੀ ਇਸ ਬੇਮੁੱਖਤਾ ਕਾਰਨ ਅਸੀਂ ਸਸਤੇ ਅੰਡੇ ਦੇ ਸੁਆਦ ਤੋਂ ਵਾਂਝੇ ਹੋ ਗਏ।

ਸਾਡੇ ਘਰ ਦੀ ਸੱਜੀ ਵੱਖੀ ਵਿਚ ਵੱਸਦਾ ਹੈ ਮਿਸਟਰ ਵਰਮਾ। ਕੋਈ ਸਮਾਂ ਸੀ, ਜਦੋਂ ਸਾਡੇ ਦੋਹਾਂ ਦੇ ਪਰਿਵਾਰਾਂ ਦੀ ਸਾਂਝ ਵਿਚ ਦੀ ਸੂਈ ਵੀ ਨਹੀਂ ਸੀ ਲੰਘ ਸਕਦੀ। ਪਰ ਸਾਡੇ ਇਸ ਪਿਆਰ ਨੂੰ ਕਿਸੇ ਦੀ ਐਸੀ ਨਜ਼ਰ ਲੱਗੀ ਕਿ ਦੋਹਾਂ ਘਰਾਂ ਦੀਆਂ ਔਰਤਾਂ ਦੀ 'ਮੇਹਰਬਾਨੀ' ਸਦਕਾ ਇਸ ਪੀਡੀ ਸਾਂਝ ਦੀਆਂ ਤੰਦਾਂ ਆਪਸ ਵਿਚ ਹੀ ਉਲਝ ਕੇ ਰਹਿ ਗਈਆਂ। ਇਸ ਉਲਝਾਅ ਦਾ ਖ਼ਮਿਆਜ਼ਾ ਸਾਨੂੰ ਉਸ ਵਕਤ ਭੁਗਤਣਾ ਪਿਆ, ਜਦੋਂ ਸਾਡੀ ਡਿਊਟੀ ਇਕ ਵਾਰ ਆਟਾ-ਦਾਲ ਦੇ ਸਰਵੇਖਣ ਲਈ ਦੂਰ-ਦੁਰਾਡੇ ਲੱਗ ਗਈ। ਜਿਸ ਮਹਿਕਮੇ ਵੱਲੋਂ ਸਾਡੀ ਇਹ ਡਿਊਟੀ ਲਗਾਈ ਗਈ ਸੀ, ਮਿਸਟਰ ਸ਼ਰਮਾ ਉਸ ਦਾ ਇੱਕ ਅਹਿਮ ਅੰਗ ਸੀ ਪਰ ਪਰਿਵਾਰਕ ਉਲਝਾਅ ਅਤੇ ਆਪਣੀ ਹਊਮੈ ਦੇ ਕਾਰਨ ਅਸੀਂ ਉਸ ਦੇ ਮੱਥੇ ਲੱਗਣਾ ਵੀ ਗਵਾਰਾ ਨਹੀਂ ਸਮਝਿਆ। ਤੇ ਸਾਡੀ ਇਸ ਸਮਝ ਨੇ ਸਾਨੂੰ ਇਕ ਮਹੀਨਾ ਰੋਜ਼ਾਨਾ ਚਾਲੀ ਕਿਲੋਮੀਟਰ (ਆਉਣ-ਜਾਣ) ਸਾਇਕਲ ਚਲਾਉਣ ਲਈ ਮਜਬੂਰ ਕਰ ਦਿੱਤਾ। ਅਖੀਰ ਵਿਚ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਗੁਆਂਢੀਆਂ ਨਾਲ ਬਣੀ ਹੀ ਚੰਗੀ ਨਹੀਂ ਤਾਂ...........

# ਪੂੰਜੀਵਾਦੀ ਸਮਾਜ ਅੰਦਰ ਬੱਚਿਆਂ ਦੇ ਸ਼ੋਸ਼ਣ ਵਿਚ ਵਾਧਾ

ਰਾਜਿੰਦਰ ਕੌਰ ਚੋਹਕਾ
ਕੈਲਗਰੀ
91-98725-44738
001-403-285-4208
ਪੰਜਾਬ ਮੇਲ USA

ਸਾਲ 1959 ਨੂੰ, ਕੋਈ ਅੱਜ ਤੋਂ 66 ਸਾਲ ਪਹਿਲਾਂ ਸੰਯੁਕਤ ਰਾਸ਼ਟਰ ਸੰਘ ਦੀ ਮਹਾਂਸਭਾ ਵੱਲ 'ਜੇਨੇਵਾ' ਵਿਚ ਇਕ ਮਤਾ ਪਾਸ ਕਰਕੇ ਬਾਲ ਅਧਿਕਾਰਾਂ ਦੀ ਰੱਖਿਆ ਦਾ ਇਕ ਪ੍ਰਸਤਾਵ ਪਾਸ ਕੀਤਾ ਸੀ। ਜਿਸ ਵਿਚ ਬੱਚੇ ਦੇ ਦਸ ਅਧਿਕਾਰਾਂ ਵੱਲ ਵਿਸ਼ੇਸ਼ ਤੌਰ 'ਤੇ ਧਿਆਨ ਦੇਣ ਦਾ ਫੈਸਲਾ ਕੀਤਾ ਗਿਆ ਸੀ। "ਮਾਂ ਅਤੇ ਕੌਮੀਅਤ, ਮਾਤਾ-ਪਿਤਾ ਅਤੇ ਪਰਿਵਾਰ ਦੀ ਉਨ੍ਹਾਂ ਪ੍ਰਤੀ ਜ਼ਿੰਮੇਵਾਰੀ, ਪੌਸ਼ਟਿਕ ਭੋਜਨ, ਨਸਲ, ਰੰਗ, ਭਾਸ਼ਾ, ਖੇਡਾਂ ਦੀ ਸੁਰੱਖਿਅਤਾ, ਅਨਾਥ ਅਤੇ ਮਾਨਸਿਕ ਬੀਮਾਰੀਆਂ ਵਾਲੇ ਹਾਲਾਤ ਦੇ ਬੱਚਿਆਂ ਨੂੰ ਵਿਸ਼ੇਸ਼ ਸਹੂਲਤਾਂ ਮੁਹੱਈਆ ਕਰਨ ਦਾ ਟੀਚਾ ਮਿੱਥਿਆ ਗਿਆ ਸੀ।" ਇਸ ਦੇ ਬਾਵਜੂਦ ਵੀ ਅੱਜ ਲੱਖਾਂ ਬੱਚੇ, ਭੁੱਖਮਰੀ ਦਾ ਸ਼ਿਕਾਰ ਹਨ। ਗਰੀਬੀ ਅਤੇ ਅਨਪੜ੍ਹਤਾ ਦੇ ਹੋਣ ਕਾਰਨ ਉਨ੍ਹਾਂ ਨੂੰ ਪੇਟ ਦੀ ਭੁੱਖ ਮਿਟਾਉਣ ਲਈ ਛੋਟੀ ਉਮਰ ਵਿਚ ਹੀ ਮਿਹਨਤ ਮਜ਼ਦੂਰੀ ਕਰਨੀ ਪੈ ਰਹੀ ਹੈ।

ਸੰਯੁਕਤ ਰਾਸ਼ਟਰ ਵੱਲੋਂ 1979 ਦਾ ਦਾ ਵਰ੍ਹਾ ਅੰਤਰਰਾਸ਼ਟਰੀ ਬਾਲ ਵਰ੍ਹੇ ਦੇ ਰੂਪ 'ਚ ਸਾਰੇ ਵਿਸ਼ਵ ਵਿਚ ਮਨਾਉਣ ਦਾ ਫੈਸਲਾ ਵੀ ਲਿਆ ਗਿਆ ਸੀ ਅਤੇ ਦੇਸ਼ ਦਾ ਭਵਿੱਖ ਵੀ ਯਕੀਨੀ ਬਨਾਉਣ ਦਾ ਨਾਅਰਾ ਦਿੱਤਾ ਗਿਆ ਸੀ। ਪਰ ਅਫ਼ਸੋਸ ਹੈ ਕਿ ਸਾਲ 2015 ਤੱਕ ਉਪਰੋਕਤ ਦੱਸ ਬਾਲ ਅਧਿਕਾਰਾਂ ਦੀ ਪੂਰਤੀ ਤਾਂ ਕੀ ਹੋਣੀ ਸੀ, ਸਗੋਂ ਮੌਜੂਦਾ ਪੂੰਜੀਵਾਦੀ-ਉਦਾਰਵਾਦੀ ਵਿਕਾਸ ਦੇ ਰਾਹ 'ਤੇ ਚੱਲ ਰਹੀ ਸੰਸਾਰ ਅਰਥਵਿਵਸਥਾ ਅੰਦਰ ਵੱਧ ਰਹੀਆਂ ਆਰਥਿਕ ਅਸਮਾਨਤਾਵਾਂ ਨੇ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਅਤੇ ਕੁਪੋਸ਼ਣ ਨੂੰ ਜਨਮ ਦਿੱਤਾ ਹੈ। ਜਿਸ ਦੇ ਚਲਦੇ ਮਨੁੱਖੀ ਸ਼ੋਸ਼ਣ ਵਿਚ ਹੋਰ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਸ ਦਾ ਵੱਧ ਸ਼ਿਕਾਰ ਕਿਰਤੀ ਜਮਾਤ, ਇਸਤਰੀਆਂ ਅਤੇ ਬੱਚਿਆਂ ਦੀ ਦੋਹਰੀ ਲੁੱਟ-ਖਸੁੱਟ ਹੋ ਰਹੀ ਹੈ। ਪਰ ਅਫਸੋਸ ਹੈ, ਕਿ "ਅੱਜ ਬੱਚਿਆਂ ਦੀ ਜਿਹੜੀ ਸਥਿਤੀ ਵਿਸ਼ਵ ਅਤੇ ਵਿਸ਼ੇਸ਼ ਤੌਰ 'ਤੇ ਵਿਕਾਸਸ਼ੀਲ ਦੇਸ਼ਾਂ ਵਿਚ 'ਤੇ ਖਾਸ ਕਰਕੇ ਭਾਰਤ ਵਿਚ ਨਜ਼ਰ ਆ ਰਹੀ ਹੈ, ਉਸ ਨੂੰ ਦੇਖ ਕੇ ਲੱਗਦਾ ਹੈ ਕਿ 'ਬਾਲ ਅਧਿਕਾਰ' ਸਿਰਫ਼ ਕਾਗਜ਼ਾਂ ਵਿਚ ਹੀ ਕੈਦ ਹੋ ਕੇ ਰਹਿ ਗਏ ਹਨ"। ਭੁੱਖੇ ਰਹਿਣ ਵਾਲੇ ਲੋਕਾਂ ਵਿਚੋਂ 60 ਫੀਸਦੀ ਇਸਤਰੀਆਂ, ਕੁੜੀਆਂ ਅਤੇ ਬੱਚੇ ਹਨ, ਜਿਨ੍ਹਾਂ ਨੂੰ ਭੁੱਖ ਅਤੇ ਗਰੀਬੀ ਗੁਰਬਤ ਨਾਲ ਜੂਝਣਾ ਪੈ ਰਿਹਾ ਹੈ। ਜੋ ਅੱਜ ਦੁਨੀਆਂ ਦੇ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਅੰਦਰ ਸਭ ਤੋਂ ਵੱਧ ਸ਼ੋਸ਼ਣ ਦਾ ਸ਼ਿਕਾਰ ਹਨ।

ਭਾਵੇਂ ਸੰਯੁਕਤ ਰਾਸ਼ਟਰ ਅੰਦਰ ਸਰਕਾਰ ਨੇ ਮੰਨਿਆ ਸੀ ਕਿ ਸਾਲ 2025 ਤੱਕ ਕਿਰਤ ਨਾਲ ਸਬੰਧਿਤ ਬੱਚਿਆਂ ਦੇ ਜੀਵਨ ਵਿਚ ਸੁਧਾਰ ਲਿਆਂਦਾ ਜਾਵੇਗਾ! ਪਰ ਫਿਰ ਵੀ 13.8 ਕਰੋੜ ਬੱਚੇ ਕੰਮ ਕਰ ਰਹੇ ਹਨ, 'ਕੌਮਾਂਤਰੀ ਕਿਰਤ ਸੰਸਥਾ ਅਤੇ ਬੱਚਾ ਕਿਰਤ' ਵਿਭਾਗ (ਯੂਨੀਸੇਫ) ਦੀ ਰਿਪੋਰਟ ਮੁਤਾਬਿਕ 59 ਕਰੋੜ ਲੜਕੀਆਂ ਅਤੇ 78 ਕਰੋੜ ਲੜਕੇ ਤੇ ਬਾਕੀ ਛੋਟੇ ਬੱਚੇ ਕੰਮ ਕਰ ਰਹੇ ਹਨ। ਅੱਜ ਬੱਚਿਆਂ ਦੇ ਨਾਲ ਵੱਧ ਰਹੇ ਯੌਨ, ਅਪਰਾਧਿਕ ਮਾਮਲਿਆਂ ਵਿਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਹਰ ਤਿੰਨਾਂ ਬੱਚਿਆਂ ਵਿਚ ਇਕ ਬੱਚਾ ਯੌਨ ਅਪਰਾਧ ਦਾ ਸ਼ਿਕਾਰ ਹੈ। ਬੱਚਿਆਂ ਨਾਲ ਇਨ੍ਹਾਂ ਅਪਰਾਧਾਂ ਵਿਚ (ਯੌਨ ਅਪਰਾਧਾਂ) ਵਿਚ 94 ਫੀਸਦੀ ਦਾ ਵਾਧਾ ਹੋਇਆ ਹੈ। ਸਭ ਤੋਂ ਵੱਧ ਅਪਰਾਧ ਵਿਕਾਸਸ਼ੀਲ ਦੇਸ਼ਾਂ ਦੱਖਣੀ ਏਸ਼ਆਈ ਦੇਸ਼ਾਂ ਭਾਰਤ, ਨੇਪਾਲ 'ਤੇ ਸ਼੍ਰੀ ਲੰਕਾਂ ਵਿਚ ਹੋ ਰਹੇ ਹਨ।

ਸੰਯੁਕਤ ਰਾਸ਼ਟਰ ਵੱਲ ਕੀਤੇ ਸਰਵੇਖਣ ਅਨੁਸਾਰ ਭਾਰਤ, ਨੇਪਾਲ ਅਤੇ ਸ਼੍ਰੀ ਲੰਕਾ ਦੇ ਪ੍ਰਤੀਨਿੱਧੀਆਂ ਵੱਲੋਂ ਜਾਰੀ ਸਰਵੇਖਣ ਦੇ ਅੰਕੜਿਆਂ ਮੁਤਾਬਿਕ,



**ਭਾਵੇਂ ਸੰਯੁਕਤ ਰਾਸ਼ਟਰ ਅੰਦਰ ਸਰਕਾਰ ਨੇ ਮੰਨਿਆ ਸੀ ਕਿ ਸਾਲ 2025 ਤੱਕ ਕਿਰਤ ਨਾਲ ਸਬੰਧਿਤ ਬੱਚਿਆਂ ਦੇ ਜੀਵਨ ਵਿਚ ਸੁਧਾਰ ਲਿਆਂਦਾ ਜਾਵੇਗਾ! ਪਰ ਫਿਰ ਵੀ 13 .8 ਕਰੋੜ ਬੱਚੇ ਕੰਮ ਕਰ ਰਹੇ ਹਨ, 'ਕੌਮਾਂਤਰੀ ਕਿਰਤ ਸੰਸਥਾ ਅਤੇ ਬੱਚਾ ਕਿਰਤ' ਵਿਭਾਗ (ਯੂਨੀਸੇਫ) ਦੀ ਰਿਪੋਰਟ ਮੁਤਾਬਿਕ 59 ਕਰੋੜ ਲੜਕੀਆਂ ਅਤੇ 78 ਕਰੋੜ ਲੜਕੇ ਤੇ ਬਾਕੀ ਛੋਟੇ ਬੱਚੇ ਕੰਮ ਕਰ ਰਹੇ ਹਨ। ਅੱਜ ਬੱਚਿਆਂ ਦੇ ਨਾਲ ਵੱਧ ਰਹੇ ਯੌਨ, ਅਪਰਾਧਿਕ ਮਾਮਲਿਆਂ ਵਿਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਹਰ ਤਿੰਨਾਂ ਬੱਚਿਆਂ ਵਿਚ ਇਕ ਬੱਚਾ ਯੌਨ ਅਪਰਾਧ ਦਾ ਸ਼ਿਕਾਰ ਹੈ। ਬੱਚਿਆਂ ਨਾਲ ਇਨ੍ਹਾਂ ਅਪਰਾਧਾਂ ਵਿਚ (ਯੌਨ ਅਪਰਾਧਾਂ) ਵਿਚ 94 ਫੀਸਦੀ ਦਾ ਵਾਧਾ ਹੋਇਆ ਹੈ।**

ਇਨ੍ਹਾਂ ਤਿੰਨਾਂ ਦੇਸ਼ਾਂ ਵਿਚ ਇਕ ਬੱਚਾ (12.5 ਫੀਸਦੀ) 18 ਸਾਲਾਂ ਦੇ ਬਾਲਗ ਹੋਣ ਤੱਕ ਯੌਨ ਅਪਰਾਧ ਜਾਂ ਬਲਾਤਕਾਰ ਦਾ ਸ਼ਿਕਾਰ ਹੁੰਦਾ ਹੈ, ਜਾਂ ਹੋ ਜਾਂਦਾ ਹੈ। ਇਨ੍ਹਾਂ ਤਿੰਨਾਂ ਦੇਸ਼ਾਂ ਵਿਚ ਲਗਭਗ 5.4 ਕਰੋੜ ਬੱਚੇ ਹਨ। ਦੱਖਣੀ ਏਸ਼ੀਆ ਵਿਚ 2024 ਵਿਚ ਬਾਲ ਯੌਨ ਸ਼ੋਸ਼ਣ (ਸੀ.ਐੱਸ.ਏ.ਐੱਮ.) ਦੀਆਂ ਜ਼ਿਆਦਾਤਰ ਸ਼ਿਕਾਇਤਾਂ ਭਾਰਤ, ਬੰਗਲਾਦੇਸ਼ ਅਤੇ ਪਾਕਿਸਤਾਨ ਵਿਚ ਦਰਜ ਕੀਤੀਆਂ ਗਈਆਂ ਸਨ। ਜਿਨ੍ਹਾਂ ਵਿਚੋਂ ਸਿਰਫ਼ ਭਾਰਤ ਵਿਚ ਹੀ 22.5 ਲੱਖ ਮਾਮਲੇ ਦਰਜ ਕੀਤੇ ਗਏ ਸਨ। ਜਦਕਿ ਇਸ ਖੇਤਰ ਵਿਚ ਭਾਰਤ ਵਿਚ ਸੀ.ਐੱਸ.ਏ.ਐੱਮ ਦੀ ਰੋਕ ਕਾਰਨ ਅੰਕੜਿਆਂ ਦੀ ਦਰ ਸਭ ਤੋਂ ਘੱਟ ਹੈ। (ਪ੍ਰਤੀ ਦਸ ਹਜ਼ਾਰ ਲੋਕਾਂ 'ਚ 15.5 ਸ਼ਿਕਾਇਤਾਂ) ਜੋ ਮਜ਼ਬੂਤ ਅਤੇ ਰਿਪੋਰਟਿੰਗ ਪ੍ਰਣਾਲੀਆ ਦਾ ਸੰਕੇਤ ਦਿੰਦੀਆਂ ਹਨ।

ਭਾਰਤ ਵਿਚ 2017 ਅਤੇ 2022 ਦੇ ਵਿਚ ਸਮੇਂ ਦੌਰਾਨ "ਪਾਕਸੋ ਕਾਨੂੰਨ" ਦੇ ਮੁਤਾਬਿਕ ਬੱਚਿਆਂ ਦੇ ਖਿਲਾਫ਼ ਦਰਜ ਕੀਤੇ ਗਏ ਯੌਨ ਅਪਰਾਧਾਂ ਵਿਚ 94 ਫੀਸਦੀ ਦਾ ਵਾਧਾ ਹੋਇਆ ਹੈ, ਜੋ ਵੱਧ ਕੇ 33,210 ਤੋਂ 64,469 ਤੱਕ ਪੁੱਜ ਗਿਆ ਹੈ। ਜਦਕਿ ਇਸ ਸਮੇਂ ਦੌਰਾਨ ਵੱਧ ਰਹੀ ਜਨਸੰਖਿਆ ਦੇ ਬਾਵਜੂਦ ਵੀ ਰੋਕਥਾਮ ਦਰ 90 ਫੀਸਦੀ ਤੋਂ ਉਪਰ ਤੱਕ ਹੀ ਬਣੀ ਹੋਈ ਹੈ, ਜੋ ਮਜ਼ਬੂਤ ਪ੍ਰੀਵਰਤਨ ਅਤੇ ਰਿਪਰੋਟਿੰਗ ਤੰਤਰ ਦਾ ਸੰਕੇਤ ਕਰਦੀ ਹੈ। ਜੋ ਨਵੀਂ ਰਿਪੋਰਟ ਸੀ ਉਹ ਸਾਹਮਣੇ ਆਈ ਹੈ। ਪਰ ਜ਼ਮੀਨੀ ਸਤਿਹ 'ਤੇ ਅਜਿਹਾ ਨਜ਼ਰ ਨਹੀਂ ਆਉਂਦਾ ਹੈ। (ਐਡਨਵਰਗ ਵਿਸ਼ਵਵਿਧਾਲਿਆ ਅਤੇ ਨਿਊ ਸਾਊਥ ਵੇਲਸ ਵਿਸ਼ਵਵਿਧਾਲਿਆ) ਵਲੋਂ ਜਾਰੀ ਕੀਤੀ ਗਈ ਅਤੇ ਸੰਚਾਲਿਤ ਰਿਪੋਰਟ ਜੋ "ਚਾਡੀਲਡ ਲਾਈਫ਼ ਗਲੋਬਲ ਚਾਈਲਡ ਸੇਫ਼ਟੀ ਇੰਸਟੀਚਿਊਟ ਹੈ" ਨੇ ਇਸ ਰਿਪੋਰਟ ਨੂੰ ਆਪਣੀ ਨਵੀਨਤਮ ਇੰਨ-ਟੂ ਦੀ ਲਾਈਟ ਇੰਡੈਕਸ-2025 ਦੇ ਨਿਰਪੱਖ ਅੰਕੜਿਆਂ ਨੂੰ ਵੀ ਜਾਰੀ ਕੀਤੀ ਗਿਆ ਹੈ। ਜਿਸ ਵਿਚ ਇਸ ਸਥਿਤੀ ਨੂੰ ਸੰਸਾਰ ਪੱਧਰ ਦੀ ਤ੍ਰਾਸਦੀ ਦੱਸਿਆ ਗਿਆ ਹੈ।

"ਇਨ-ਟੂ-ਦੀ-ਲਾਈਟ ਇੰਡੈਕਸ - 2025" ਦੇ ਅਨੁਸਾਰ ਭਾਰਤ ਵਿਚ 2017 ਅਤੇ 2022 ਦੇ ਵਿਚ ਪਾਕਸੋ (ਯੌਨ ਅਪਰਾਧਾਂ ਨਾਲ ਬੱਚਿਆਂ ਦਾ ਸਰੰਚਨਾ ਕਾਨੂੰਨ) ਦੇ ਤਹਿਤ ਬੱਚਿਆਂ ਦੇ ਖਿਲਾਫ ਦਰਜ ਯੌਨ ਸ਼ੋਸ਼ਣ ਦੇ ਅਪਰਾਧਾਂ ਵਿਚ 94 ਫੀਸਦੀ ਦਾ ਵਾਧਾ ਹੋਇਆ ਹੈ। ਬਾਲ ਯੌਨ ਸ਼ੋਸ਼ਣ ਅਤੇ ਦੁਰਵਿਵਹਾਰਾਂ ਦੀ ਉਪਲਬਧਤਾ, ਅੰਕੜਿਆਂ ਦੀ ਸੋਧਾਈ ਦੇ ਕਾਰਨ ਭਾਰਤ ਦੱਖਣੀ ਏਸ਼ੀਆ 'ਚ ਮਾੜੀ ਹਾਲਤ ਲਈ ਸਭ ਤੋਂ ਅੱਗੇ ਸੀ, ਜੋ ਵਿਕਸਿਤ ਹੋਣ ਲਈ ਦੁਨੀਆਂ ਅੰਦਰ ਅੱਗੇ ਆਉਣ ਲਈ ਹੱਥ-ਪੈਰ ਮਾਰ ਰਿਹਾ ਹੈ।

ਅਪਰਾਧਿਕ ਮਾਮਲਿਆਂ ਦੇ ਅੰਕੜਿਆਂ 'ਚ ਪਾਰਦਰਸ਼ਤਾ ਲਈ ਵੱਧ ਤੋਂ ਵੱਧ ਪ੍ਰਭਾਵੀ ਨਿਗਰਾਨੀ ਅਤੇ ਤੇਜ਼ ਕਾਰਵਾਈ ਹੀ ਸੰਭਵ ਹੋ ਸਕਦੀ ਹੈ। ਭਾਰਤ, ਨੇਪਾਲ ਅਤੇ ਸ਼੍ਰੀ ਲੰਕਾ ਦੇ ਪ੍ਰਤੀਨਿਧੀ ਅੰਕੜੇ ਦੱਸਦੇ ਹਨ ਕਿ ਇਨ੍ਹਾਂ ਤਿੰਨਾਂ ਦੇਸ਼ਾਂ ਵਿਚ ਲਗਭਗ 8 ਵਿਚੋਂ ਇਕ ਬੱਚਾ (12.5 ਫੀਸਦ) 18 ਸਾਲ ਦੀ ਉਮਰ ਪੂਰੀ ਹੋਣ ਤੱਕ ਯੌਨ ਉਤਪੀੜਨ ਜਾਂ ਬਲਾਤਕਾਰ ਦੀ ਸ਼ਿਕਾਇਤ ਦਰਜ ਕਰਵਾਉਂਦਾ ਹੈ।

ਇਨ੍ਹਾਂ ਤਿੰਨਾਂ ਦੇਸ਼ ਵਿਚ ਲਗਭਗ 5.4 ਕਰੋੜ ਬੱਚੇ ਹਨ। ਦੱਖਣੀ ਏਸ਼ੀਆ 'ਚ 2024 ਵਿਚ 'ਬਾਲ ਯੌਨ ਸਮੱਗਰੀ' 'ਸੀ.ਐੱਸ.ਏ.ਐੱਮ' ਦੀਆਂ ਜ਼ਿਆਦਾ ਸ਼ਿਕਾਇਤਾਂ ਭਾਰਤ, ਬੰਗਲਾਦੇਸ਼ ਤੇ ਪਾਕਿਸਤਾਨ ਵਿਚ ਹੀ ਦਰਜ ਕੀਤੀਆਂ ਗਈਆਂ! ਜਿਨ੍ਹਾਂ ਵਿਚ ਇਕੱਲੇ ਭਾਰਤ ਵਿਚ ਹੀ 22.5 ਲੱਖ ਮਾਮਲੇ ਦਰਜ ਹੋਏ। ਜਦਕਿ ਭਾਰਤ ਵਿਚ 'ਸੀ.ਐੱਸ.ਏ.ਐਮ' ਦੀ ਉਪੱਲਭਤਾ ਦਰ ਸਭ ਤੋਂ ਘੱਟ ਹੈ। (ਪ੍ਰਤੀ 10,000, ਲੋਕਾਂ ਤੋਂ 15.5 ਫੀਸਦ ਸ਼ਿਕਾਇਤਾਂ) ਜੋ ਮਜ਼ਬੂਤ ਪਹਿਚਾਣ ਅਤੇ ਰਿਪੋਰਟਿੰਗ ਪ੍ਰਣਾਲੀਆਂ ਦਾ ਸੰਕੇਤ ਦਿੰਦੀ ਹੈ। ਇਨ੍ਹਾਂ ਵਿਚ ਬੱਚਿਆਂ ਨਾਲ ਸਬੰਧਿਤ ਯੌਨ ਸ਼ੋਸ਼ਣ ਸਮੱਗਰੀ ਤਿਆਰ ਕਰਨ ਅਤੇ ਉਨ੍ਹਾਂ ਦਾ ਪ੍ਰਸਾਰ ਕਰਨ ਲਈ ਬਨਾਵਟੀ ਬੌਧਿਕਤਾ ਦੇ ਦੁਰ-ਉਪਯੋਗ ਵਿਚ ਹੋਰ ਹੋਣ ਦੀ ਵੀ ਚਿਤਾਵਨੀ ਦਿੱਤੀ ਗਈ ਹੈ।

ਇਨ੍ਹਾਂ ਵਿਚੋਂ 2023 ਅਤੇ 2024 ਦੇ ਵਿਚਕਾਰ ਬਨਾਵਟੀ ਬੌਧਿਕਤਾ ਦੁਆਰਾ ਉਤਪਨ ਸੀ.ਐੱਸ.ਏ.ਐੱਮ. 1,325 ਫੀਸਦੀ ਦੇ ਵਾਧੇ ਵੱਲ ਵੀ ਧਿਆਨ ਦਿਵਾਇਆ ਗਿਆ ਹੈ।

ਇਸ ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਪ੍ਰਮੁੱਖ ਕਾਰਪੋਰੇਟੀ ਕੰਪਨੀਆਂ ਦੁਆਰਾ ਸੰਸਾਰੀਕਰਨ ਨਾਲ ਪ੍ਰੇਰਿਤ ਜਿਨ੍ਹਾਂ ਵਿਚ ਬਿਨ੍ਹਾਂ ਸੁਰੱਖਿਆ ਉਪਾਵਾਂ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤੱਕ ਖ਼ਤਰਾ ਸ਼ਾਮਲ ਹੈ। ਇਹੋ ਜਿਹੇ ਅਪਰਾਧਾਂ ਦਾ ਪਤਾ ਲਗਾਉਣਾ ਅਤੇ ਉਨ੍ਹਾਂ ਨੂੰ ਰੋਕਣਾ ਹੋਰ ਵੀ ਕਠਿਨ ਬਣਾ ਰਹੇ ਹਨ। ਚਾਈਲਡ ਲਾਈਟ ਦੇ ਸੀ.ਈ.ਓ. ਅਤੇ ਇੰਟਰਪੋਲ ਦੇ ਸਾਬਕਾ ਨਿਰਦੇਸ਼ਕ "ਪਾਸਲਟੈਨ ਫ਼ੀਲਫ" ਨੇ ਕਿਹਾ ਹੈ ਕਿ "ਪ੍ਰਤੀਨਿਧਾਂ ਵੱਲੋਂ ਮਿਲ ਕੇ ਕੀਤਾ ਗਿਆ ਬੱਚਿਆਂ ਨਾਲ ਦੁਰਵਿਵਹਾਰ ਅਜੇ ਵੀ ਵਿਆਪਕ ਰੂਪ ਦੇ ਨਾਲ ਦਿਸ ਰਿਹਾ ਹੈ। ਉਨ੍ਹਾਂ ਦਾ ਸਨਮਾਨ, ਇੱਜ਼ਤ ਅਤੇ ਭਵਿੱਖ ਖੋਹ ਲਿਆ ਗਿਆ ਹੈ। ਹਰ ਅੰਕੜੇ ਦੇ ਪਿੱਛੇ ਇਕ ਬੱਚਾ ਹੈ। ਜੇਕਰ ਸਰਕਾਰ ਹੁਣੇ ਹੀ ਕੋਈ ਕਾਰਵਾਈ ਕਰੇ, ਤਾਂ ਬੱਚਿਆਂ ਉਪਰ ਆ ਰਹੇ ਸੰਕਟ ਨੂੰ ਰੋਕਿਆ ਜਾ ਸਕਦਾ ਹੈ।"

ਇਸ ਰਿਪੋਰਟ ਵਿਚ ਸਾਰੇ ਦੇਸ਼ਾਂ ਦੇ ਬੱਚਿਆਂ ਦੇ ਹੋ ਰਹੇ ਯੌਨ ਸ਼ੋਸ਼ਣ ਅਤੇ ਦੁਰਵਿਵਹਾਰ ਨੂੰ ਇਕ ਸਾਰਵਜਨਿਕ ਦੇ ਰੂਪ ਵਿਚ ਦੇਖਣ ਦਾ ਮੌਕਾ ਦਿੱਤਾ ਗਿਆ ਹੈ। ਐੱਚ.ਆਈ.ਵੀ./ਏਡਜ਼ ਅਤੇ ਕੋਵਿਡ-19, ਇਹ ਰਿਪੋਰਟ ਸੰਸਾਰ ਪੱਧਰ 'ਤੇ ਕਾਰਜਕਾਰੀ ਦੀਆਂ ਸਰਗਰਮੀਆਂ ਦੇ ਰੂਪ ਵਿਚ ਦੇਖੀ ਗਈ ਹੈ ਅਤੇ ਤੁਰੰਤ ਅਗਾਹ ਕੀਤਾ ਗਿਆ ਹੈ। "ਪਾਲਸਟੈਲ ਫ਼ੀਲਡ" ਨੇ ਕਿਹਾ ਹੈ ਕਿ ਦੁਰਵਿਵਹਾਰ ਲੋਕਾਂ ਦੀ ਸੋਚ ਤੋਂ ਬਹੁਤ ਨੇੜੇ ਹੈ। ਜਦੋਂ ਅਸੀਂ ਇਸ ਨੂੰ ਰੋਕਦੇ ਹਾਂ, ਤਾਂ ਅਸੀਂ ਤੰਦਰੁਸਤ ਜੀਵਨ ਅਤੇ ਮਜ਼ਬੂਤ ਭਾਈਚਾਰੇ ਨੂੰ ਸਾਹਮਣੇ ਪੇਸ਼ ਕਰਦੇ ਰਹੇ। ਕਿਉਂਕਿ ਇਸ ਅੰਦਰ ਬਾਲ ਸ਼ੋਸ਼ਣ ਮੌਜੂਦ ਹੈ। ਇਸ ਨੂੰ ਰਹਿਣ ਦਿੱਤਾ ਅਤੇ ਹਉ-ਪਰੇ ਕਰ ਦਿੱਤਾ ਜਾਂਦਾ ਹੈ। ਪਰ ਜੇਕਰ ਸਰਕਾਰ ਦੀ 'ਇੱਛਾ ਸ਼ਕਤੀ' ਹੋਵੇ ਤਾਂ ਇਨ੍ਹਾਂ ਬਾਲਾਂ ਨਾਲ ਹੋ ਰਹੇ ਅਪਰਾਧਿਕ ਮਾਮਲਿਆਂ ਤੇ ਯੌਨ ਸ਼ੋਸ਼ਣ ਨੂੰ ਰੋਕਿਆ ਵੀ ਜਾ ਸਕਦਾ ਹੈ। ਇਸ ਕਾਰਵਾਈ ਦਾ ਸਮਾਂ ਅਜੇ ਵੀ ਹੈ। ਇਸ ਨੂੰ ਹੁਣ ਹੋਰ ਵਧਣ ਦੇ ਲਈ ਸਰਕਾਰ ਨੂੰ ਇੰਤਜ਼ਾਰ ਨਹੀਂ ਕਰਨਾ ਚਾਹੀਦਾ ਹੈ।

ਬੱਚਿਆਂ ਦਾ ਸ਼ੋਸ਼ਣ ਰੋਕਣ ਲਈ ਹਰ ਦੇਸ਼ ਅੰਦਰ ਤਿੱਖੀਆਂ ਸਮਾਜਿਕ ਅਤੇ ਆਰਥਿਕ ਤਬਦੀਲੀਆਂ ਦੀ ਲੋੜ ਹੈ। ਜਿੰਨੀ ਦੇਰ ਦੇਸ਼ 'ਚ ਬੱਚਿਆਂ ਨੂੰ ਮੁੱਢਲੀਆਂ ਸਹੂਲਤਾਂ ਨਹੀਂ ਮਿਲਦੀਆਂ, ਇਹ ਬਚਪਨ ਤਰੱਕੀ ਨਹੀਂ ਕਰ ਸਕਦਾ। ਭਾਵੇਂ ! ਬੱਚਿਆਂ ਬਾਰੇ ਸੰਵਿਧਾਨ ਦੀ ਧਾਰਾ (39)-ਐੱਫ ਹਿੱਸਾ ਚੌਥਾ 'ਚ ਇਹ ਗਾਰੰਟੀ ਹੈ "ਕਿ ਕੀ ਬੱਚਿਆਂ ਨੂੰ ਚੰਗੇ ਮਾਹੌਲ ਵਿਚ ਅਤੇ ਅਜ਼ਾਦੀ ਦੀਆਂ ਹਾਲਾਤਾਂ ਵਿਚ ਮਾਣ ਨਾਲ ਉੱਚਾ ਉੱਠਣ ਲਈ ਕੀ ਸਰਕਾਰ ਵਲੋਂ ਪੂਰੇ-ਪੂਰੇ ਮੌਕੇ ਅਤੇ ਸਹੂਲਤਾਂ ਦਿੱਤੀਆਂ ਜਾ ਰਹੀ ਹਨ? ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਕਿਤੇ ਉਨ੍ਹਾਂ ਦਾ ਬਚਪਨ ਅਤੇ ਜਵਾਨੀ ਦੀ ਲੁੱਟ-ਖਸੁੱਟ ਤਾਂ ਨਹੀਂ ਹੋ ਰਹੀ ਹੈ।" ਸੰਵਿਧਾਨ ਦੀ ਧਾਰਾ (45) ਹਿੱਸਾ ਚਾਰ ਵਿਚ ਅੰਕਿਤ ਹੈ ਕਿ ਸਰਕਾਰ ਹਰ ਹੀਲਾ ਵਰਤੇਗੀ ਕਿ ਹਰ ਬੱਚੇ ਨੂੰ ਮੁਫਤ ਤੇ ਲਾਜ਼ਮੀ ਵਿਦਿਆ ਦਿੱਤੀ ਜਾਵੇ। ਜਦ ਤੱਕ ਬੱਚਾ 14 ਸਾਲ ਦਾ ਨਹੀਂ ਹੋ ਜਾਂਦਾ। ਪਰ ਦੇਸ਼ ਵਿਚ ਉਹ ਬੱਚੇ ਹਨ, ਜੋ ਗਰੀਬੀ ਤੇ ਦੂਸਰੇ ਕਾਰਨਾਂ ਕਰਕੇ ਸਕੂਲ ਨਹੀਂ ਜਾ ਸਕਦੇ। ਉਨ੍ਹਾਂ ਨੂੰ ਰੱਜਵੀਂ ਰੋਟੀ ਤੇ ਪੂਰੀ ਖੁਰਾਕ ਹੀ ਨਹੀਂ ਮਿਲ ਰਹੀ। ਅੱਜ ਦੁਨੀਆਂ ਭਰ ਦੇ 13.8 ਕਰੋੜ ਬੱਚਿਆਂ ਨੂੰ ਖਰਾਬ ਹਾਲਤਾਂ ਵਿਚ ਕੰਮ ਕਰਨਾ ਪੈ ਰਿਹਾ ਹੈ। 27.2 ਕਰੋੜ ਬੱਚੇ ਸਿੱਖਿਆ ਤੋਂ ਵਾਂਝੇ ਹਨ, 11.8 ਕਰੋੜ ਬੱਚੇ ਭੁੱਖਮਰੀ ਦਾ ਸ਼ਿਕਾਰ ਹਨ। ਉਹ ਦੇਸ਼ ਕੀ ਤਰੱਕੀ ਕਰ ਸਕਣਗੇ? ਇਹ ਸਾਡੇ ਸਾਹਮਣੇ ਸਵਾਲ ਹੈ?

ਬੱਚਿਆਂ ਨੂੰ ਨਰੋਇਆ ਜੀਵਨ ਦੇਣ ਲਈ ਬੱਚੇ ਦਾ ਜਨਮ ਤੇ ਵੱਡੇ ਹੋਣ ਤੱਕ ਉਸ ਦਾ ਪਾਲਣ-ਪੋਸ਼ਣ, ਸਿਹਤ, ਸਿੱਖਿਆ ਅਤੇ ਹੋਰ ਮੁੱਢਲੀਆਂ ਸਹੂਲਤਾਂ ਦੇਣੀਆਂ ਸਰਕਾਰ ਦੀਆਂ ਨੈਤਿਕ ਅਤੇ ਰਾਜਨੀਤਿਕ ਗਾਰੰਟੀ ਹੋਣੀ ਚਾਹੀਦੀ ਹੈ। ਹਰ ਇਕ ਲਈ ਖੁਰਾਕ, ਸਿੱਖਿਆ, ਰੁਜ਼ਗਾਰ ਅਤੇ ਕੰਮ ਦੀ ਗਾਰੰਟੀ ਹੋਣੀ ਚਾਹੀਦੀ ਹੈ। ਪਰ ਹਰ ਇਕ ਲਈ ਰੁਜ਼ਗਾਰ ਤੇ ਕੰਮ ਦੀ ਗਾਰੰਟੀ ਹੀ ਜੋ ਮਾਂ-ਬਾਪ ਨੂੰ ਸਥਿਰ ਰੁਜ਼ਗਾਰ ਦੇ ਕੇ ਬੱਚਿਆਂ ਦੀ ਵੱਧੀਆ ਪਰਵਰਿਸ਼, ਪਾਲਣ-ਪੋਸ਼ਣ ਅਤੇ ਸੁਖੀ ਜੀਵਨ ਵੱਲ ਵੱਧਣ ਦਾ ਮੌਕਾ ਪ੍ਰਦਾਨ ਕਰ ਸਕਦੀ ਹੈ। ਬੱਚੇ ਹੀ ਸਾਡੇ ਸਮਾਜ ਦਾ ਅਗਲਾ ਭਵਿੱਖ ਹੈ। ਜਿਸ ਤੋਂ ਵਧੀਆ ਸਮਾਜ ਦੀ ਸਿਰਜਣਾ ਹੋਣੀ ਹੈ। 'ਕਾਲ ਮਾਰਕਸ ਨੇ ਆਪਣੀ ਕਿਤਾਬ ਸਮਰਾਇਆ' ਵਿਚ ਵਰਨਣ ਕੀਤਾ ਹੈ, ਕਿ ਕਿਵੇਂ ਸਰਮਾਇਆ ਆਪਣੀ ਵਾਧੂ ਕਿਰਤ ਲਈ ਬਘਿਆੜ ਦੀ ਭੁੱਖ ਨੂੰ ਪੂਰਾ ਕਰਨ ਲਈ ਇਸਤਰੀਆਂ ਅਤੇ ਬੱਚਿਆਂ ਨੂੰ ਸਸਤੀ ਕਿਰਤ ਵਿਚ ਲਪੇਟ ਲੈਂਦਾ ਹੈ?' ਅੱਜ! ਅਜੋਕੇ ਸੰਸਾਰ ਅੰਦਰ ਵਧੀਆ ਭਵਿੱਖ ਪੂੰਜੀਵਾਦੀ ਸਿਸਟਮ ਅੰਦਰ ਨਹੀਂ ਉਸਰ ਸਕਦਾ! ਕਿਉਂਕਿ ਇਸ ਸਮਾਜ ਅੰਦਰ ਹਰ ਪਾਸੇ ਸ਼ੋਸ਼ਣ ਅਤੇ ਲੁੱਟ-ਖਸੁੱਟ ਦਾ ਹੀ ਅਲਾਪ ਹੋ ਰਿਹਾ ਹੈ? "ਇਹ ਸਦੀਵੀਂ ਤੇ ਸਥਿਰ ਤਜ਼ਰਬਾ ਹੈ" ਕਿ ਮਨੁੱਖ ਦੀ ਮੁਕਤੀ ਦਾ ਰਾਹ ਸਮਾਜਵਾਦ ਹੀ ਹੈ?

# ਸ੍ਰੀ ਗੁਰੂ ਤੇਗ ਬਹਾਦਰ ਜੀ

ਨੌਂਵੇਂ ਗੁਰੂ ਜੀ ਦੀਆਂ, ਆਓ ਕਰੀਏ ਕਹਾਣੀਆਂ,
ਧੰਨ ਧੰਨ ਕਹੀਏ ਨਾਲ਼ੇ, ਚੱਲੋ ਗਾਈਏ ਬਾਣੀਆਂ।
ਪਰਕਾਸ਼ ਸੀ ਗੁਰਾਂ ਨੇ, ਸ੍ਰੀ ਅੰਮ੍ਰਿਤਸਰ ਧਾਰਿਆ,
ਪਿਤਾ ਹਰਗੋਬਿੰਦ ਮਾਤਾ, ਨਾਨਕੀ ਦੇ ਦੁਲਾਰਿਆ।

ਪਹਿਲੀ ਅਪਰੈਲ ਸੋਲਾਂ ਸੌ, ਇੱਕੀ ਦੀ ਤਾਰੀਕ ਸੀ,
ਤਿਆਗ ਮੱਲ ਪਹਿਲਾ ਨਾਮ, ਬੜਾ ਹੀ ਸਟੀਕ ਸੀ।
ਛੇਵੇਂ ਗੁਰਾਂ ਦੇ ਪੰਜ ਪੁੱਤਰਾਂ 'ਚੋਂ, ਉਹ ਛੋਟੇ ਲਾਲ ਸੀ,
ਧਾਰਮਿਕ ਤੇ ਸ਼ਾਸਤਰ ਵਿੱਦਿਆ, ਪੜ੍ਹੀ ਕਮਾਲ ਸੀ।

ਮੁਗ਼ਲਾਂ ਨਾਲ ਜੰਗਾਂ ਵਿਚ, ਜਦੋਂ ਦਿਖਾਏ ਜੌਹਰ ਸੀ,
ਤੀਰ ਤੇਗਾਂ ਵਾਹੁੰਦੇ ਤੱਕਕੇ, ਮੁਗ਼ਲ ਹੋਏ ਭੌਰ ਭੌਰ ਸੀ।
ਖੁਸ਼ ਸੀ ਪਿਤਾ ਹਰਗੋਬਿੰਦ, ਮੈਦਾਨ-ਏ-ਜੰਗ ਦੇਖ ਕੇ,
ਬਖਸ਼ਿਆ ਖਿਤਾਬ, 'ਤੇਗ ਬਹਾਦਰ' ਦਾ ਢੰਗ ਦੇਖ ਕੇ।

ਤਿਆਗ ਮੱਲ ਤੋਂ ਫਿਰ, ਤੇਗ ਦੇ ਧਨੀ ਉਹ ਬਣ ਗਏ,
ਪਰ ਵੈਰਾਗ ਭਗਤੀ ਵਿਚ, ਬਾਬੇ ਬਕਾਲੇ ਠਣ ਗਏ।
ਬਣਾ ਲਿਆ ਸੀ ਗੁਰਾਂ ਨੇ, ਭੋਰਾ ਧਰਤੀ ਦੇ ਹੇਠ ਸੀ,
ਲੀਨ ਹੋਏ ਪ੍ਰਭੂ ਭਗਤੀ 'ਚ, ਚੌਂਕੜਾ ਮਾਰ ਬੈਠ ਸੀ।

ਅਗਿਆਤ ਵਾਸ ਹੋ ਰਹੇ, ਬਕਾਲੇ ਚੌਦ੍ਹਾਂ ਸਾਲ ਸੀ,
ਸੋਲਾਂ ਸੌ ਚੌਂਹਠ ਵਿਚ ਬੈਠੇ, ਗੁਰਗੱਦੀ ਸੰਭਾਲ਼ ਸੀ।
ਗੱਦੀ ਕਿੰਝ ਮਿਲੀ ਇੱਕ, ਵੱਖਰੀ ਕਹਾਣੀ ਮਾਣੋ ਜੀ,
ਅੱਠਵੇਂ ਗੁਰਾਂ ਨੇ ਆਖਿਆ, 'ਬਾਬਾ' ਬਕਾਲੇ ਜਾਣੋ ਜੀ।

ਕੋਈ ਨਹੀਂ ਜਾਣਦਾ ਸੀ ਕਿ, ਕੌਣ ਤੇਗ ਬਹਾਦਰ ਜੀ,
ਚਾਂਦਨੀ ਚੌਕ ਦੇਊ ਕੁਰਬਾਨੀ, ਬਣੂ ਹਿੰਦ ਚਾਦਰ ਜੀ?
ਮੱਖਣ ਸ਼ਾਹ ਲੁਬਾਣੇ ਵਪਾਰੀ, ਆਣ ਕੇ ਸੀ ਲੱਭਿਆ,
ਲਾ ਕੇ ਗੁਰੂ ਲਾਧੋ ਦਾ ਨਾਅਰਾ, ਜੱਗ ਨੂੰ ਸੀ ਦੱਸਿਆ।

ਚੱਲ ਪਏ ਧਰਮ ਪ੍ਰਚਾਰ ਹੇਤ, ਪਟਨਾ ਸਾਹਿਬ ਪੁੱਜੇ ਸੀ,
ਛੱਡਕੇ ਪ੍ਰਵਾਰ ਪਿੱਛੇ ਪਟਨੇ, ਧਰਮ ਪ੍ਰਚਾਰ 'ਚ ਰੁੱਝੇ ਸੀ।
ਅਸਾਮੋਂ ਵਾਪਿਸ ਚੱਲ ਪਏ, ਪੰਜਾਬ ਦੀ ਜੁਗਤ ਬਣਾਈ,
ਲੈ ਕੇ ਮੁੱਲ ਜ਼ਮੀਨ ਰਾਜੇ ਤੋਂ, ਆ ਅਨੰਦਪੁਰੀ ਵਸਾਈ।

ਸ਼ਾਂਤ ਚਿੱਤ ਫਿਰ ਰਹਿ ਕੇ, ਮਨੁੱਖਤਾ ਦੀ ਸੇਵਾ 'ਚ ਜੁਟੇ,
ਤੋੜਕੇ ਬੰਧਨ ਜਾਤ ਪਾਤ ਦੇ, ਭਰਮ ਉਚ ਨੀਚ ਦੇ ਟੁੱਟੇ।
ਬਾਣੀ ਪੜ੍ਹਦੇ ਸਵੇਰ ਸ਼ਾਮ, ਨਾਲ਼ੇ ਨਿੱਤ ਦੀਵਾਨ ਸਜਾਉਂਦੇ,
ਭੁੱਲੇ ਭਟਕੇ ਇਨਸਾਨ ਨੂੰ, ਸਮਝਾ ਸਿੱਧੇ ਰਾਸਤੇ ਪਾਉਂਦੇ।

ਕਸ਼ਮੀਰੀ ਪੰਡਿਤਾਂ ਨੂੰ ਮੁਗਲਾਂ, ਸੀ ਰੱਜ ਕੇ ਸਤਾਇਆ,
ਸਵਾ ਮਣ ਜੰਞੂ ਲਾਹੁੰਣ ਦਾ, ਹੁਕਮ ਦਿੱਲੀਓਂ ਆਇਆ।
ਅੱਤਿਆਚਾਰ ਜਦੋਂ ਵੱਧ ਗਿਆ, ਸਾਰੇ ਹਿੰਦੂ ਸੀ ਸਹਿਮੇ,
ਆ ਹਾਜ਼ਰ ਹੋਏ ਗੁਰੂ ਅੱਗੇ, ਕਰ ਅਰਜ਼ੋਈ ਸੀ ਰਹਿਮੇ।

ਜਦੋਂ ਵਿਚਾਰਦੇ ਨੌਂਵੇਂ ਪਾਤਸ਼ਾਹ, ਬਾਲ ਗੋਬਿੰਦ ਜੀ ਆਏ,
ਦੇਖ ਕੇ ਗੰਭੀਰ ਪਿਤਾ ਜੀ ਨੂੰ, ਸਿੱਧੇ ਕਾਰਨ ਸੀ ਪੁਛਾਏ।
'ਕੁਰਬਾਨੀ ਮਹਾਂਪੁਰਸ਼ ਦੀ ਹੈ, ਧਰਮ ਦੀ ਰੱਖਿਆ ਮੰਗੇ',
ਪਿਤਾ ਜੀ ਹੋ ਜਾਉ ਤਿਆਰ, ਦਸ਼ਮੇਸ਼ ਨਾ ਕਹਿਣੋਂ ਸੰਗੇ।

ਝੱਟ ਤਿਆਰ ਹੋਏ ਦਿੱਲੀ ਨੂੰ, ਚਾਂਦਨੀ ਚੌਕ ਜਾ ਡੇਰੇ ਲਾਏ,
ਹਿਦੂ ਧਰਮ ਬਚਾਉਣ ਲਈ, ਗੁਰੂ ਜੀ ਜਾ ਸੀਸ ਕਟਾਏ।
ਇੰਝ ਵੱਡਾ ਸਾਕਾ ਹੋਇਆ, ਗੁਰੂ ਸਿਧਾਰ ਗਏ ਪਰਲੋਕ,
"ਹੈ ਹੈ" ਸਭ ਜੱਗ ਭਇਉ, "ਨੂਰਪੁਰੀ" ਜੈ ਜੈ ਸਰਲੋਕ।

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲUSA

# ਕੁੱਝ ਲੋਕ

ਕੁੱਝ ਇੱਕ ਲੋਕ ਹਨੇਰੇ ਵਰਗੇ।
ਕੁੱਝ ਨੇ ਸੁਰਖ਼ ਸਵੇਰੇ ਵਰਗੇ।
ਮਿਲਦੇ ਨੇ ਕੁੱਝ ਰੋਜ਼ ਦਿਹਾੜੇ,
ਕੁੱਝ ਫੱਕਰਾਂ ਦੇ ਫੇਰੇ ਵਰਗੇ।
ਕੁੱਝ ਨੇ ਚੁਸਤ ਚਲਾਕੀ ਵਾਲੇ,
ਕੁੱਝ ਨੇ ਭੋਲ਼ੇ ਮੇਰੇ ਵਰਗੇ।
ਕੁੱਝ ਦਰਿਆਵਾਂ ਵਾਂਗੂੰ ਵਹਿੰਦੇ,
ਕੁੱਝ ਧਰਤੀ ਦੇ ਘੇਰੇ ਵਰਗੇ।
ਕੁੱਝ ਨੀਂਹਾਂ ਦੀ ਮਿੱਟੀ ਜਿਹੇ ਨੇ,
ਹੁੰਦੇ ਕੁੱਝ ਬਨੇਰੇ ਵਰਗੇ।
ਕੁੱਝ ਪਗਡੰਡੀਆਂ ਵਾਂਗੂੰ ਸੌੜੇ,
ਕੁੱਝ ਨੇ ਚਾਰ-ਚੁਫੇਰੇ ਵਰਗੇ।
ਕੁੱਝ ਇੱਕ ਚਾਨਣ ਵਾਂਗੂੰ ਚਮਕਣ,
ਕੁੱਝ ਮੱਸਿਆ ਦੇ ਨੇਰ੍ਹੇ ਵਰਗੇ।
ਦੁਨੀਆਂ ਘੁੰਮਕੇ 'ਨਾਗਰਾ' ਵੇਖੀ,
ਯਾਰ ਨਾ ਮਿਲਦੇ ਤੇਰੇ ਵਰਗੇ।

-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)
+1-360-448-1989



ਪੰਜਾਬ ਮੇਲUSA

# ਕਰਤਾਰਪੁਰ ਚੱਲੀਏ

ਚੱਲੋ ਸੰਗਤੋ, ਕਰਤਾਰਪੁਰ ਚੱਲੀਏ।
ਬਾਬੇ ਨਾਨਕ ਦਾ ਜੀ, ਦਰ ਜਾ ਕੇ ਮੱਲੀਏ।

ਅਰਦਾਸ ਕਰੀ ਸਭ ਨੇ, ਸੁਣੀ ਉਸ ਰੱਬ ਨੇ
ਬੂਹਾ ਦਿੱਤਾ ਖੋਲ੍ਹ, ਮੂੰਹ ਵੱਟੀ ਸਰਹੱਦ ਨੇ।
ਕਰੋ ਸ਼ੁਕਰਾਨਾ, ਤੁਰੋ ਨਾਨਕ ਦੀ ਗਲੀਏ।
ਚੱਲੋ ਸੰਗਤੋ, ਕਰਤਾਰਪੁਰ ਚੱਲੀਏ।
ਬਾਬੇ ਨਾਨਕ ਦਾ ਜੀ, ਦਰ ਜਾ ਕੇ ਮੱਲੀਏ।

ਰਾਵੀ ਜਿਹਦੇ ਚਰਨਾਂ ਨੂੰ ਛੂਹ-ਛੂਹ ਲੰਘਦੀ
ਰੋਜ਼-ਰੋਜ਼ ਮੱਥਾ ਟੇਕੇ, ਜ਼ਰਾ ਵੀ ਨਹੀਂ ਸੰਗਦੀ।
ਰਾਵੀ ਦਿਆਂ ਪਾਣੀਆਂ ਦੇ ਨਾਲ਼ ਅਸੀਂ ਰਲੀਏ।
ਚੱਲੋ ਸੰਗਤੋ, ਕਰਤਾਰਪੁਰ ਚੱਲੀਏ।
ਬਾਬੇ ਨਾਨਕ ਦਾ ਜੀ, ਦਰ ਜਾ ਕੇ ਮੱਲੀਏ।

ਸਾਡਾ ਨਾਨਕ ਗੁਰੂ, ਜਿਹਨੂੰ ਕਹਿੰਦੇ ਉਹ ਪੀਰ ਨੇ
ਤੋੜੇ ਹੋਏ ਜੋੜ ਦਿੱਤੇ, ਨਾਨਕੀ ਦੇ ਵੀਰ ਨੇ।
ਮਿਲੀਏ ਗਲ਼ੇ, ਸਭ ਵਧੀਏ ਤੇ ਫ਼ਲੀਏ।
ਚੱਲੋ ਸੰਗਤੋ, ਕਰਤਾਰਪੁਰ ਚੱਲੀਏ।
ਬਾਬੇ ਨਾਨਕ ਦਾ ਜੀ, ਦਰ ਜਾ ਕੇ ਮੱਲੀਏ।

ਦੂਰਬੀਨ ਰਾਹੀਂ ਵੇਖਾਂ, ਹੱਥ ਜੋੜ ਮੱਥਾ ਟੇਕਾਂ,
ਨਮਸਕਾਰ ਕਰਾਂ, ਕਰਾਂ ਅਰਜ਼ਾਂ ਅਨੇਕਾਂ।
ਸਮਾਂ ਆ ਗਿਆ, ਕੋਲੋਂ ਵੇਖਣੇ ਦਾ ਬੱਲੀਏ।
ਚੱਲੋ ਸੰਗਤੋ, ਕਰਤਾਰਪੁਰ ਚੱਲੀਏ।
ਬਾਬੇ ਨਾਨਕ ਦਾ ਜੀ, ਦਰ ਜਾ ਕੇ ਮੱਲੀਏ।

ਧੰਨ ਨੇ ਉਹ ਖੇਤ, ਧੰਨ ਰਾਵੀ ਦੀ ਰੇਤ,
ਜਿੱਥੇ ਗੁਰਾਂ ਪੈਰ ਧਰੇ, ਜਾਵਾਂਗਾ ਮੈਂ ਲੇਟ,
ਚੁੰਮ-ਚੁੰਮ ਮਿੱਟੀ ਨੂੰ ਵੀ ਮੱਥੇ ਉੱਤੇ ਮਲੀਏ।
ਚੱਲੋ ਸੰਗਤੋ, ਕਰਤਾਰਪੁਰ ਚੱਲੀਏ।
ਬਾਬੇ ਨਾਨਕ ਦਾ ਜੀ, ਦਰ ਜਾ ਕੇ ਮੱਲੀਏ।

-ਨਿਰਮਲ ਸਿੰਘ ਰੱਤਾ, ਅੰਮ੍ਰਿਤਸਰ।



ਪੰਜਾਬ ਮੇਲUSA

# "ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਹਿਸਾਨ"

ਹਿੰਦ ਵਾਸੀਓ ਭੁੱਲ ਨਾ ਜਾਇਓ ਵਾਰੀਆਂ ਜਾਨਾਂ ਨੂੰ।
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਕੀਤੇ ਅਹਿਸਾਨਾਂ ਨੂੰ।

ਔਰੰਗਜ਼ੇਬ ਜਦ ਸਵਾ ਸਵਾ ਮਣ ਜੰਞੂ ਲਾਹੁੰਦਾ ਸੀ
ਜੋਰ ਜਬਰ ਨਾਲ ਹਿੰਦੂ, ਮੁਸਲਮਾਨ ਬਣਾਉਂਦਾ ਸੀ
ਦੇ ਕੁਰਬਾਨੀ ਗੁਰਾਂ ਬਚਾਇਆ ਲੱਖਾਂ ਜਾਨਾਂ ਨੂੰ।
ਹਿੰਦ ਵਾਸੀਓ.... .... ....।

ਕੱਠੇ ਹੋਕੇ ਆਏ ਜਦ ਕਸ਼ਮੀਰੀ ਪੰਡਤ ਸੀ
ਸਤਿਗੁਰਾਂ ਗਲੇ ਲਗਾਏ ਜਦ ਕਸ਼ਮੀਰੀ ਪੰਡਤ ਸੀ
ਨਹੀਂ ਮੋੜਿਆ ਖਾਲੀ ਦਰ ਆਏ ਇਨਸਾਨਾਂ ਨੂੰ।
ਹਿੰਦ ਵਾਸੀਓ.... .... ....।

ਮਤੀ ਦਾਸ ਨੂੰ ਚੀਰ ਆਰੇ ਨਾਲ ਮਾਰਿਆ ਜ਼ਾਲਮ ਨੇ
ਲਪੇਟ ਕੇ ਰੂੰ ਵਿਚ ਸਤੀ ਦਾਸ ਨੂੰ ਸਾੜਿਆ ਜ਼ਾਲਮ ਨੇ
ਦੇਗ 'ਚ ਉੱਬਲ ਦਿਆਲਾ
ਤਿਆਗ ਗਿਆ ਸੀ ਪ੍ਰਾਣਾਂ ਨੂੰ।
ਹਿੰਦ ਵਾਸੀਓ.... .... ....।

ਚੌਂਕ ਚਾਂਦਨੀ ਦਿੱਲੀ ਦੇ ਵਿੱਚ ਦਿੱਤੀ ਸ਼ਹਾਦਤ ਸੀ
ਸੀਸ ਵਾਰਕੇ ਡੁੱਬਦੀ ਹਿੰਦ ਦੀ ਕਰੀ ਹਿਫ਼ਾਜ਼ਤ ਸੀ
ਦੁਨੀਆਂ ਦੇ ਵਿਚ ਰੱਖਿਆ
ਹਿੰਦ ਦੀਆਂ ਉੱਚੀਆਂ ਸਾਨਾਂ ਨੂੰ।
ਹਿੰਦ ਵਾਸੀਓ.... .... ....।

ਰੰਗਰੇਟਾ ਗੁਰੂ ਕਾ ਬੇਟਾ ਸੀਸ ਗੁਰਾਂ ਦਾ ਲੈ ਚੱਲਿਆ
ਨਹੀਂ ਮੌਤ ਤੋਂ ਡਰਿਆ ਰਾਹ ਅਨੰਦਪੁਰ ਦੇ ਪੈ ਚੱਲਿਆ
"ਗਿੱਲ ਮਲਕੀਤ" ਨੇ ਲਿਖੇ ਗੀਤ
ਧਰ ਗੁਰਾਂ ਦੇ ਧਿਆਨਾ ਨੂੰ।
ਹਿੰਦ ਵਾਸੀਓ ਭੁੱਲ ਨਾ ਜਾਇਓ ਵਾਰੀਆਂ ਜਾਨਾਂ ਨੂੰ।

ਮਲਕੀਤ ਸਿੰਘ ਗਿੱਲ ਭੱਠਲਾਂ
ਸੰਪਰਕ : 94174-90943



ਪੰਜਾਬ ਮੇਲUSA

# ਨਾਰੀ ਕ੍ਰਿਕਟ

ਬਹਾਦਰ ਕੁੜੀਆਂ ਨੂੰ ਚਿੜੀਆਂ ਨਹੀਂ, ਬਾਜ਼ ਕਹੋ,
ਪੱਥਰ ਕਹਿ ਕੇ ਭੰਡੋ ਨਾ, ਸਿਰਤਾਜ ਕਹੋ।

ਮੌਕਾ ਦੇ ਕੇ ਦੇਖੋ ਕਿਵੇਂ, ਕਮਾਲ ਦਿਖਾਉਂਦੀਆਂ ਨੇ,
ਵਿਰੋਧੀਆਂ ਦੇ ਫਿਰ ਦੇਖੋ, ਕਿਵੇਂ ਛੱਕੇ ਛੁਡਾਉਂਦੀਆ ਨੇ।

ਚੌਕੇ ਛਿੱਕੇ ਦੇਖ ਕੇ ਦੁਨੀਆ, ਮੂੰਹ ਉਂਗਲਾਂ ਪਾ ਬੈਠੀ,
ਵਿਰੋਧੀਆਂ ਕੋਲੋਂ ਝੱਲੀ ਗਈ ਨਾ, ਹੁੰਦੀ ਇਹ ਹੇਠੀ।

ਗਰੀਬਾਂ ਦੀ ਪਰਾਤ ਦਾ ਢਿੱਲਾ, ਆਟਾ ਵੀ ਹੁੰਦਾ ਹੈ,
ਕੌਣ ਕਿਸੇ ਦੀ ਬਾਂਹ ਫੜਦਾ, ਜਾਂ ਧਰਵਾਸਾ ਦਿੰਦਾ ਹੈ।

ਆਪੇ ਉਤੇ ਬੀਤਦੀ ਖੁਦ ਹੀ, ਨਿਪਟਾਉਣੀ ਪੈਂਦੀ ਹੈ,
ਹਰ ਦਮ ਸਿਰ 'ਤੇ ਧੜ ਦੀ, ਬਾਜ਼ੀ ਲਾਉਣੀ ਪੈਂਦੀ ਹੈ।

ਹਰ ਲੜਕੀ ਦੀ ਕਹਾਣੀ, ਜ਼ਰਾ ਪੁੱਛ ਕੇ ਤਾਂ ਦੇਖੋ,
ਉਨ੍ਹਾਂ ਦੀਆਂ ਪੈੜਾਂ ਵਿਚ ਪੈਰ, ਰੱਖ ਕੇ ਤਾਂ ਦੇਖੋ।

ਸੰਘਰਸ਼ ਤੋਂ ਸਫਲਤਾ ਦਾ ਰਸਤਾ, ਛੋਟਾ ਨਹੀਂ ਹੁੰਦਾ,
ਆਪਾ ਵਾਰ ਕੇ ਮੰਜ਼ਿਲ ਤੇ ਪਹੁੰਚੇ, ਕੋਈ ਕੋਈ ਬੰਦਾ।

ਟੀਸੀ ਉੱਤੇ ਪਹੁੰਚਣ ਦਾ ਆਨੰਦ, ਅਨੋਖਾ ਹੁੰਦਾ ਹੈ,
ਟੀਸੀ ਉੱਤੇ ਟਿਕਣਾ ਵੀ ਬੜਾ, ਔਖਾ ਹੁੰਦਾ ਹੈ।

ਸਿਰੜ ਦੀ ਸਾਰੀ ਕੀਮਤ, ਬੜੀ ਹੀ ਮਹਿੰਗੀ ਪੈਂਦੀ ਹੈ,
ਲੜਕੀ ਨੂੰ ਕਿਹੜੀ ਕਿਹੜੀ, ਗੱਲ ਸਹਿਣੀ ਪੈਂਦੀ ਹੈ।

ਆਓ ਇਨ੍ਹਾਂ ਬਹਾਦਰ ਕੁੜੀਆਂ ਨੂੰ, ਅਸੀਂ ਜਤਲਾ ਦੇਈਏ,
ਸਾਡੇ 'ਤੇ ਕੀਤੇ ਅਹਿਸਾਨਾਂ ਦਾ, ਕਰਜ਼ਾ ਲਾਹ ਦੇਈਏ।

ਗਰੀਬੀ ਵਿਚੋਂ ਨਿਕਲ, ਇਨ੍ਹਾਂ ਨੂੰ ਜੀਣਾ ਆ ਜਾਵੇ,
ਬੁੱਚੜ ਕੋਈ ਕਿਤੇ ਇਨ੍ਹਾਂ ਨੂੰ, ਐਵੇਂ ਨਾ ਖਾ ਜਾਵੇ।

-ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ, ਯੂ.ਕੇ.
+447748772308



ਪੰਜਾਬ ਮੇਲUSA


RE/MAX
RE/MAX
Outstanding Agents
Outstanding Results
DRE Lic. # 01215931 (Broker)
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com